ੴ ਸਤਿਗੁਰ ਪ੍ਰਸਾਦਿ

## ਸਾਖੀ ਭਾਈ ਗੁਰਦਾਸ ਜੀ ਕੀ
## ਵਾਰ ਯਾਰ੍ਹਵੀਂ ਦਾ ਟੀਕਾ

-ਅਰਥਾਤ-

# ਸਿਖਾਂ ਦੀ ਭਗਤ ਮਾਲਾ


-ਲੇਖਕ-

ਸ਼ਹੀਦ ਭਾਈ ਮਨੀ ਸਿੰਘ ਜੀ

-ਸੰਪਾਦਿਤ-

ਭਾਈ ਸਾਹਿਬ ਭਾਈ ਵੀਰ ਸਿੰਘ



**ਭਾਈ ਵੀਰ ਸਿੰਘ ਸਾਹਿਤ ਸਦਨ**

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

## ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ, | ਅਗਸਤ | 1912 |
| ਦੂਸਰੀ | ਵਾਰ, | ਜੂਨ | 1950 |
| ਤੀਸਰੀ | ਵਾਰ, | ਫਰਵਰੀ | 1955 |
| ਚਊਥੀ | ਵਾਰ, | ਅਕਤੂਬਰ | 1966 |
| 5 ਵੀਂ | ਵਾਰ, | ਜੁਲਾਈ | 1979 |
| 6 ਵੀਂ | ਵਾਰ, | ਸਤੰਬਰ | 1986 |
| 7 ਵੀਂ | ਵਾਰ, | ਫਰਵਰੀ | 1992 |
| 8 ਵੀਂ | ਵਾਰ, | ਅਕਤੂਬਰ | 1996 |
| 9 ਵੀਂ | ਵਾਰ, | ਫਰਵਰੀ | 2004 |
| 10 ਵੀਂ | ਵਾਰ, | ਅਪ੍ਰੈਲ | 2007 |
| 11 ਵੀਂ | ਵਾਰ, | ਮਾਰਚ | 2011 |

**Sikhan Di Bhagat Mala**
Shaheed Bhai Mani Singh
Edited by Bhai Vir Singh

ISBN # 978-93-80-854-29-8
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਨਵੀਂ ਐਡੀਸ਼ਨ, ਮਾਰਚ 2011

***ਪ੍ਰਕਾਸ਼ਕ :***
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

***ਪ੍ਰਿੰਟਰ :***
Jaipaul & Brothers
8986/14-B, Shidi Pura
Karol Bagh, New Delhi - 110005
(O) 011-23524061

ਮੁੱਲ : 60/- ਰੁਪਏ

 www.sikhbookclub.com

# ਸੰਖੇਪ ਸੂਚੀ

1. ਗੁਰਸਿਖੀ ਲੱਛਣ .................................................... 1
2. ਪਹਿਲੀ ਪਾਤਸ਼ਾਹੀ ਦੇ ਸਿਖ .................................... 23
3. ਦੂਜੀ ਪਾਤਸ਼ਾਹੀ ਦੇ ਸਿਖ ........................................ 45
4. ਜੀਤੀ ਪਾਤਸ਼ਾਹੀ ਦੇ ਸਿਖ ........................................ 54
5. ਚੌਥੀ ਪਾਤਸ਼ਾਹੀ ਦੇ ਸਿਖ ........................................ 57
6. ਪੰਜਵੀਂ ਪਾਤਸ਼ਾਹੀ ਦੇ ਸਿਖ ...................................... 61
7. ਛੇਵੀਂ ਪਾਤਸ਼ਾਹੀ ਦੇ ਸਿਖ ...................................... 125
8. ਸਿਖ ਨਾਮਾਵਲੀ, ਅੱਖਰ ਕ੍ਰਮ ਅਨੁਸਾਰ ......................... 148

# ਪਹਿਲੀ ਵਾਰ ਦੀ ਭੂਮਿਕਾ

**ਭਾਈ** ਗੁਰਦਾਸ ਜੀ ਨੇ ਯਾਰ੍ਹਵੀ ਵਾਰ ਵਿਚ ੧੨ ਪੌੜੀਆਂ ਦੇ ਮਗਰੋਂ, ਆਪਣੇ ਤੋਂ ਪਹਿਲੇ ਤੇ ਆਪਣੇ ਸਮੇਂ ਦੇ ਸਿਖਾਂ ਦੇ ਚੋਣਵੇਂ ਨਾਮ ਦਿੱਤੇ ਹਨ। ਇਹ ਸਿਖਾਂ ਦੇ ਸਾਰੇ ਨਾਮ ਨਹੀਂ ਹਨ, ਤੇ ਨਾ ਹੀ ਸਾਰੇ ਪੂਰਨ ਸਿਖਾਂ ਦੇ, ਪਰੰਤੂ ਐਸੇ ਸਿਖਾਂ ਦੇ ਨਾਮ ਹਨ, ਜਿਨ੍ਹਾਂ ਦੇ ਵਿਚ ਕੋਈ ਖਾਸ ਗੁਣ ਭਾਈ ਜੀ ਨੇ ਖਿਆਲ ਕੀਤੇ ਯਾ ਜਿਨ੍ਹਾਂ ਦੇ ਨਾਮ ਆਮ ਪ੍ਰਚਲਿਤ ਸਨ। ਇਤਿਹਾਸਕ ਸਬੂਤ ਤਾਂ ਨਹੀਂ ਮਿਲਦਾ, ਪਰ ਕਿਆਸ ਏਸ ਪਾਸੇ ਜਾਂਦਾ ਹੈ ਕਿ ਸ਼ਾਇਦ ਇਨ੍ਹਾਂ ਲੋਕਾਂ ਨੂੰ ਸਤਿਗੁਰ ਵਲੋਂ ਪ੍ਰਚਾਰ ਦਾ ਕੰਮ ਸਪੁਰਦ ਹੋਇਆ ਹੋਵੇ। ਹਰ ਹਾਲ ਵਿਚ ਇਹ ਇਸ ਵੇਲੇ ਇਕ ਅਮੋਲਕ ਖਜ਼ਾਨਾ ਹੈ, ਜੋ ਕੇਵਲ ਭਾਈ ਜੀ ਦੀ ਕ੍ਰਿਪਾ ਨਾਲ ਹੱਥ ਲੱਗਾ ਹੈ।

ਭਾਈ ਜੀ ਨੇ ਕੇਵਲ ਸਿਖਾਂ ਦੇ ਨਾਮ ਦਿਤੇ ਹਨ, ਹਰੇਕ ਦੇ ਜੀਵਨ, ਯਾ ਕਿਸੇ ਪ੍ਰਸੰਗ ਯਾ ਸਿੱਖੀ ਵਿਚ ਰਲਣ ਦੀ ਵਾਰਤਾ ਯਾ ਪੂਰਨ ਹੋਣ ਪਰ ਕਿਸੇ ਪਰਚੇ ਦੀ ਕਥਾ ਆਦਿ ਦਾ ਕੁਛ ਨਹੀਂ ਸੀ ਪਤਾ ਚਲ ਸਕਦਾ, ਜੇ ਕਦੇ ਦੂਜੇ ਭਾਈ ਗੁਰਦਾਸ ਅਥਵਾ ਸ੍ਰੀ ਸ਼ਹੀਦ ਭਾਈ ਮਨੀ ਸਿੰਘ ਜੀ ਗਜਾਨੀ ਇਹ ਉੱਦਮ ਨਾ ਕਰ ਜਾਂਦੇ। ਗਜਾਨੀ ਸਿੰਘ ਜੀ ਨੇ ਸਾਰੇ ਸਿਖਾਂ ਦੇ ਥੋੜੇ ਥੋੜੇ ਪ੍ਰਸੰਗ, ਜੋ ਉਨ੍ਹਾਂ ਦੇ ਵਕਤ ਤਕ ਸਿੱਖੀ ਵਿਚ ਪ੍ਰਚਲਿਤ ਸਨ, ਲਿਖੇ ਅਤੇ ਪੋਥੀ ਦੀਆਂ ਆਰੰਭਕ ਸਤਰਾਂ ਤੋਂ ਪਤਾ ਲਗਦਾ ਹੈ ਕਿ ਭਾਈ ਜੀ ਨੇ ਇਹ ਸਮਾਚਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸੁਣੇ ਤੇ ਲਿਖੇ ਹਨ।

ਇਹ ਪੋਥੀ ਸਾਡੇ ਆਪਣੇ ਸੰਚੇ ਵਿਚ ਮੌਜੂਦ ਸੀ, ਜਿਸ ਦੀ ਲਿਖਾਰੀ ਨੇ ਆਪਣੇ ਉਤਾਰੇ ਕਰਨੇ ਦੀ ਤ੍ਰੀਕ ਸੰਮਤ ੧੮੯੨ ਬਿ: ਲਿਖੀ ਹੈ; ਅਰਥਾਤ ਇਹ ਉਤਾਰਾ ਜੋ ਸਾਡੇ ਪਾਸ ਹੈ ੭੭ ਵਰਹੇ ਦਾ ਪੁਰਾਣਾ ਲਿਖਿਆ ਹੋਇਆ ਹੈ। ਜਿਸ ਪੋਥੀ ਤੋਂ ਇਹ ਉਤਾਰਾ ਕੀਤਾ ਗਿਆ ਸੀ, ਪਤਾ ਨਹੀਂ ਉਹ ਕਿਤਨਾ ਉਸਤੋਂ ਪਹਿਲਾਂ ਦਾ ਸੀ। ਘਟ ਤੋਂ ਘਟ ਸਾਡੇ ਪਾਸ ਕੋਈ ਸੰਚਾ ੭੭ ਵਰਹੇ ਤੋਂ ਪੁਰਾਣਾ ਨਹੀਂ ਹੈ ਅਰ ਨਾ ਸਾਡੇ ਦੇਖਣੇ ਵਿਚ ਆਯਾ ਹੈ*, ਪਰ ਪੋਥੀ ਦੀ

---

* ਇਸ ਤੋਂ ਮਗਰੋਂ ਅਸਾਂ 1870 ਬਿ. ਦਾ ਲਿਖਿਆ ਨੁਸਖਾ ਬੀ ਡਿੱਠਾ ਹੈ।

ਬੋਲੀ ਇਹ ਦੱਸਦੀ ਹੈ ਕਿ ਇਸਦੀ ਰਚਨਾ ੧੫੦ ਬਰਸ ਤੋਂ ਜ਼ਰੂਰ ਪੁਰਾਣੀ ਹੈ, ਅਰ ਜੇ ਵਧੀਕ ਖੋਜ ਕੀਤੀ ਜਾਵੇ ਤਦ ਏਸ ਦੇ ਕਲਮੀ ਨੁਸਖੇ ਭਾਈ ਮਨੀ ਸਿੰਘ ਜੀ ਦੇ ਸਮੇਂ ਦੇ ਯਾ ਨੇੜੇ ਤੇੜੇ ਦੇ ਸਮੇਂ ਦੇ ਜ਼ਰੂਰ ਲਭ ਜਾਣ। ਗੱਲ ਕੀ ਆਪਣੇ ਲੇਖ ਤੇ ਬੋਲੀ ਤੋਂ ਪੋਥੀ ਨਵੀਨ ਯਾ ਅੱਜ ਕੱਲ ਦੀ ਨਹੀਂ ਜਾਪਦੀ, ਪੁਰਾਤਣ ਲਗਦੀ ਹੈ। ਭਾਈ ਜੀ ਨੇ ਸੱਚ ਮੁਚ ਲਿਖੀ ਹੈ ਯਾ ਕਿਸੇ ਨੇ ਲਿਖ ਕੇ ਉਨ੍ਹਾਂ ਦਾ ਨਾਮ ਦੇ ਦਿਤਾ ਹੈ, ਇਹ ਗੱਲ ਇਤਿਹਾਸ ਖੋਜੀਆਂ ਲਈ ਢੂੰਡ ਦੀ ਮੁਥਾਜ ਹੈ, ਅਸੀਂ ਇਸ ਵੇਲੇ ਘਟ ਤੋਂ ਘਟ ਇਹ ਸ਼ੱਕ ਨਹੀਂ ਕਰਦੇ ਕਿ ਇਸ ਦੇ ਕਰਤਾ ਜੀ ਕੋਈ ਹੋਰ ਹਨ। ਹਾਂ, ਉਤਾਰਿਆਂ ਵਿਚ ਲਿਖਾਰੀਆਂ ਨੇ ਭੁੱਲਾਂ ਨਾਲ ਯਾ ਸਾਧੂਆਂ ਨੇ ਆਪਣੇ ਖਿਆਲਾਂ ਨੂੰ ਪਾਉਣ ਦੇ ਸੰਕਲਪ ਨਾਲ ਜਾਣਕੇ ਕੋਈ ਉਕਾਈ ਯਾ ਭੁੱਲ ਕੀਤੀ ਹੋਵੇ ਤਾਂ ਉਹ ਸੁਧਾਈ ਯੋਗ ਹੈ, ਅਰ ਬਹੁਤ ਥਾਈਂ ਏਹ ਸ਼ੱਕ ਕਰੜਾ ਪੈ ਜਾਂਦਾ ਹੈ, ਜਿਥੇ ਝੁਕਾਉ ਗੁਰਮਤਿ ਵੱਲ ਘਟਦਾ ਹੈ ਤੇ ਨਿਰੇ ਖੁਸ਼ਕ ਗਿਆਨ ਵਲ ਵੱਧ ਪੈਂਦਾ ਦਿਸਦਾ ਹੈ। ਅਰ ਕਈ ਥਾਈਂ ਸਾਫ ਆਖਜੇਪਕ ਹਨ।

ਪਾਠਕ ਜੀ! ਇਹ ਹੈ ਇਸ ਪੋਥੀ ਦੀ ਅਪਣੀ ਵਿੱਥਿਆ। ਇਸ ਦਾ ਕਲਮੀ ਨੁਸਖਾ ੭੭ ਵਰਹੇ ਦਾ ਪੁਰਾਣਾ ਸਾਡੇ ਪਾਸ ਹੈ, ਅਰ ਉਸਦੀ ਇਹ ਹੂਬਹੂ ਨਕਲ ਹੈ, ਕੇਵਲ ਵਿਸਰਾਮ ਅਰਥਾਤ (,-।-।-) ਆਦਿ ਨਿਸ਼ਾਨ ਪਾਠਕਾਂ ਦੇ ਸੌਖ ਲਈ ਅਸਾਂ ਲਾਏ ਹਨ ਤੇ ਪਦਛੇਦ ਕੀਤਾ ਹੈ, ਯਾ ਕਿਤੇ ਕਿਤੇ ਆਖਜੇਪਕਾਂ ਦੀ ਸੋਧ ਕੀਤੀ ਹੈ।

ਇਸਦਾ ਨਾਮ 'ਸਿਖਾਂ ਦੀ ਭਗਤ ਮਾਲਾ' ਅਸਾਂ ਨਹੀਂ ਧਰਿਆ, ਇਸੇ ਪੋਥੀ ਦੇ ਮੁੱਢ ਵਿਚ ਇਉਂ ਲਿਖਿਆ ਹੈ:-

"ਸਾਖੀ ਭਾਈ ਗੁਰਦਾਸ ਜੀ ਕੀ ਵਾਰ ਯਾਰ੍ਹਵੀਂ ਦਾ ਟੀਕਾ-ਸਿਖਾਂ ਦੀ ਭਗਤ ਮਾਲਾ"। ਸੋ ਅਸਾਂ ਨੇ ਇਹੋ ਨਾਮ ਰਖਿਆ ਹੈ।

ਵਡਿਆਂ ਤੋਂ ਅਸਾਂ ਸੁਣਿਆ ਹੋਇਆ ਸੀ ਕਿ ਯਾਰ੍ਹਵੀਂ ਵਾਰ ਦੇ ਵਿਚ ਆਏ ਸਿਖਾਂ ਦੇ ਪ੍ਰਸੰਗ ਭਾਈ ਮਨੀ ਸਿੰਘ ਜੀ ਨੇ ਲਿਖੇ ਹਨ ਅਰ ਉਸ ਦਾ ਨਾਮ "ਭਗਤ ਰਤਨਾਵਲੀ" ਹੈ, ਪਰ ਏਸ ਪੋਥੀ ਵਿਚ ਇਹ ਨਾਉਂ ਨਹੀਂ ਮਿਲਿਆ, ਇਸ ਕਰਕੇ ਅਸਾਂ ਸੁਣਿਆ ਯਾ ਆਪਣਾ ਕੋਈ ਚੁਣਵਾਂ ਨਾਮ ਰੱਖਣ ਨਾਲੋਂ ਪੋਥੀ ਦੇ ਵਿਚ ਲਿਖਿਆ ਨਾਉਂ ਹੀ ਇਸ ਨੂੰ ਦੇਣਾ ਪਸੰਦ ਕੀਤਾ ਹੈ।

ਇਸਦੀ ਸੁਧਾਈ ਤੇ ਆਖਜੇਪਕਾਂ ਦੇ ਹੋਰ ਨਿਰੂਪਣ ਕਰਨੇ ਪਰ ਯਾ ਇਤਿਹਾਸਕ ਵਿਸ਼ੇ ਪਰ ਕੋਈ ਗੁਣੀ ਜਨ ਕੋਈ ਵਧੀਕ ਚਾਨਣਾ ਪਾ ਸਕਣ, ਤਾਂ ਕਿਰਪਾ ਕਰਕੇ ਖ਼ਬਰ ਦੇਣ, ਉਨ੍ਹਾਂ ਦੀ ਕ੍ਰਿਪਾਲਤਾ ਧੰਨਵਾਦ ਸਹਿਤ ਸ੍ਵੀਕਾਰ ਕੀਤੀ ਜਾਵੇਗੀ। ਵਧੀਕ ਪੁਰਾਤਨ ਨੁਸਖਾ ਕਿਸੇ ਸੱਜਣ ਜੀ ਪਾਸ ਹੋਵੇ ਤਾਂ ਸਾਡੇ ਨਾਲ ਖ਼ਤੋ ਕਿਤਾਬਤ ਕਰਨ।

ਅੰਮ੍ਰਿਤਸਰ (ਐਡਿਟਿਡ ਸਰੂਪ) **ਸੰਪਾਦਕ**
1 ਅਗਸਤ, 1912 ਈ: -ਭਾਈ ਵੀਰ ਸਿੰਘ
(1969 ਬਿ. ਯਾਨੀ 1892+77)

# ਦੂਜੀ ਵਾਰ ਦੀ ਭੂਮਿਕਾ

**ਭਾਈ** ਮਨੀ ਸਿੰਘ ਜੀ ਦੇ ਨਾਮ ਨਾਲ ਦੋ ਪੁਸਤਕਾਂ ਸੰਬੰਧਤ ਗਿਣੀਆਂ ਜਾਂਦੀਆਂ ਹਨ : ਇਕ ਜਨਮ ਸਾਖੀ ਆਦਿ ਪਾਤਸ਼ਾਹੀ ਜੀ ਦੀ, ਜਿਸ ਦਾ ਨਾਮ 'ਗਿਆਨ ਰਤਨਾਵਲੀ' ਕਿਹਾ ਜਾਂਦਾ ਹੈ ਤੇ ਜੋ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਦੇ ਰੂਪ ਵਿਚ ਲਿਖਤ ਹੈ; ਦੂਸਰੀ ਇਹ ਪੋਥੀ, ਭਾਈ ਗੁਰਦਾਸ ਜੀ ਦੀ ਯਾਰ੍ਹਵੀਂ ਵਾਰ ਦਾ ਟੀਕਾ, ਜਿਸ ਦਾ ਨਾਮ 'ਸਿਖਾਂ ਦੀ ਭਗਤ ਮਾਲਾ' ਬੀ ਹੈ ਤੇ 'ਭਗਤ ਰਤਨਾਵਲੀ' ਬੀ ਕਿਹਾ ਜਾਂਦਾ ਹੈ। ਇਹ ਪੋਥੀ ੧੯੧੨ ਵਿਚ ਪਹਿਲੇ ਪਹਿਲ ਇਕ ਲਿਖਤੀ ਪੋਥੀ ਤੋਂ ਛਾਪੀ ਗਈ ਸੀ। ਇਸ ਤੋਂ ਬਾਦ ਕੁਝ ਹੋਰ ਲਿਖਤੀ ਨੁਸਖੇ ਬੀ ਦੇਖਣ ਵਿਚ ਆਏ ਹਨ, ਜਿਨ੍ਹਾਂ ਵਿਚੋਂ ਕੁਝ ਵਿਚ ਯਾਰ੍ਹਵੀਂ ਵਾਰ ਦੀ ਟੀਕਾ ਦੀ ਸਮਾਪਤੀ ਤੋਂ ਬਾਦ ੧੨ ਸਾਖੀਆਂ ਹੋਰ ਬੀ ਦੇਖੀਆਂ ਗਈਆਂ ਹਨ, ਜੋ ਕਿਸੇ ਨੇ ਮਗਰਲੇ ਗੁਰੂ ਸਾਹਿਬਾਂ ਦੀਆਂ ਲਿਖ ਕੇ ਵਧਾ ਦਿਤੀਆਂ ਹਨ ਤੇ ਨਾਮ ਉਨ੍ਹਾਂ ਪਰ ਬੀ ਭਾਈ ਮਨੀ ਸਿੰਘ ਜੀ ਦੀ ਰਚਨਾ ਹੋਣ ਦਾ ਲਿਖ ਦਿਤਾ ਹੈ। ਉਨ੍ਹਾਂ ਦਾ ਸੰਬੰਧ ਯਾਰ੍ਹਵੀਂ ਵਾਰ ਦੇ ਨਾਲ ਨਾ ਹੋਣ ਕਰਕੇ ਤੇ ਭਾਈ ਮਨੀ ਸਿੰਘ ਜੀ ਦੀ ਸੂਚਨਾ ਸਾਖੀ ੧੨੧ਵੀਂ ਦੇ ਅੰਤ 'ਟੀਕਾ ਵਾਰ ਯਾਰ੍ਹਵੀਂ ਦੀ ਪੂਰੀ ਹੋਈ' ਲਿਖੀ ਹੋਈ ਹੋਣ ਕਰਕੇ ਆਖਜੇਪਕ ਸਹੀ ਕੀਤੀਆਂ ਗਈਆਂ ਹਨ ਤੇ ਇਸੇ ਲਈ ਇਸ ਸੰਚੀ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ।

ਜੂਨ ੧੯੫੦ ਸੰਪਾਦਕ

ਅੱਗੋਂ ਇਸੇ ਛਾਪ ਦੇ ਉਤਾਰੇ ਛਾਪੇ ਜਾਣਗੇ।

ਸ਼ਹੀਦ ਭਾਈ ਮਨੀ ਸਿੰਘ ਜੀ ਦੀ ਆਪਣੀ ਲਿਖੀ ਭੂਮਿਕਾ
ਸਾਖੀ ਭਾਈ ਗੁਰਦਾਸ ਜੀ ਕੀ

## ਵਾਰ ਯਾਰ੍ਹਵੀਂ ਦਾ ਟੀਕਾ

**ਏਕ** ਸਮੇਂ ਭਾਈ ਮਨੀ ਸਿੰਘ ਥੀਂ ਸਿਖਾਂ ਅਰਦਾਸ ਕੀਤੀ ਜੁ ਭਾਈ ਗੁਰਦਾਸ ਜੀ ਨੇ ਜੋ ਸਿੱਖਾਂ ਦੇ ਪਰਿਥਾਇ ਵਾਰ ਕੀਤੀ ਹੈ ਤੇ ਸਭ ਦੇਸਾਂ ਦੇ ਸਿਖਾਂ ਦੇ ਨਾਮ ਲਿਖੇ ਹੈਨ, ਓਨਾਂ ਦੀਆਂ ਰਹਿਤਾਂ ਤੇ ਕਰਤੂਤਾਂ ਅਸਾਂ ਨੂੰ ਮਲੂਮ ਕਰਾਵੋ, ਜੋ ਅਸੀਂ ਭੀ ਜਾਣੀਏਂ ਜੋ ਸਿੱਖਾਂ ਦੀਆਂ ਐਸੀਆਂ ਵਰਤਣਾਂ ਹੁੰਦੀਆਂ ਹੈਨ; ਅਸਾਨੂੰ ਭੀ ਰੀਸ ਆਵੇ। ਭਾਈ ਮਨੀ ਸਿੰਘ ਜੀ ਹੋਰਾਂ ਵਚਨੁ ਕੀਤਾ: ਜੁ ਤੁਸਾਂ ਭਲਾ ਪਰਉਪਕਾਰ ਦਾ ਵਚਨੁ ਕੀਤਾ ਹੈ, ਅਸਾਂ ਭੀ ਇਕ ਸਮੇਂ ਸਾਹਿਬ ਕਰਨ ਕਾਰਨ, ਗਰੀਬ ਨਿਵਾਜ, ਪਾਤਸ਼ਾਹੀ ੧੦, ਦਸਵੇਂ ਪਾਤਿਸ਼ਾਹਿ ਥੀਂ ਅਰਦਾਸ ਕਰ ਕੇ ਪੁਛਿਆ ਸੀ। ਜੋ ਕੁਛ ਸਾਹਿਬਾਂ ਕ੍ਰਿਪਾ ਕਰਕੇ ਵਚਨੁ ਕੀਤਾ ਸੀ ਸੋ ਅਸੀਂ ਤੁਸਾਂਨੂੰ ਕਹਿੰਦੇ ਹਾਂ, ਤੁਸਾਂ ਰਿਦਾ ਦੇ ਕੇ ਸੁਣਨਾ ਤੇ ਐਸੇ ਹੀ ਵਰਤਣ ਰਖਣੀ, ਤੁਸਾਨੂੰ ਸਿੱਖੀ ਪ੍ਰਾਪਤ ਹੋਵੇਗੀ। ਸਾਹਿਬ ਬਚਨੁ ਕੀਤਾ ਹੈ: ਜੇਹਾ ਭਾਈ ਦੀ ਸਾਰੀ ਬਾਣੀ ਸੁਣੀ ਦਾ ਫਲੁ ਹੋਵੇਗਾ ਤੇਹਾ ਇਸ ਗੋਸਟ ਸੁਨਣ ਵਾਲੇ ਨੂੰ ਫਲੁ ਹੋਵੇਗਾ। ਜਿਵੇਂ ਸਾਹਿਬਾਂ ਦੀ ਖਾਸ ਰਸਨਾ ਥੀਂ ਮੈਂ ਸੁਣਿਆ ਹੈ ਤਿਵੇਂ ਮੈਂ ਤੁਸਾਂ ਨੂੰ ਬਖਿਆਨ ਕਰਦਾ ਹਾਂ॥੧॥

ੴ ਸਤਿਗੁਰ ਪ੍ਰਸਾਦਿ॥

# ਵਾਰ ੧੧

## ਪਉੜੀ ਪਹਿਲੀ॥੧॥

### ਸਤਿਗੁਰ ਦਾ ਪਜਾਲਾ

**ਸਤਿਗੁਰੂ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ।**
**ਸਾਧ ਸੰਗਤਿ ਸਚੁਖੰਡਿ ਹੈ ਆਇ ਝਰੋਖੈ ਖੋਲੈ ਬਾਰੀ।**
**ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨਿ ਦਰਬਾਰੀ।**
**ਪਾਤਸਾਹਾਂ ਦੀ ਮਜਲਸੈ ਪਿਰਮ ਪਿਆਲਾ ਪੀਵਣ ਭਾਰੀ।**
**ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ।**
**ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।**
**ਭਗਤ ਵਛਲ ਹੋਇ ਭਗਤ ਭੰਡਾਰੀ॥੧॥**

### -ਤਿਸ ਦਾ ਵੀਚਾਰ-

**ਔਰ** ਜਿਤਨੇ ਬਾਦਸ਼ਾਹ ਹੈਨ ਝੂਠਾ ਧਨੁ ਸੰਚ ਕੇ ਫੇਰ ਛੋਡਿ ਜਾਂਦੇ ਹੈਨ, ਪਰੁ ਸਤਿਗੁਰ ਜੋ ਹੈਨਿ ਸੋ ਸਚੇ ਪਾਤਿਸਾਹਿ ਹੈਨਿ, ਜਿਨ੍ਹਾਂ ਦੇ ਪਾਸ ਨਾਮ ਦਾ ਅਰੁ ਗਿਆਨ ਦਾ ਸਚਾ ਧਨ ਹੈ। ਜੋ ਓਨ੍ਹਾਂ ਦੀ ਸੇਵਾ ਕਰਦੇ ਹੈਨਿ, ਤਿਨ੍ਹਾਂ ਨੂੰ ਸਚਾ ਧਨੁ ਦੇ ਕੇ ਉਨ੍ਹਾਂ ਦਾ ਜਨਮ ਮਰਨ ਕਟ ਦੇਂਦੇ ਹੈਨਿ; ਇਸ ਤੇ ਸਤਿਗੁਰ ਸਚੇ ਪਾਤਿਸਾਹ ਹੈਨ। ਇਨ੍ਹਾਂ ਦਾ ਹੁਕਮ ਸਭਸ ਦੇ ਉਪਰ ਹੈ ਤੇ ਬਾਦਸ਼ਾਹ ਦਾ ਹੁਕਮ ਆਪਣੇ ਦੇਸ ਪਰ ਚਲਤਾ ਹੈ। ਬਾਦਸ਼ਾਹ ਜੋ ਆਪਣਿਆਂ ਸੇਵਕਾਂ ਨੂੰ ਧਨੁ ਦੇਂਦੇ ਹੈਨਿ ਸੋ ਲੇਖੇ ਨਾਲ ਦੇਂਦੇ ਹੈਨਿ ਤੇ ਜਿਸ ਸਮੇਂ ਬਖਸੀਸ ਦਾ ਝਰੋਖਾ ਖੋਲਦੇ ਹੈਨਿ ਤਿਸ ਸਮੇਂ ਜਿਸ ਤੇ ਕਿਰਪਾ ਕਰਦੇ ਹੈਨਿ ਸੋ ਝੂਠਾ ਧਨ ਉਸ ਨੂੰ ਦੇ ਕੇ ਨਿਹਾਲ ਕਰਦੇ ਹੈਨਿ। ਪਰ ਸਤਿਗੁਰਾਂ ਦਾ ਝਰੋਖਾ ਸਾਧ ਸੰਗਤਿ ਹੈ, ਜੇਹੜਾ ਸਾਧ ਸੰਗਤਿ ਵਿਖੇ ਟੁਰ ਆਂਵਦਾ ਹੈ ਉਸਨੂੰ ਸਚਾ ਧਨੁ ਨਾਮ ਕਾ ਅਰੁ ਗਿਆਨ ਕਾ ਦੇ ਕਰਿ ਤਿਸ ਦਾ ਜਨਮ ਮਰਨੁ ਕਟ ਦੇਂਦੇ ਹੈਨਿ। ਦੇਵਤੇ ਜੋ ਅੰਮ੍ਰਿਤੁ ਪੀਂਵਦੇ ਹੈਨਿ ਸੋ ਬ੍ਰਹਮੇ ਦੇ ਦਿਨ ਤਾਈਂ ਪੀਂਵਦੇ ਹੈਨ ਤੇ ਵਿਖੇ ਤੇ

ਵਿਕਾਰ ਈਰਖਾ ਓਨ੍ਹਾਂ ਦੀਆਂ ਨਹੀਂ ਮਿਟਦੀਆਂ ਪਰ ਸਤਿਗੁਰਾਂ ਦਾ ਜੋ ਸਬਦੁ ਹੈ ਸੋ ਸਚਾ ਅੰਮ੍ਰਿਤ ਹੈ ਤੇ ਜੋ ਸਬਦੁ ਸੁਣਦੇ ਹੈਨਿ ਓਹੁ ਆਪ ਨੂੰ ਆਤਮ ਸਰੂਪ ਜਾਣਦੇ ਹੈਨਿ; ਫੇਰ ਕਦੇ ਨਹੀਂ ਮਰਦੇ ਤੇ ਈਰਖਾ ਤੇ ਅਭਿਮਾਨ ਤੇ ਕਾਮ, ਕ੍ਰੋਧ, ਓਨ੍ਹਾਂ ਦਾ ਸਭ ਮਿਟ ਜਾਂਦਾ ਹੈ। ਇਸ ਵਾਸਤੇ ਗੁਰਾਂ ਦਾ ਸਬਦੁ ਸਚਾ ਅੰਮ੍ਰਿਤ ਹੈ। ਬਾਦਸ਼ਾਹ ਦੀ ਮਜਲਸ ਵਿਚ ਜੋ ਮਦ ਦਾ ਪਿਆਲਾ ਓਸ ਨੋ ਪੀਲਾਂਵਦੇ ਹੈਨਿ ਜੇਹੜਾ ਗੱਲ ਦਰਬਾਰ ਦੀ ਬਾਹਿਰ ਨਾ ਕੱਢੇ, ਤੈਸੇ ਗੁਰੂ ਕੇ ਸਿਖਾਂ ਨੂੰ ਸਭ ਤ੍ਰਿਕਾਲੱਗਤਾ ਪ੍ਰਾਪਤ ਹੁੰਦੀ ਹੈ ਤੇ ਆਪਣੀ ਕਲਾ ਜਣਾਂਵਦੇ ਨਹੀਂ। ਪਿਆਲੇ ਦੀ ਮਸਤੀ ਚਹੁੰ ਪਹਿਰਾਂ ਨੂੰ ਦੂਰ ਹੋ ਜਾਂਦੀ ਹੈ ਪਰ ਸ਼ਬਦ ਦੀ ਮਸਤੀ ਉਤਰਦੀ ਨਹੀਂ, ਤੇ ਭਾਇ ਭਗਤੀ ਸਭਸੈ ਨਾਲਿ ਕਰਦੇ ਹੈਨਿ। ਸਤਿਗੁਰਾਂ ਦੇ ਦਰਬਾਰ ਸ਼ਬਦ ਦਾ ਅਖੁਟ ਭੰਡਾਰ ਹੈ॥੧॥

## ਪਉੜੀ ਦੂਜੀ ਚਲੀ॥੨॥

**ਗੁਰਮੁਖ ਸ਼ੁਤਿ ਦਾ ਭੇਦ ਜਰੇ**

**ਇਕਤੁ ਨੁਕਤੈ ਹੋਇ ਜਾਇ ਮਹਰਮੁ ਮੁਜਰਮੁ ਖੈਰ ਖੁਆਰੀ।**
**ਮਸਤਾਨੀ ਵਿਚਿ ਮਸਲਤੀ ਗੈਰ ਮਹਲਿ ਜਾਣਾ ਮਨੁ ਮਾਰੀ।**
**ਗਲ ਨ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ।**
**ਗੁਰਮੁਖਿ ਸੁਖ ਫਲੁ ਪਿਰਮੁ ਰਸੁ ਦੇਹਿ ਬਿਦੇਹ ਵਡੇ ਵੀਚਾਰੀ।**
**ਗੁਰੁ ਮੂਰਤਿ ਗੁਰ ਸਬਦੁ ਸੁਣਿ ਸਾਧਸੰਗਤਿ ਆਸਣੁ ਨਿਰੰਕਾਰੀ।**
**ਆਦਿ ਪੁਰਖੁ ਆਦੇਸੁ ਕਰਿ ਅੰਮ੍ਰਿਤੁ ਵੇਲਾ ਸਬਦੁ ਆਹਾਰੀ।**
**ਅਵਿਗਤਿ ਗਤਿ ਅਗਾਧ ਬੋਧਿ ਅਕਥ ਕਥਾ ਅਸਗਾਹ ਅਪਾਰੀ।**
**ਸਹਨਿ ਅਵਟਣ ਪਰਉਪਕਾਰੀ॥੨॥**

**-ਤਿਸ ਦਾ ਵੀਚਾਰ-**

**ਗੁਰੂ** ਕੇ ਸਿਖ ਜੋ ਗੁਰੂ ਕਾ ਉਲਸ ਖਾਂਦੇ ਹੈਨਿ ਸੋ ਇਕੁ ਉਲਸੁ ਜੂਠਾ ਹੈ, ਦੂਜਾ ਉਲਸ ਜਿ ਸਤਿਗੁਰਾਂ ਦੇ ਮੁਖ ਥੀਂ ਜੋ ਸ਼ਬਦ ਪ੍ਰਗਟ ਹੋਇਆ ਹੈ ਏਹੁ ਉਲਸ ਖਾਵਣ ਵਾਲਾ ਵਾਹਿਗੁਰੂ ਕੇ ਨਾਮੁ ਅਰੁ ਆਤਮ ਗਿਆਨ ਕਾ ਮਹਰਮ ਹੁੰਦਾ ਹੈ। ਪਰ ਗਿਆਨ ਨੂੰ ਪ੍ਰਾਪਤਿ ਹੋਇਕੇ ਜੇ ਹਉਮੈ ਦਾ ਨੁਕਤਾ ਉਸ ਨੂੰ ਲੱਗ ਜਾਂਦਾ ਹੈ ਤਾਂ ਆਪ ਨੂੰ ਗਿਆਨੀ ਜਾਣਕੇ ਗੁਰਮੁਖਾਂ ਦੀਆਂ ਕਰਣੀਆਂ ਨਹੀਂ ਕਰਦਾ ਤੇ ਹੋਰਨਾਂ ਸਿਆਣਪਾਂ ਸਿਖਾਇਕੇ ਉਪਦੇਸ਼ ਕਰਦਾ ਹੈ ਸੋ ਮੁਜਰਮੁ ਹੁੰਦਾ ਹੈ। ਮੁਜਰਮ ਕਹੀਐ ਪਾਪੀ ਹੁੰਦਾ ਹੈ। ਜਿਵੇਂ ਛਿਨਾਰ ਇਸਤ੍ਰੀ ਭਰਤੇ ਨੂੰ ਸਿਰ ਤੇ ਰਖ ਕੇ ਦੁਰਾਚਾਰ ਕਰਦੀ ਹੈ, ਤਿਵੇਂ ਉਹੁ ਗਿਆਨ ਨੂੰ ਸਿਖ ਕੇ ਵਿਖੇ ਭੋਗਦਾ ਹੈ, ਤਾਂ ਸਬਦੁ ਗੁਰੂ ਕਾ ਤਾਂ ਹਉਮੈ ਰੋਗ ਥੀਂ ਸੁਖ ਕਰ ਕੇ ਛਡਾਵਣ ਵਾਲਾ ਹੈਸੀ, ਸਗੋਂ ਉਸ ਨੂੰ ਖੁਆਰੀ ਹੋਂਦੀ ਹੈ। ਜਿਉਂ ਅੰਨ੍ਹਾ ਖੂਹ ਵਿਚ ਪਵੇਗਾ ਤਾਂ ਉਸਨੂੰ ਕੋਈ ਨਹੀਂ ਕੁਛ ਆਖਦਾ, ਪਰ ਜੇ ਸੁਜਾਖਾ ਹੱਥ ਵਿਚ ਦੀਪਕੁ ਲੈ ਕੇ ਖੂਹ ਵਿਚ ਪਉਂਦਾ ਹੈ ਤਾਂ ਉਸ ਨੂੰ ਭੰਡੀ ਹੁੰਦੀ ਹੈ। ਤੈਸੇ ਜੋ ਅਣਪੜ੍ਹਿਆ ਪਾਪੁ ਕਰਦਾ ਹੈ ਉਸ ਨੂੰ ਭੰਡੀ ਨਹੀਂ ਹੁੰਦੀ ਜੇ ਪੜ੍ਹਿਆ ਹੋਇਆ

ਪਾਪ ਕਰਦਾ ਹੈ ਤਾਂ ਉਸ ਨੂੰ ਸਾਰੇ ਜਗਤ ਦੀ ਭੰਡੀ ਹੋਂਦੀ ਹੈ ਤੇ ਵਾਹਿਗੁਰੂ ਦੇ ਦਰਬਾਰ ਭੀ ਮੂਹ ਨਹੀਂ ਦੇ ਸਕਦਾ। ਗੁਰੂ ਕੇ ਸਿਖ ਗੁਰਮੁਖਿ ਗੁਰੂ ਕੇ ਸਬਦਿ ਦਾ ਅੰਮ੍ਰਿਤ ਪਿਆਲਾ ਪੀ ਕੇ ਸਰੀਰ ਦੇ ਰਸਾਂ ਵਲੋਂ ਮਸਤਾਨੇ ਹੋਂਦੇ ਹੈਨਿ। ਤੇ ਹੋਰ ਜਗਿਆਸੀ ਗ਼ੈਰ ਮਹਲ ਦਾ, ਜੋ ਓਨਾਂ ਪਾਸ ਜਾਂਦਾ ਹੈ, ਤਾਂ ਆਪਣੇ ਮਨ ਦੀ ਹਉਮੈ ਤੇ ਸਿਆਣਪ ਮਾਰਕੇ ਜਾਂਦਾ ਹੈ। ਤਾਂ ਓਨਾਂ ਦੇ ਵਚਨਾਂ ਨੂੰ ਰਿਦੇ ਵਿਚ ਧਾਰਦਾ ਹੈ, ਪਰੁ ਜਿਹੜਾ ਓਨਾਂ ਦੇ ਗਿਆਨ ਦਾ ਲਖਾਉ ਹੈ, ਮਨ ਵਿਚ ਧਾਰ ਕੇ ਸਿਖਾਂ ਦੀ ਸੇਵਾ ਟਹਲ ਕਰਾਰਾ ਹੋਇਕੈ ਕਰਾਂਵਦਾ ਹੈ; ਦਿਨ ਦਿਨ ਉਸ ਦੀ ਸੁਧ ਬ੍ਰਿਤ ਵੱਧਦੀ ਜਾਂਦੀ ਹੈ। ਜਿਨ੍ਹਾਂ ਗੁਰਮੁਖਾਂ ਨੂੰ ਪ੍ਰੇਮ ਦਾ ਰਸੁ ਆਇਆ ਹੈ ਸੋ ਦੇਹ ਦੇ ਰਸਾਂ ਵਲੋਂ ਅਨਰਸ ਹੋਏ ਹੈਨਿ। ਓਹ ਵਿਚਾਰਦੇ ਹੈਨ ਜੋ ਤੰਦੂਰ ਦੇ ਵਿਚ ਪਰਸਾਦੀਆਂ ਪਕਾਵਣੀਆਂ ਹੈਨ ਭਾਵੇਂ ਚੰਨਣ ਦੀਆਂ ਲਕੜੀਆਂ ਬਾਲੀਅਨ ਭਾਵੇਂ ਹੋਰ ਕਾਸੇ ਦੀਆਂ ਹੋਵਨ। ਤੈਸੇ ਸੁਾਸਾਂ ਕਰ ਕੇ ਨਾਮ ਜਪਣਾ ਹੈ ਭਾਵੇਂ ਕੜਾਹ ਖਾਜੇਂ ਤੇ ਭਾਵੇਂ ਰੁਖੀ ਪਰਸਾਦੀ ਹੋਵੇ। ਫਰੀਦ ਭੀ ਆਖਿਆ ਹੈ: **'ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥'**(ਪੰਨਾ ੧੩੭੯)। ਤੈਸੇ ਗੁਰੂ ਕੇ ਸਿਖ ਸ਼ਬਦ ਨੂੰ ਗੁਰੂ ਕੀ ਮੂਰਤਿ ਜਾਣਦੇ ਹੈਨਿ ਤੇ ਸਾਧ ਸੰਗਤਿ ਨਿਰੰਕਾਰ ਕਾ ਆਸਣ ਜਾਣਦੇ ਹੈਨਿ। ਇਕ ਪ੍ਰੇਮ ਦਾ ਰਸੁ ਲੈਂਦੇ ਹੈਨਿ, ਹੋਰ ਰਸ ਨਿਰਸ ਕਰ ਜਾਣਦੇ ਹੈਨਿ। ਸਤਿਸੰਗਤਿ ਜਾਇਕੈ ਮੱਥਾ ਟੇਕ ਕੇ, ਵਾਹਿਗੁਰੂ ਨੂੰ ਮੱਥਾ ਟੇਕਿ ਕੇ, ਸਬਦੁ ਨੂੰ ਸੁਣਦੇ ਹੈਨਿ ਤੇ ਪਿਛਲੀ ਰਾਤਿ ਉਠ ਕੇ ਇਸਨਾਨੁ ਕਰਿ ਕੈ ਗੁਰੂ ਕੀ ਬਾਣੀ ਗਾਂਵਦੇ ਹੈਨਿ ਤੇ ਧਰਮ ਦੀ ਕ੍ਰਿਤ ਕਰ ਕੈ ਵੰਡਿ ਖਾਂਦੇ ਹੈਨਿ। ਸਾਹਿਬ ਦਾ ਬੀ ਬਚਨੁ ਹੈ:- **"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ"।** {੫੨੨} ਵਾਹਿਗੁਰੂ ਜੋ ਅਬਿਗਤੁ ਹੈ ਉਸ ਦੀ ਗਤਿ ਸਬਦਿ ਕਰਕੇ ਲਖਦੇ ਹੈਨਿ; ਸਰਬ ਘਟਾ ਵਿਚ ਵਾਹਿਗੁਰੂ ਜਾਣ ਕੇ ਭਾਵ ਭਗਤਿ ਕਰਦੇ ਹਨ। ਆਪਣੇ ਸਰੀਰ ਤੇ ਦੁਖ ਭੀ ਸਹਿੰਦੇ ਹੈਨਿ ਤੇ ਪਰਉਪਕਾਰ ਕਰਦੇ ਹੈਨਿ ਜੈਸੇ ਜਲੁ ਆਪਿ ਆਵਟਣੁ ਸਹਿੰਦਾ ਹੈ ਤੇ ਦੁਧ ਨੂੰ ਖਵਣ ਨਹੀਂ ਦੇਂਦਾ॥੨॥

# ਪਉੜੀ ਤੀਜੀ ਚਲੀ॥੩॥

## ਗੁਰਸਿਖ ਕਉਣ ਸਦਾਵੈ

**ਗੁਰਮੁਖਿ ਜਨਮ ਸਕਾਰਥਾ ਗੁਰਸਿਖ ਮਿਲਿ ਗੁਰਸਰਣੀ ਆਇਆ।
ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ।
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲ ਗੁਰ ਲਾਇਆ।
ਸਤਿਗੁਰੁ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰੁ ਸੁਣਾਇਆ।
ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀ ਪਾਇਆ।
ਕਾਮੁ, ਕ੍ਰੋਧ, ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ।
ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਗੁਰਸਿਖਿ ਲੈ ਗੁਰਸਿਖੁ ਸਦਾਇਆ॥੩॥**

### -ਤਿਸ ਦਾ ਵੀਚਾਰ-

**ਤਿਨ੍ਹਾਂ** ਗੁਰੂ ਕੇ ਸਿਖਾਂ ਦਾ ਮਨੁਖ ਜਨਮੁ ਸਫਲ ਹੈ ਜੋ ਗੁਰੂ ਕੇ ਸਿਖਾਂ ਦੀ ਸੰਗਤਿ ਕਰ ਕੇ ਗੁਰੂ ਕੇ ਦੁਆਰੇ ਸਾਧ ਸੰਗਤਿ ਵਿਚ ਟੁਰ ਜਾਂਦੇ ਹੈਨਿ। ਤੇ ਗੁਰੂ ਕੇ ਸਬਦ ਅਗੇ ਮੱਥਾ ਟੇਕ ਕਰਿ ਗੁਰਮੁਖਾਂ ਸਿੱਖਾਂ ਦਾ ਦਰਸਨੁ ਕਰਦੇ ਹੈਨਿ ਤੇ ਪੱਖੇ ਪਾਣੀ ਦੀ ਟਹਿਲ ਕਰਦੇ ਹੈਨਿ। ਗੁਰੂ ਕੇ ਦਰਬਾਰ ਦੀ ਪ੍ਰਦਖਣਾ ਕਰ ਕੇ ਚਰਨ ਧੂਰਿ ਮਸਤਕਿ ਤੇ ਲਾਂਵਦੇ ਹੈਨਿ ਤੇ ਵਾਹਿਗੁਰੂ ਕਾ ਮੰਤ੍ਰ ਸ਼ਬਦ ਧਜਾਨੁ ਲਾਇਕੇ ਸੁਣਦੇ ਹੈਨਿ। ਤੇ ਸਚੀ ਰਹੁਰਾਸ ਸੁਣਨ ਦਾ ਨੇਮੁ ਕਰਦੇ ਹੈਨ। ਤੇ ਗੁਰਾਂ ਦੇ ਸਿਖਾਂ ਦੀ ਪੈਰੀਂ ਪੈਂਵਦੇ ਕਹਿੰਦੇ ਹਨ; ਧੰਨ ਵਾਹਿਗੁਰੂ ਹੈ ਜੋ ਅਸਾਨੂੰ ਸਬਦ ਦੇ ਲੜ ਲਾਇਕੇ ਉਧਾਰੁ ਕੀਤਾ ਹੈਸੁ। ਓਨਾਂ ਦੀ ਸਚੀ ਪ੍ਰੀਤ ਦੇਖ ਕੇ ਸਾਰਾ ਜਗਤੁ ਉਨ੍ਹਾਂ ਦੀ ਪੈਰੀ ਪਵਦਾ ਹੈ। ਤੇ ਕਾਮ ਨੂੰ ਤਿਆਗਦੇ ਹੈਨਿ ਸੋ ਆਪਣੀ ਧਰਮ ਦੀ ਇਸਤ੍ਰੀ ਬਿਨਾਂ ਹੋਰੁ ਕਿਧਰੇ ਧਿਆਨੁ ਨਹੀਂ ਕਰਦੇ। ਤੇ ਕਿਸੇ ਨਾਲ ਕ੍ਰੋਧ ਨਹੀਂ ਕਰਦੇ। ਕਹਿੰਦੇ ਹੈਨ ਜੋ ਕ੍ਰੋਧੁ ਚੰਡਾਲੁ ਹੈ ਇਸ ਦੇ ਨਾਲ ਛੁਹਿਆ ਨਹੀਂ ਚਾਹੀਦਾ। ਜੇ ਕੋਈ ਹੋਰ ਭੀ ਕਰੋਧ ਕਰਦਾ ਹੈ ਤਾਂ ਸਹਿੰਦੇ ਹੈਨਿ; ਅਗੋਂ ਮਿਠਾ ਬੋਲਦੇ ਹੈਨਿ ਤੇ ਹੰਕਾਰ

ਨਹੀਂ ਕਰਦੇ, ਕਹਿੰਦੇ ਹੈਨਿ ਜੁ ਅਸੀਂ ਸਭਨਾਂ ਥੀਂ ਨੀਚ ਹਾਂ, ਗੁਰੂ ਕੇ ਸਿਖ ਸਭੇ ਅਸਾਂ ਥੀਂ ਵਿਸੇਖ ਹੈਨਿ। ਤੇ ਜਤੁ ਕਰਦੇ ਹੈਨਿ, ਬੀਰਜੁ ਗਿਰਨ ਨਹੀਂ ਦੇਂਦੇ, ਪਰਾਈ ਇਸਤ੍ਰੀ ਨੂੰ ਮਾਤਾ ਤੇ ਭੈਣ ਦੇ ਸਮਾਨ ਜਾਣਦੇ ਹੈਨਿ ਤੇ ਲੜਕੇ ਨੂੰ ਪਰਮੇਸਰ ਸਮਾਨ ਕਿ ਪੁਤ੍ਰ ਸਾਮਾਨ ਜਾਣਦੇ ਹੈਨਿ। ਪਦਾਰਥ ਥੋੜਾ ਆਵੈ ਬਹੁਤਾ ਆਵੈ ਆਪਣੀ ਪਰਾਰਬਧ ਤੇ ਰਾਜ਼ੀ ਰਹਿੰਦੇ ਹੈਨਿ। ਧਰਮ ਦੀ ਕਿਰਤ ਕਰਕੇ ਵੰਡ ਖਾਂਵਦੇ ਹੈਨ ਤੇ ਗਰੀਬਾਂ ਤੇ ਅਗਿਆਨੀਆਂ ਪਰ ਦਇਆ ਕਰਦੇ ਹੈਨਿ। ਆਪਣੇ ਗੁਰਾਂ ਦੇ ਧਰਮ ਤੇ ਦ੍ਰਿੜ੍ਹ ਰਹਿੰਦੇ ਹੈਨਿ ਤੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਬਾਣੀ ਪੜ੍ਹਦੇ ਹੈਨਿ ਤੇ ਪਰਸਾਦੁ ਗੁਰੂ ਕੇ ਨਿਮਿਤ ਦੇ ਕੈ ਖਾਂਵਦੇ ਹੈਨਿ ਤੇ ਬਸਤ੍ਰ ਗੁਰੂ ਕੇ ਨਿਮਿਤ ਦੇ ਕੇ ਪਹਿਰਦੇ ਹੈਨਿ ਤੇ ਗੁਰੂ ਕੇ ਸਬਦ ਨੂੰ ਅਠੇ ਪਹਿਰ ਵੀਚਾਰਦੇ ਹੈਨਿ। ਤੇ ਧਰਮ ਦੀ ਕ੍ਰਿਤ ਕਰ ਕੇ ਦਸਵੰਧ ਗੁਰੂ ਕਾ ਕਢਦੇ ਹੈਨਿ॥੩॥

## ਪਉੜੀ ਚਉਥੀ ਚਲੀ॥੪॥

### ਗੁਰਮੁਖ

**ਸਬਦ ਸੁਰਤਿ ਲਿਵਲੀਣ ਹੋਇ ਸਾਧਸੰਗਤਿ ਸਚਿ ਮੇਲਿ ਮਿਲਾਇਆ।**
**ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ।**
**ਗੁਰ ਉਪਦੇਸੁ ਆਵੇਸੁ ਕਰਿ ਪਰਉਪਕਾਰਿ ਅਚਾਰਿ ਲੁਭਾਇਆ।**
**ਪਿਰਮ ਪਿਆਲਾ ਅਪਿਉ ਪੀ ਸਹਜ ਸਮਾਈ ਅਜਰੁ ਜਰਾਇਆ।**
**ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇ ਕੈ ਭਲਾ ਮਨਾਇਆ।**
**ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ।**
**ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ॥੪॥**

### -ਤਿਸ ਦਾ ਵੀਚਾਰ-

**ਬਹੁਰੋ** ਸਾਧ ਸੰਗਤਿ ਵਿਚ ਬੈਠ ਕੇ ਨੇਤ੍ਰ ਭੀ ਤੇ ਸ੍ਰਵਨ ਭੀ ਸਬਦਿ ਵਲਿ ਰਖਦੇ ਹੈਨਿ ਤੇ ਰਿਦਾ ਸਬਦਿ ਦੀ ਵੀਚਾਰ ਵਲਿ ਰਖ ਕੇ ਲਿਵ ਦੇ ਵਿਚ ਲੀਣੁ ਮਨੁ ਨੂੰ ਕਰਦੇ ਹੈਨ। ਮਨ ਨੂੰ ਸਬਦਿ ਦਾ ਮੇਲੀ ਕਰਦੇ ਹੈਨਿ ਤੇ ਜਿਉਂ ਜਿਉਂ ਵਾਹਿਗੁਰੂ ਕਾ ਹੁਕਮੁ ਹੁੰਦਾ ਹੈ ਤਿਵੈ ਤਿਵੈ ਮਿੱਠਾ ਮੰਨ ਕੇ ਕਮਾਵਦੇ ਹੈਨਿ ਤੇ ਵਿਚੋਂ ਆਪਾ ਘਟਾਂਵਦੇ ਹੈਨਿ। ਆਖਦੇ ਹੈਨਿ ਜੁ ਇਹੁ ਸਭ ਵਡਿਆਈਆਂ ਸਤਿਗੁਰਾਂ ਦੀਆਂ ਹੈਨ, ਅਸੀਂ ਮਹਾ ਨੀਚ ਹਾਂ, ਜੋ ਇਸ ਸਰੀਰ ਛਿਣ ਭਗਰ ਥੀਂ ਪਰਉਪਕਾਰ ਹੋਇ ਆਵੈ ਸੋਈ ਸਾਨੂੰ ਲਾਭ ਹੈ। ਵਾਹਿਗੁਰੂ ਕਾ ਸਬਦੁ ਅੰਮ੍ਰਿਤ ਕਾ ਪਿਆਲਾ ਹੈ, ਸਭ ਜੋਗ ਵੈਰਾਗ ਇਸੇ ਵਿਚ ਹੈਨਿ। ਇਸ ਪਿਆਲੇ ਨੂੰ ਪੀ ਕੇ ਤੇ ਕਾਮ ਕ੍ਰੋਧ ਨੂੰ ਜਰਦੇ ਹੈਨ, ਕਿਸੇ ਨੂੰ ਫਿੱਕਾ ਨਹੀਂ ਬੋਲਦੇ। ਸਭ ਦੇ ਨਾਲ ਮਿਠਾ ਬੋਲਦੇ ਹੈਨਿ ਤੇ ਨਿਵ ਚਲਦੇ ਹੈਨਿ ਤੇ ਧਰਮ ਦੀ ਕ੍ਰਿਤ ਕਰਕੇ ਵੰਡ ਖਾਂਵਦੇ ਹੈਨਿ। ਤੇ ਇੰਦ੍ਰੀਆਂ ਨੂੰ ਸੰਕੋਚ ਕੇ ਤੇ ਵਾਸ਼ਨਾ ਨੂੰ ਰੋਕ ਕੇ ਗੁਰੂ ਕਾ ਸਬਦੁ ਸੁਣ ਕੇ ਪੜਦੇ ਹੈਨਿ। ਕਿਸੇ ਨਾਲਿ ਵੈਰ ਵਿਰੋਧ ਦੁਬਿਧਾ ਨਹੀਂ ਕਰਦੇ। ਸਭਨਾਂ ਨੂੰ ਗੁਰ ਮੂਰਤਿ ਜਾਣਦੇ ਹੈਨਿ ਤੇ ਜਿਨ੍ਹਾਂ ਵਿਚ ਗੁਰਮਤਿ ਦੇਖਦੇ ਹੈਨਿ ਉਨ੍ਹਾਂ ਦੀ ਵਿਸੇਖ ਕਰਕੇ ਸੇਵਾ ਕਰਦੇ ਹੈਨਿ। ਜੋ ਮਨ

ਦੀ ਕਾਮਨਾ ਹੈ ਸੋ ਸ਼ਬਦ ਤੇ ਪਰਤੀਤ ਕਰ ਕੇ ਮੰਗਦੇ ਹੈਨਿ; ਏਹ ਤਾਂ ਗੁਰੂ ਕੀ ਸਿਖੀ ਦੀ ਰਹੁਰਾਸਿ ਹੈ, ਪਰ ਹੋਰ ਭੀ ਜੇਹੜੇ ਗੁਰੂ ਕੇ ਸਿਖਾਂ ਕੇ ਕਰਮ ਹੈਨਿ ਸੋ ਭੀ ਮੈਂ ਤੁਹਾਨੂੰ ਆਖਦਾ ਹਾਂ॥੪॥

## ਪਉੜੀ ਪੰਜਵੀਂ ਚਲੀ॥੫॥

### ਗੁਰਸਿਖੀ

**ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।**
**ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।**
**ਵਾਲਹੁੰ ਨਿਕੀ ਆਖੀਐ ਤੇਲੁ ਤਿਲਹੁੰ ਲੈ ਕੋਲੂ ਪੀੜੀ।**
**ਗੁਰਮੁਖਿ ਵੰਸੀ ਪਰਮਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ।**
**ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ।***
**ਗੁਰਮੁਖਿ ਮਾਰਗਿ ਚਲਣਾ ਆਸ ਨਿਰਾਸੀ ਝੀੜ ਉਝੀੜੀ।**
**ਸਹਜਿ ਸਰੋਵਰਿ ਸਚਖੰਡਿ ਸਾਧ ਸੰਗਤਿ ਸਚ ਤਖਤਿ ਹਰੀੜੀ।**
**ਚੜ੍ਹਿ ਇਕੀਹ ਪਤਿ ਪਉੜੀਆ ਨਿਰੰਕਾਰੁ ਗੁਰ ਸਬਦੁ ਸਹੀੜੀ।**
**ਗੁੰਗੈ ਦੀ ਮਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ।**
**ਗੁਰਮੁਖਿ ਸੁਖ ਫਲ ਸਹਜਿ ਅਲੀੜੀ॥੫॥**

### -ਤਿਸ ਦਾ ਵੀਚਾਰ-

**ਗੁਰੂ** ਕੀ ਸਿਖੀ ਬਹੁਤ ਸੂਖਮ ਹੈ। ਜੈਸੇ ਖੰਡੇ ਕੀ ਧਾਰ ਉਪਰ ਲੰਘਣਾ ਹੈ ਤੈਸੇ ਕਾਮ ਕ੍ਰੋਧ ਦਾ ਤਿਆਗਣਾ ਹੈ। ਬਹੁਤਿਆਂ ਜਨਮਾਂ ਦਾ ਜੋ ਵਿਅਸਨ ਪਇਆ ਹੈ ਸੰਤਾਂ ਦੀ ਕ੍ਰਿਪਾ ਕਰਕੇ ਤਿਆਗੇ ਜਾਂਦੇ ਹੈਨਿ। ਜੇ ਤਾਂ ਆਪਣੇ ਵਿਚ ਅਭਿਮਾਨ ਹੋਵੇ ਤਾਂ ਗੁਰਸਿਖੀ ਦੇ ਮਾਰਗ ਨਹੀਂ ਟੁਰ ਸਕੀਦਾ। ਜਿਵੇਂ ਕੋਲੂ ਵਿਚੋਂ ਤੇਲ ਪੀੜ ਕੱਢੀਦਾ ਹੈ, ਤਿਵੇਂ ਸਰੀਰ ਵਿਚੋਂ ਰਸੁ ਪੀੜ ਕੱਢਦੇ ਹੈਨਿ। ਜੈਸੇ ਹੰਸ ਦੀ ਚੁੰਝ ਖਟੀ ਹੁੰਦੀ ਹੈ ਤੇ ਦੁੱਧ ਦੀਆਂ ਫੁਟੀਆਂ ਖਾਇ ਲੈਂਦਾ ਹੈ ਤੇ ਪਾਣੀ ਛੋਡ ਦੇਂਦਾ ਹੈ, ਤੈਸੇ ਗੁਰੂ ਕੇ ਸਿਖਾਂ ਦੇ ਮਨ ਵਿਚ ਜੇ ਸਤਿ ਤੇ ਅਸਤਿ ਦਾ ਵੀਚਾਰੁ ਹੁੰਦਾ ਹੈ ਤਾਂ ਦੇਹ ਨੂੰ ਅਨਿਤ ਜਾਣਕੇ ਇਸ ਦਾ ਰਸੁ ਛੋਡਿ ਦੇਂਦੇ ਹੈਨਿ ਤੇ ਪਰਮਾਤਮ ਗਿਆਨ ਕੇ ਸਰੂਪ ਨੂੰ ਸਤਿ ਜਾਣਕੇ ਦ੍ਰਿੜ੍ਹ

---

* ਪਾ. ਜੁਨਿਵੀੜੀ

ਕਰਦੇ ਹੈਨਿ ਤੇ ਨਿਹਕਾਮ ਹੋਕੇ ਤੇ ਆਪਣਾ ਮਾਨੁ ਵਡਿਆਈ ਛੱਡ ਕੇ ਸਬਦ ਪੜ੍ਹਦੇ ਹੈਨਿ। ਏਹ ਅਲੂਣੀ ਸਿਲਾ ਚੱਟਦੇ ਹੈਨਿ। ਨਾਮ ਦਾਨ ਇਸਨਾਨ ਵੈਰਾਗ ਇਹੁ ਮੋਤੀ ਸਬਦ ਰੂਪੀ ਸਮੁੰਦਰ ਵਿਚੋਂ ਚੁਗਦੇ ਹੈਨਿ ਤੇ ਜਗਤ ਨੂੰ ਅਨਿਤ ਜਾਣ ਕੇ ਸਭ ਆਸ ਛਡ ਕੇ ਇਕ ਵਾਹਿਗੁਰੂ ਦੀ ਆਸ ਰਖਦੇ ਹੈਨਿ। ਸਾਧ ਸੰਗਤਿ ਨੂੰ ਸਚ-ਖੰਡ ਜਾਣ ਕੇ ਤੇ ਸਬਦ ਨੂੰ ਨਿਰੰਕਾਰ ਦਾ ਰੂਪ ਜਾਣਕੇ ਗੁਰੂ ਕੇ ਤਖਤ ਵਿਚ ਨੇਮ ਨਾਲ ਸਦਾ ਜਾਂਦੇ ਹੈਨਿ। ਵੀਹ ਵਿਸਵੇ ਜਗਤ ਹੈ ਤੇ ਇਕੀਹਵੀਂ ਪਤਿ ਦੀ ਪੌੜੀ ਸਬਦਿ ਨੂੰ ਸਮਝ ਕੇ ਵਾਹਿਗੁਰੂ ਨੂੰ ਰਿਦੇ ਵਿਚ ਧਾਰਕੇ ਅਕਾਲ ਪੁਰਖ ਨਾਲ ਇਕ ਰੂਪ ਹੋਂਦੇ ਹੈਨਿ। ਜਿਵੇਂ ਗੂੰਗਾ ਮਠਿਆਈ ਖਾਂਦਾ ਹੈ ਤੇ ਮੂੰਹੋਂ ਕੁਝ ਕਹਿ ਨਹੀਂ ਸਕਦਾ, ਤੈਸੇ ਜੇਹੀ ਬ੍ਰਿਤ ਓਨਾਂ ਨੂੰ ਪ੍ਰਾਪਤ ਹੋਈ ਹੈ ਸੋ ਕਹਿ ਨਹੀਂ ਸਕਦੇ, ਪਰੁ ਗਿਆਨ ਕਰਕੈ ਤ੍ਰਿਪਤ ਹੋ ਰਹਿੰਦੇ ਹੈਨ॥੫॥

## ਪਉੜੀ ਛੇਵੀਂ ਚਲੀ॥੬॥

### ਗੁਰਚਰਨ ਕਮਲ

**ਗੁਰਮੁਖਿ ਸੁਖ ਫਲ ਪਿਰਮ ਰਸੁ ਚਰਣੋਦਕੁ ਗੁਰ ਚਰਣ ਪਖਾਲੇ।**
**ਮੁਖ ਸੰਪੁਟ ਵਿਚਿ ਰਖਿਕੈ ਚਰਣ ਕਵਲ ਮਕਰੰਦ ਪਿਆਲੇ।**
**ਕਉਲਾਲੀ ਸੂਰਜ ਮੁਖੀ ਲਖ ਕਵਲ ਖਿੜਦੇ ਰਲੀਆਲੇ।**
**ਚੰਦ੍ਰ ਮੁਖੀ ਹੋਇ ਕੁਮੁਦਨੀ ਚਰਣ ਕਵਲ ਸੀਤਲ ਅਮੀਆਲੇ।**
**ਚਰਣ ਕਵਲ ਦੀ ਵਾਸਨਾ ਲਖ ਸੂਰਜ ਹੋਵਨਿ ਅਲਿ ਕਾਲੇ।**
**ਲਖ ਤਾਰੇ ਸੂਰਜਿ ਚੜ੍ਹੇ ਜਿਉ ਛਪਿ ਜਾਨਿ ਨ ਆਪ ਸਮ੍ਹਾਲੇ।**
**ਚਰਣ ਕਵਲ ਦਲ ਜੋਤਿ ਵਿਚਿ ਲਖ ਸੂਰਜਿ ਲੁਕਿ ਜਾਨਿ ਰਵਾਲੇ।**
**ਗੁਰਸਿਖ ਲੈ ਗੁਰ ਸਿਖ ਸੁਖਾਲੇ॥੬॥**

### -ਤਿਸ ਦੀ ਵੀਚਾਰ-

**ਗੁਰਮੁਖਾਂ** ਨੂੰ ਪ੍ਰੇਮ ਦਾ ਰਸੁ ਗੁਰਾਂ ਦੇ ਚਰਨਾਂ ਦਾ ਧਿਆਨ ਕਰਦਾ ਹੈ ਤੇ ਸਿਖਾਂ ਦੇ ਚਰਨ ਧੋ ਕੇ ਚਰਨੋਦਿਕ ਪੀਂਦੇ ਹੈਨਿ ਤੇ ਸਬਦ ਦਾ ਧਿਆਨੁ ਕਰਕੇ ਗਿਆਨੁ ਰਸੁ ਪੀਂਦੇ ਹੈਨਿ। ਮਨੁ ਆਪਣਾ ਭਵਰ ਦੀ ਨਿਆਈਂ ਗੁਰਾਂ ਦੇ ਸਬਦ ਰੂਪੀ ਸੰਪਟ ਵਿਚ ਕਰਦੇ ਹੈਨਿ। ਜਿਉਂ ਕਰਿ ਸੂਰਜ ਚੜੇ ਕਵਲ ਖਿੜਦੇ ਹੈਨਿ ਤੇ ਕਲੀਆਂ ਮੁਰਝਾਇ ਜਾਂਦੀਆਂ ਹੈਨਿ; ਤੈਸੇ ਗੁਰਮੁਖਾਂ ਦੇ ਰਿਦੇ ਮੁਰਝਾਇ ਜਾਂਦੇ ਹੈਨਿ, ਪਰ ਜੋ ਵਾਹਿਗੁਰੂ ਦਾ ਸਬਦੁ ਰਿਦੇ ਵਸਾਇੰਦੇ ਹੈਨਿ, ਭਾਵੇਂ ਤਾਮਸੀ ਬ੍ਰਿਤਿ ਵਾਲੇ ਪਾਪੀ ਕਲੀਆਂ ਭਵਰਾਂ ਦੀ ਨਿਆਈਂ ਹੋਵਨਿ ਸੋ ਭੀ ਗਿਆਨ ਪ੍ਰਕਾਸ਼ ਕਰ ਸਭ ਅੰਨ੍ਹੇਰਾ ਅਗਿਆਨ ਕਾ ਮਿਟਾਵਣ ਜੋਗ ਹੋ ਜਾਂਦੇ ਹੈਨਿ। ਜਿਉਂ ਕਰਿ ਸੂਰਜ ਚੜ੍ਹਿਆਂ ਤਾਰੇ ਛਿਪ ਜਾਂਦੇ ਹੈਨਿ ਤਿਵੇਂ ਸਬਦੁ ਸੁਣ ਕੇ ਹੋਰੁ ਮੜ੍ਹੀਆਂ ਮਟਾਂ ਦੀਆਂ ਪੂਜਾ ਛਪਿ ਜਾਂਦੀਆਂ ਹੈਨਿ। ਤੇ ਹੋਰ ਜਗਤ ਦੇ ਜਿਹੜੇ ਕਰਮ ਤੇ ਬ੍ਰਤ ਤੇ ਗਿਆਨ ਹੈਨਿ ਓਹੁ ਭੀ ਛਪ ਜਾਂਦੇ ਹੈਨਿ, ਜਦ ਸਤਿਗੁਰਾਂ ਦੀ ਸਿਖੀ ਰਿਦੈ ਵਿਚ ਨਿਵਾਸ ਕਰਦੀ ਹੈ॥੬॥

## ਪਉੜੀ ਸਤਵੀਂ ਚਲੀ॥੭॥

### ਏਕਤਾ ਪਰ ਦ੍ਰਿਸ਼ਟਾਂਤ

**ਚਾਰਿ ਵਰਨ ਇਕ ਵਰਨ ਕਰਿ ਵਰਨ ਅਵਰਨ ਤਮੋਲ ਗੁਲਾਲੇ।**
**ਅਸਟ ਧਾਤੁ ਇਕੁ ਧਾਤੁ ਕਰਿ ਵੇਦ ਕਤੇਬ ਨ ਭੇਦੁ ਵਿਚਾਲੇ।**
**ਚੰਦਨ ਵਾਸੁ ਵਣਾਸੁਪਤਿ ਅਫਲ ਸਫਲ ਵਿਚਿ ਵਾਸੁ ਬਹਾਲੇ।**
**ਲੋਹਾ ਸੁਇਨਾ ਹੋਇਕੈ ਸੁਇਨਾ ਹੋਇ ਸੁਗੰਧਿ ਵਿਖਾਲੇ।**
**ਸੁਇਨੇ ਅੰਦਰਿ ਰੰਗ ਰਸ ਚਰਣਾਂਮ੍ਰਿਤ ਅੰਮ੍ਰਿਤੁ ਮਤਵਾਲੇ।**
**ਮਾਣਕ ਮੋਤੀ ਸੁਇਨਿਅਹੁ ਜਗਮਗ ਜੋਤਿ ਹੀਰੇ ਪਰਵਾਲੇ।**
**ਦਿਬ ਦੇਹਿ ਦਿਬ ਦਿਸਟਿ ਹੋਇ ਸਬਦ ਸੁਰਤਿ ਦਿਬ ਜੋਤਿ ਉਜਾਲੇ।**
**ਗੁਰਮੁਖਿ ਸੁਖ ਫਲੁ ਰਸਕ ਰਸਾਲੇ॥੭॥**

### -ਤਿਸਦਾ ਵੀਚਾਰ-

**ਸਤਿਗੁਰਾਂ** ਨੇ ਕ੍ਰਿਪਾ ਕਰਕੇ ਸਿਖਾਂ ਨੂੰ ਗਿਆਨ ਦੇਕਰ ਦੇਹ ਅਭਿਮਾਨ ਨਾਸ਼ ਕਰਕੇ ਚਾਰ ਵਰਨ ਥੀਂ ਇਕੁ ਵਰਨੁ ਕੀਤਾ ਹੈ, ਜਿਉਂ ਕਰ ਚੂਨਾ ਉਜਲਾ ਹੋਂਦਾ ਹੈ ਤੇ ਕਥੁ ਭੂਸਲੀ ਹੁੰਦੀ ਹੈ ਤੇ ਸੁਪਾਰੀ ਚਿਤ੍ਰਮਿਤ੍ਰਾਲੀ ਹੁੰਦੀ ਹੈ ਤੇ ਪਾਨ ਸਾਵਾ ਪੀਲਾ ਹੁੰਦਾ ਹੈ, ਪਰ ਜਦ ਬੀੜਾ ਖਾਈਦਾ ਹੈ ਤਾਂ ਰੰਗੁ ਲਾਲ ਹੋ ਜਾਂਦਾ ਹੈ, ਤਿਵੇਂ ਜਬ ਆਤਮ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਚਾਰੋਂ ਵਰਨਾਂ ਦਾ ਅਭਿਮਾਨ ਦੂਰ ਕਰਕੇ ਆਪ ਨੂੰ ਖਾਲਸਾ ਗੁਰਮੁਖਿ ਜਾਣਦੇ ਹੈਨ। ਜਿਵੇਂ ਅਸ਼ਟ ਧਾਤਾਂ ਦੀਆਂ ਪੁਤਲੀਆਂ ਜੋ ਹੁੰਦੀਆਂ ਹੈਨ ਤਾਂ ਪਾਰਸ ਦੇ ਪਰਸਨ ਕਰ ਸਭੇ ਸਵਰਨ ਹੋਂਦੀਆਂ ਹੈਨ ਕ੍ਰਿਯਾ ਹੋਰਨਾਂ ਪੁਤਲੀਆਂ ਦੀ ਨਿਆਈਂ ਕਰਦੀਆਂ ਹੈਨ; ਪਰ ਮੁੱਲ ਸੋਨੇ ਦਾ ਹੋ ਜਾਂਦਾ ਹੈ। ਤੈਸੇ ਗੁਰਾਂ ਕਾ ਸ਼ਬਦ ਪਾਰਸ ਹੈ ਜੋ ਸਿਖ ਚਹੁੰ ਵਰਨਾਂ ਤੇ ਚਹੁੰ ਆਸ਼੍ਰਮਾਂ ਦੇ ਵਿਚੋਂ ਸ਼ਬਦ ਨੂੰ ਵੀਚਾਰਦੇ ਹੈਨ ਸੋ ਦੇਹ ਅਭਿਮਾਨ ਨੂੰ ਕੱਟ ਕੇ ਆਤਮ ਗਿਆਨ ਨੂੰ ਪ੍ਰਾਪਤ ਹੋ ਕੇ ਸਰੀਰ ਦੇ ਹੁੰਦਿਆਂ ਤਾਂ ਹੋਰਨਾਂ ਅਗਿਆਨੀਆਂ ਦੀ ਨਿਆਈਂ ਖਾਨ ਪਾਨ ਆਦਿਕ ਕ੍ਰਿਆ ਕਰਦੇ ਹੈਨ ਪਰੁ ਸਰੀਰ ਨੂੰ ਛੱਡ ਕੇ ਵਾਹਿਗੁਰੂ ਵਿਚ ਜਾਇ ਪ੍ਰਾਪਤ ਹੁੰਦੇ ਹੈਨ। ਤਾਂ

ਸਿਖਾਂ ਪ੍ਰਸ਼ਨ ਕੀਤਾ ਜੀ ਚਾਰ ਵਰਨ ਚਾਰ ਆਸ਼੍ਰਮ ਕੌਣ ਹੈਨ ? ਤਾਂ ਭਾਈ ਮਨੀ ਸਿੰਘ ਜੀ ਬਚਨੁ ਕੀਤਾ: ਖੜ੍ਹੀ, ਬ੍ਰਾਹਮਣ, ਸੂਦ, ਵੈਸ਼ ਚਾਰ ਵਰਣ ਹੈਨਿ ਤੇ ਬ੍ਰਹਮਚਾਰੀ, ਗ੍ਰਿਹਸਤੀ, ਬਾਨਪ੍ਰਸਤੀ, ਸੰਨਿਆਸੀ ਏ ਚਾਰ ਆਸ਼੍ਰਮ ਹੈਨ। ਏਹੁ ਅਸ਼ਟਧਾਤ ਹੈਨ ਤੇ ਗੁਰੂ ਕਾ ਸਬਦੁ ਪਾਰਸੁ ਹੈ। ਜੈਸੇ ਚੰਦਨ ਅਫਲ ਸਫਲ ਬਨਾਸਪਤੀ ਵਿਚ ਵਾਸ਼ਨਾ ਪ੍ਰਾਪਤਿ ਕਰ ਦੇਂਦਾ ਹੈ, ਪਰ ਓਹ ਸੋਨਾਂ ਹੋਰਸ ਲੋਹੇ ਨੂੰ ਸੋਨਾ ਨਹੀਂ ਕਰਦਾ ਪਰ ਸਿਖ ਗੁਰਾਂ ਥੀ ਸਬਦੁ ਗੁਰਮਤਿ ਰੂਪੀ ਵਾਸ਼ਨਾ ਪ੍ਰਾਪਤ ਕਰਕੇ ਤੇ ਸਿਖਾਂ ਨੂੰ ਦੇ ਕੇ ਹੋਰਨਾਂ ਪਾਪੀਆਂ ਧਰਮੀਆਂ ਸਭਸ ਦਾ ਕਲਿਆਣੁ ਕਰ ਦੇਂਦਾ ਹੈ। ਤੈਸੇ ਗੁਰਾਂ ਦਾ ਚਰਨਾਂਮ੍ਰਿਤ ਜੋ ਪੀਂਵਦੇ ਹੈਨ ਸੋ ਭੀ ਹੀਰੇ ਪਰਵਾਲਿਆਂ ਦੀ ਨਿਆਈਂ ਸਭੇ ਅਮੋਲਕ ਹੋਂਦੇ ਹੈਨ। ਜੈਸੇ ਸਿਪ ਸ੍ਵਾਂਤੀ ਬੂੰਦ ਪੀ ਕੇ ਅਮੋਲਕ ਮੋਤੀ ਕੱਢਦਾ ਹੈ ਤੈਸੇ ਗੁਰੂ ਕੇ ਸਿਖ ਸਬਦ ਮਨ ਵਿਚ ਧਾਰਿਕੈ ਨਾਮ ਤੇ ਗਿਆਨ ਅਮੋਲਕ ਮੋਤੀ ਮੂੰਹੋਂ ਕਢਦੇ ਹੈਨ, ਗੁਰਾਂ ਕਾ ਸਬਦ ਸਮਝ ਕਰ ਦਿਬ ਦ੍ਰਿਸਟਿ ਹੁੰਦੀ ਹੈ। ਸ਼ਬਦ ਵਿਚ ਆਤਮ ਰਾਮ ਜਾਣਿਕੈ ਸਬਦਿ ਦਾ ਰਸੁ ਮਾਣਦੇ ਹੈਨ॥੭॥

## ਪਉੜੀ ਅੱਠਵੀਂ ਚਲੀ॥੮॥

### ਗੁਰਮੁਖਾਂ ਦੀ ਪ੍ਰੀਤਿ ਵਰਣਨ

**ਪਿਰਮ ਪਿਆਲਾ ਸਾਧ ਸੰਗ ਸਬਦ ਸੁਰਤਿ ਅਨਹਦ ਲਿਵ ਲਾਈ।**
**ਧਿਆਨੀ ਚੰਦ ਚਕੋਰ ਗਤਿ ਅੰਮ੍ਰਿਤ ਦ੍ਰਿਸਟਿ ਸ੍ਰਿਸਟਿ ਵਰਸਾਈ।**
**ਘਨਹਰ ਚਾਤ੍ਰਿਕ ਮੋਰ ਜਿਉ ਅਨਹਦ ਧੁਨਿ ਸੁਣਿ ਪਾਇਲ ਪਾਈ।**
**ਚਰਣ ਕਵਲ ਮਕਰੰਦ ਰਸਿ ਸੁਖ ਸੰਪੁਟ ਹੁਇ ਭਵਰੁ ਸਮਾਈ।**
**ਸੁਖ ਸਾਗਰ ਵਿਚਿ ਮੀਨ ਹੋਇ ਗੁਰਮੁਖਿ ਚਾਲਿ ਨ ਖੋਜ ਖੁਜਾਈ।**
**ਅਪਿਓ ਪੀਅਣੁ ਨਿਝਰ ਝਰਣ ਅਜਰੁ ਜਰਣ ਨਾ ਅਲਖੁ ਲਖਾਈ।**
**ਵੀਹ ਇਕੀਹ ਉਲੰਘਿਕੈ ਗੁਰਸਿਖ ਗੁਰਮੁਖਿ ਸੁਖ ਫਲ ਪਾਈ।**
**ਵਾਹਿਗੁਰੂ ਵਡੀ ਵਡਿਆਈ॥੮॥**

### -ਤਿਸ ਦਾ ਵੀਚਾਰ-

**ਏਹੁ** ਸਬਦੁ ਘਰਿ ਬੈਠ ਕੇ ਭੀ ਪੜੀਦਾ ਹੈ। ਪਰੁ ਜੇ ਸਾਧ ਸੰਗਤਿ ਵਿਚ ਜਾਇਕੈ ਕਥਾ ਕੀਰਤਨੁ ਸੁਣੀਦਾ ਹੈ ਤਾਂ ਓਥੇ ਪਿਰਮ ਰਸੁ ਦਾ ਪਿਆਲਾ ਪੀਵੀਦਾ ਹੈ। ਫੇਰ ਅੰਤਰਮੁਖੀ ਅਨਹਦ ਸਬਦੁ ਖੁਲ੍ਹ ਜਾਂਦਾ ਹੈ, ਜੈਸੇ ਚੰਦ੍ਰਮਾਂ ਨੂੰ ਧਿਆਨੁ ਲਾਇਕੇ ਚਕੋਰੁ ਦੇਖਦਾ ਹੈ ਤੇ ਅੰਮ੍ਰਿਤ ਕਿਰਣਾਂ ਪੀਂਵਦਾ ਹੈ ਤਾਂ ਅਗਨਿ ਭੀ ਉਸ ਨੂੰ ਸੁਖਦਾਈ ਹੁੰਦੀ ਹੈ, ਤੈਸੇ ਗੁਰੂ ਕੇ ਸਿਖ ਜਦ ਸਬਦ ਦਾ ਧਿਆਨੁ ਕਰਕੇ ਸਮਝਦੇ ਹੈਨ ਤਦ ਮਾਇਆ ਦੀ ਕ੍ਰਿਤ ਭੀ ਓਨਾਂ ਨੂੰ ਪਰਸ੍ਵਾਰਥ ਕਰਕੇ ਸੁਖ ਦੇਂਦੀ ਹੈ। ਜੈਸੇ ਮੋਰ ਮੇਘ ਦੀਆਂ ਧੁਨਾਂ ਨੂੰ ਸੁਣ ਕੇ ਪ੍ਰਸੰਨ ਹੋਇਕੈ ਪਾਇਲ ਪਾਇਦਾ ਹੈ ਤੈਸੇ ਗੁਰੂ ਕੇ ਸਿਖ ਕਥਾ ਕੀਰਤਨ ਨੂੰ ਸੁਣ ਕੇ ਉਨ੍ਹਾਂ ਦਾ ਮਨੁ ਪਇਆ ਪਾਇਲਾਂ ਪਾਇੰਦਾ ਹੈ। ਜਿਵੇਂ ਭਵਰ ਕਵਲ ਦੀਆਂ ਤੁਰੀਆਂ ਵਿਚ ਬੈਠ ਕੇ ਵਾਸ਼ਨਾ ਲੈਂਦਾ ਹੈ ਤਾਂ ਉਸ ਨੂੰ ਬਾਂਸਾਂ ਦਾ ਬਨੁ ਭੁੱਲ ਜਾਂਦਾ ਹੈ। ਤੈਸੇ ਸਿਖ ਸਬਦ ਦੇ ਵਿਚਾਰਨ ਵਿਚ ਮਨ ਦੇਂਵਦੇ ਹੈਨਿ ਤੇ ਨੇਤ੍ਰ ਤੇ ਕਰਨ ਸਬਦ ਦੇ ਸਾਮ੍ਹਣੇ ਰਖਦੇ ਹੈਨ, ਤਾਂ ਬਾਹਰਿ ਦੀ ਗੱਲ ਓਨ੍ਹਾਂ ਨੂੰ ਚਿਤ ਨਹੀਂ ਰਹਿੰਦੀ। ਜੈਸੇ ਸਮੁੰਦਰ ਵਿਚ ਮੱਛੀ ਦੀ ਚਾਲ ਨਹੀਂ ਲਖੀ

 www.sikhbookclub.com

ਜਾਂਦੀ; ਤੈਸੇ ਅੱਠੇ ਪਹਿਰ ਉਨ੍ਹਾਂ ਦਾ ਮਨੁ ਸ਼ਬਦ ਦੇ ਵਿਚਾਰ ਵਿਚ ਰਹਿੰਦਾ ਹੈ, ਗੁਰਸਿਖਾਂ ਦੀ ਚਾਲ ਕੋਈ ਲਖ ਨਹੀਂ ਸਕਦਾ। ਅੰਮ੍ਰਿਤ ਨਾਮ ਨੂੰ ਪੀਂਵਦੇ ਹੈਨ ਤੇ ਪ੍ਰੇਮ ਕਰਕੇ ਉਨ੍ਹਾਂ ਦੇ ਇੰਦ੍ਰੇ ਰੂਪੀ ਝਰਨਿਆਂ ਵਿਚੋਂ ਸ਼ਬਦ ਦਾ, ਜੋ ਰਸਨਾ ਕਰਕੇ ਉਚਾਰੁ ਭੀ ਕਰਦੇ ਹੈਨ, ਸੋਈ ਅੰਮ੍ਰਿਤੁ ਝਰਦਾ ਹੈ। ਤੇ ਕਾਮ ਕ੍ਰੋਧ ਆਦਿ ਅਜਰ ਨੂੰ ਜਰਦੇ ਹੈਨ ਅਰੁ ਆਪਣੀ ਚਾਲ ਕਿਸੇ ਨੂੰ ਲਖਾਂਵਦੇ ਨਹੀਂ ਆਪ ਨੂੰ ਨੀਚ ਕਹਾਂਵਦੇ ਹੈਨਿ। ਵੀਹ ਵਿਸਵੇ ਤ੍ਰੈ ਗੁਣ ਹੈਨ ਤੇ ਇਕੀਹ ਤੁਰੀਆ ਪਦੁ ਹੈ, ਪਰੁ ਸਿੱਖ ਤੁਰੀਆ ਥੀਂ ਭੀ ਅਤੀਤ ਹੋ ਕੇ ਵਰਤਦੇ ਹੈਨ। ਵਾਹਿਗੁਰੂ ਦਾ ਜਾਪੁ ਮਨ ਕਰਕੇ ਜਪਣਾ ਏਹੁ ਤੁਰੀਆ ਵਡੀ ਵਡਿਆਈ ਹੈ॥੮॥

 www.sikhbookclub.com

## ਪਉੜੀ ਨਾਵੀਂ ਚਲੀ॥੯॥

### ਗੁਰੂ ਪ੍ਰੀਤੀ

**ਕਛੂ ਆਂਡਾ ਧਿਆਨੁ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ।**
**ਕੂੰਜ ਰਿਦੈ ਸਿਮਰਣੁ ਕਰੈ ਲੈ ਬਚਾ ਉਡਦੀ ਅਸਮਾਣੈ।**
**ਬਤਕ ਬਚਾ ਤੁਰਿਤੁਰਾ ਜਲ ਥਲ ਵਰਤੈ ਸਹਜਿ ਵਿਡਾਣੈ॥**
**ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬ ਸਿਵਾਣੈ।**
**ਹੰਸ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।**
**ਗਿਆਨਿ ਧਿਆਨਿ ਸਿਮਰਣਿ ਸਦਾ ਸਤਿਗੁਰ ਸਿਖੁ ਰਖੈ ਨਿਰਬਾਣੈ॥**
**ਭੂਤ ਭਵਿਖਹੁੰ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ।**
**ਜਾਤੀ ਸੁੰਦਰ ਲੋਕ ਨ ਜਾਣੈ॥੯॥**

### -ਤਿਸ ਦਾ ਵੀਚਾਰ-

**ਹੋਰੁ** ਜੋ ਗੁਰੂ ਹੈਨ ਪ੍ਰਿਥਮੇ ਹੀ ਸਿਖ ਦੇ ਕੈ ਸਿਖਾਂ ਨੂੰ ਘਰ ਬਾਰੁ ਛੁਡਾਇਕੈ ਵੈਰਾਗੁ ਦੱਸਦੇ ਹੈਨਿ ਤੇ ਸਤਿਗੁਰਾਂ ਨੇ ਕਹਿਆ ਹੈ ਜੁ ਤੁਸੀਂ ਧਰਮ ਦੀ ਕ੍ਰਿਤ ਕਰਦੇ ਰਹੋ ਤੇ ਦੁਇ ਵੇਲੇ ਕਥਾ ਕੀਰਤਨੁ ਸੁਣਿਆ ਕਰੋ, ਤੁਸਾਡੇ ਰਿਦੇ ਵਿਚ ਸਹਜੇ ਉਦਾਸੀ ਹੋਵੇਗੀ। ਜੈਸੇ ਕਛੂ ਨਦੀ ਵਿਚ ਹੋਂਦਾ ਹੈ ਤੇ ਬੱਚੇ ਬਰੇਤੀ ਵਿਚ ਰਖਦਾ ਹੈ। ਆਪਣੀ ਦ੍ਰਿਸ਼ਟਿ ਕਰ ਪਰਪੱਕ ਕਰਕੇ ਨਦੀ ਵਿਚ ਲੈ ਆਂਵਦਾ ਹੈ। ਤੈਸੇ ਕੂੰਜ ਬੱਚਿਆਂ ਨੂੰ ਸਿਮਰਦੀ ਰਹਿੰਦੀ ਹੈ, ਬੱਚੇ ਕੂੰਜ ਨੂੰ ਸਿਮਰਦੇ ਹੈਨ, ਤਾਂ ਲੈ ਕੇ ਬੱਚਿਆਂ ਨੂੰ ਅਕਾਸ਼ ਨੂੰ ਉਡਦੀ ਹੈ। ਬਤਕ ਦੇ ਆਂਡੇ ਕੁਕੜੀ ਦਿਆਂ ਆਂਡਿਆਂ ਵਿਚ ਰਲਾਇ ਰਖਦੇ ਹੈਨ, ਜਾਂ ਬਚੇ ਟੁਰਨ ਵਾਲੇ ਹੁੰਦੇ ਹੈਨ ਤਾਂ ਬਤਕ ਪਾਸ ਆਇ ਕੇ ਬੋਲਦੀ ਹੈ ਤੇ ਬੱਚੇ ਬਤਕ ਦੇ ਨਾਲ ਲਗ ਟੁਰਦੇ ਹੈਨ। ਤਾਂ ਉਨ੍ਹਾਂ ਦੇ ਨਾਲ ਕੁਕੜੀ ਦੇ ਬੱਚੇ ਭੀ ਲਗ ਟੁਰਦੇ ਹੈਨ ਤੇ ਮੁਰਗੀ ਪਿਛੇ ਲਗ ਜਾਂਦੀ ਹੈ, ਪਰੁ ਜਿਥੇ ਤਲਾਉ ਕਿ ਨਦੀ ਹੁੰਦੀ ਹੈ ਤਾਂ ਬਤਕ ਜਲ ਦੇ ਵਿਚ ਤਰਦੀ ਹੈ। ਬੱਚੇ ਬਤਕ ਦੇ ਭੀ ਵਿਚ ਠਿੱਲ ਪੈਂਦੇ ਹੈਨ ਤੇ ਮੁਰਗੀ ਦੇ ਬੱਚੇ ਤੇ ਮੁਰਗੀ ਫੇਰ ਆਇਕੈ ਕੱਲਰ ਨੂੰ ਫੋਲਣ ਲਗ

ਜਾਂਦੀ ਹੈ। ਤੈਸੇ ਗੁਰੂ ਕੇ ਸਿਖ, ਪਿਛਲਿਆਂ ਜਨਮਾਂ ਦਾ ਜਿਨ੍ਹਾਂ ਨੂੰ ਅਭਿਆਸੁ ਹੋਂਦਾ ਹੈ, ਸੇਵਕਾਂ ਦੇ ਤੇ ਮੀਰਾਂ ਦੇ ਮੁਰੀਦਾਂ ਦੇ ਘਰਿ ਜਨਮੁ ਲੈਂਦੇ ਹੈਨ, ਪਰੁ ਜਿਸ ਵੇਲੇ ਗੁਰਮੁਖਾਂ ਨੂੰ ਮਿਲ ਕੇ ਸ਼ਬਦ ਸੁਣਦੇ ਹੈਨਿ ਤਾਂ ਓਹੁ ਭੀ ਚਰਨਾਂਮ੍ਰਿਤ ਲੈ ਕੇ ਸਿਖ ਹੋਂਦੇ ਹੈਨ ਤੇ ਸਬਦੁ ਸੁਣ ਕੇ ਤੇ ਅਵਿਦਿਆ ਦੀ ਨਦੀ ਨੂੰ ਤਰਦੇ ਹੈਨ ਪਰ ਵਿਖਈ ਫੇਰ ਵਿਖਿਆਂ ਵਿਚ ਰਹਿੰਦੇ ਹੈਨ। ਕੋਇਲ ਆਂਡੇ ਆਪਣੇ ਕਾਵਣੀ ਦੇ ਆਲ੍ਹਣੇ ਵਿਚ ਪਾਇ ਜਾਂਦੀ ਹੈ, ਪਰੁ ਜਾਂ ਬੱਚੇ ਉਡਣ ਵਾਲੇ ਹੋਂਦੇ ਹੈਨ ਤਾਂ ਪਾਸ ਆਨ ਬੋਲਦੀ ਹੈ ਤਾਂ ਕੋਇਲ ਦੀ ਬੋਲੀ ਪਛਾਣ ਕਰ ਉਸ ਦੇ ਬੱਚੇ ਕੋਇਲ ਨੂੰ ਜਾਇ ਮਿਲਦੇ ਹੈਨਿ। ਤੈਸੇ ਗੁਰੂ ਕੇ ਸਿਖ ਸਬਦੁ ਸੁਣ ਕੇ ਸਿਖਾਂ ਨੂੰ ਜਾਇ ਮਿਲਦੇ ਹੈਨਿ। ਤਿਵੇਂ ਹੰਸਾਂ ਦੇ ਬੱਚੇ ਬਗੁਲਿਆਂ ਨਾਲ ਉਡ ਕੇ ਹੋਰਨਾਂ ਸਰਾਂ ਤੇ ਜਾਂਦੇ ਹੈਨ ਤੇ ਓਥੇ ਓਨਾਂ ਦੀ ਚੋਗ ਨਹੀਂ ਹੁੰਦੀ ਤਾਂ ਫੇਰ ਮਾਨ ਸਰੋਵਰ ਤੇ ਮੋਤੀ ਆਣ ਚੁਗਦੇ ਹੈਨ, ਤੈਸੇ ਗੁਰੂ ਕੇ ਸਿਖ ਵਿਖਈਆਂ ਦੀ ਸੰਗਤਿ ਤਿਆਗ ਕੇ ਫੇਰ ਸਬਦੁ ਗੁਰੂ ਕਾ ਸੁਣ ਕੇ ਪ੍ਰਸੰਨ ਹੋਂਦੇ ਹੈਨਿ। ਤੈਸੇ ਸਤਿਗੁਰਾਂ ਨੇ ਸਾਧ ਸੰਗਤਿ ਬਣਾਇ ਦਿਤੀ ਹੈ। ਨਿਤ ਸਿਖ ਗਿਆਨ ਧਿਆਨ ਸਿਮਰਣ ਕਰਦੇ ਹੈਨ, ਵਿਚੇ ਮਾਇਆ ਦੇ ਉਨ੍ਹਾਂ ਨੂੰ ਉਦਾਸੀ ਹੋ ਆਂਵਦੀ ਹੈ। ਜੈਸੇ ਫਲ ਤਰੋਵਰ ਥੀਂ ਰਸ ਪੀ ਕੇ ਪ੍ਰਪੱਕ ਹੋ ਕੇ ਨਿਆਰਾ ਹੋ ਜਾਂਦਾ ਹੈ, ਤੈਸੇ ਗੁਰੂ ਕਾ ਸ਼ਬਦ ਸੁਣ ਕੇ ਸਿਖ ਜਗਤ ਤੋਂ ਉਦਾਸ ਰਹਿੰਦਾ ਹੈ। ਭੂਤ ਭਵਿਖ ਵਰਤਮਾਨ ਤ੍ਰਿਹਾਂ ਕਾਲਾਂ ਦੀ ਸਿੱਖਾਂ ਨੂੰ ਸੋਝੀ ਹੁੰਦੀ ਹੈ ਤੇ ਆਪ ਨੂੰ ਜਣਾਂਵਦੇ ਨਹੀਂ, ਨਿਮਾਣੇ ਹੋ ਵਰਤਦੇ ਹੈਨ। ਓਹੁ ਜਾਤੀ ਸੁੰਦਰ ਹੈਨ, ਪਿਛਲਿਆਂ ਜਨਮਾਂ ਦੀ ਸੋਝੀ ਰਖਦੇ ਹੈਨਿ, ਪਰੁ ਲਖਾਂਵਦੇ ਨਹੀਂ॥੯॥

## ਪਉੜੀ ਦਸਵੀਂ ਚਲੀ॥੧੦॥

### ਗੁਰ ਸਿੱਖ ਦੀ ਵਿਸ਼ੇਖਤਾ

ਚੰਦਨੁ ਵਾਸ ਵਣਾਸਪਤਿ ਬਾਵਨ ਚੰਦਨਿ ਚੰਦਨ ਹੋਈ।
ਫਲ ਵਿਣੁ ਚੰਦਨੁ ਬਾਵਨਾ ਆਦਿ ਅਨਾਦਿ ਬਿਅੰਤੁ ਸਦੋਈ।
ਚੰਦਨੁ ਬਾਵਨ ਚੰਦਨਹੁੰ ਚੰਦਨ ਵਾਸੁ ਨ ਚੰਦਨੁ ਕੋਈ।
ਅਸਟੁਧਾਤੁ ਇਕੁ ਧਾਤੁ ਹੋਇ ਪਾਰਸ ਪਰਸੇ ਕੰਚਨ ਜੋਈ।
ਕੰਚਨ ਹੋਇ ਨ ਕੰਚਨਹੁੰ ਵਰਤਮਾਨ ਵਰਤੈ ਸਭਿ ਲੋਈ।
ਨਦੀਆਂ ਨਾਲੇ ਗੰਗ ਸੰਗਿ ਸਾਗਰ ਸੰਜਮਿ ਖਾਰਾ ਸੋਈ।
ਬਗੁਲਾ ਹੰਸੁ ਨ ਹੋਵਈ ਮਾਨ ਸਰੋਵਰ ਜਾਇ ਖਲੋਈ।
ਵੀਹਾਂ ਦੇ ਵਰਤਾਰੈ ਓਹੀ॥੧੦॥

### -ਤਿਸ ਦਾ ਵੀਚਾਰ-

**ਐਸੇ** ਜੋ ਗੁਰੂ ਕੇ ਸਿਖ ਹੈਨ, ਜਿਨ੍ਹਾਂ ਦੇ ਵਿਚ ਏਹ ਲੱਖਣ ਹੈਨ ਇਕੁ ਇਕੁ ਭੀ ਜਿਸ ਦੇਸ ਵਿਚ ਹੋਂਦੇ ਹੈਨ ਸੋ ਸਾਰੇ ਦੇਸ ਨੂੰ ਸਿਖੀ ਦਾਨੁ ਕਰਦੇ ਹੈਨਿ, ਸਭਸ ਦਾ ਉਧਾਰੁ ਕਰਦੇ ਹੈਨਿ। ਜੈਸੇ ਜਿਸ ਬਨ ਮੇਂ ਬਾਵਨ ਚੰਦਨੁ ਹੋਤਾ ਹੈ ਸੋ ਸਭੇ ਰੁਖ ਸਫਲ ਅਫਲ ਚੰਦਨ ਹੁੰਦੇ ਹੈਨ ਪਰੁ ਆਪ ਚੰਦਨ ਨਿਫਲ ਹੈ। ਤਿਵੇਂ ਸਾਧ ਸੰਗਤਿ ਦੇ ਪ੍ਰਸਾਦਿ ਤੇ ਪਾਪੀ ਪੁੰਨੀ ਸਭ ਸਬਦ ਬਾਣੀ ਸੁਣ ਕੇ ਗਿਆਨ ਨੂੰ ਪ੍ਰਾਪਤ ਹੁੰਦੇ ਹੈਨ। ਸਭਨਾ ਦਾ ਉਧਾਰ ਹੋਂਦਾ ਹੈ। ਚੰਦਨ ਬਾਵਨ ਥੀਂ ਜੇਹੜਾ ਚੰਦਨ ਹੋਂਦਾ ਹੈ ਸੋ ਹੋਰ ਬਿਰਖਾਂ ਨੂੰ ਚੰਦਨ ਨਹੀਂ ਕਰਦਾ ਪਰ ਸਾਧ ਸੰਗਤਿ ਥੀਂ ਜੋ ਗਿਆਨ ਨੂੰ ਪ੍ਰਾਪਤਿ ਹੋਂਦੇ ਹੈਨ ਸੋ ਹੋਰਨਾਂ ਨੂੰ ਭੀ ਗੁਰਮਤਿ ਪ੍ਰਾਪਤਿ ਕਰਾਂਦੇ ਹੈਨ। ਹੋਰੁ ਅਸਟ ਧਾਤੁ ਜੋ ਪਾਰਸ ਨੂੰ ਪਰਸਦਾ ਹੈ ਸੋ ਸਭ ਸੋਨਾ ਹੋਂਦਾ ਹੈ ਪਰ ਕੰਚਨ ਹੋਰਸ ਧਾਤ ਨੂੰ ਕੰਚਨ ਨਹੀਂ ਕਰ ਸਕਦਾ। ਨਦੀਆਂ ਨਾਲੇ ਜੇਹੜੇ ਗੰਗਾ ਨਾਲ ਰਲ ਜਾਂਦੇ ਹੈਨ, ਗੰਗਾ ਸਭਨਾਂ ਨੂੰ ਪਵਿਤ੍ਰ ਕਰਦੀ ਹੈ, ਤ੍ਰਿਲੋਕੀ ਉਹਨਾਂ ਨੂੰ ਪੂਜਦੀ ਹੈ, ਪਰੁ ਸਮੁੰਦਰ ਨਾਲ ਮਿਲ ਕੇ ਪਾਣੀ ਫੇਰ ਖਾਰਾ ਹੋ ਜਾਂਦਾ ਹੈ। ਬਗੁਲਾ ਹੰਸ ਦੇ ਨਾਲ ਹੰਸੁ ਨਹੀਂ

ਹੋ ਜਾਂਦਾ, ਤੇ ਮਾਨ ਸਰੋਵਰ ਤੇ ਜਾਇ ਬੈਠੇ ਤਾਂ ਮੋਤੀ ਨਹੀਂ ਚੁਗਦਾ। ਹੰਸਾਂ ਦਾ ਬੱਚਾ ਬਗੁਲਿਆਂ ਨਾਲਿ ਮਿਲਕੇ ਹੋਰਨਾਂ ਸਰਾਂ ਤੇ ਬੈਠਦਾ ਹੈ ਤਾਂ ਉਥੇ ਮੋਤੀ ਨਹੀਂ ਹੋਂਦੇ ਤਾਂ ਫੇਰ ਮਾਨ ਸਰੋਵਰ ਜਾ ਬੈਠਦਾ ਹੈ ਤੇ ਮਾਣਕ ਮੋਤੀ ਚੁਗਦਾ ਹੈ। ਤੈਸੇ ਗੁਰੂ ਕੇ ਸਿਖ ਹੈਨਿ ਜੋ ਇਕੀਹਾਂ ਦੇ ਵਰਤਾਰੇ ਵਿਚ ਹੈਨਿ, ਤੁਰੀਆ ਗੁਣ ਵਿਚ ਵਰਤਦੇ ਹੈਨ। ਜੇ ਕੁਸੰਗੀ ਦੀ ਸੰਗਤਿ ਕਰ ਕੇ ਸੰਤਾਂ ਦੇ ਮਿਲਾਪ ਵਾਲੇ ਵਿਖਿਆਂ ਵਿਚ ਜਾਂਦੇ ਭੀ ਹੈਨਿ ਤੇ ਓਥੇ ਸ਼ਬਦ ਦਾ ਪਰਚਾ ਨਹੀਂ ਹੋਂਦਾ ਤਾਂ ਓਥੋਂ ਉਦਾਸ ਹੋ ਕੇ ਫੇਰ ਗੁਰੂ ਕੀ ਬਾਣੀ ਆਨਿ ਸੁਣਦੇ ਹੈਨਿ। ਕੰਚਨ ਹੋਰਸ ਨੂੰ ਕੰਚਨ ਨਹੀਂ ਕਰਦਾ, ਪਰ ਜੋ ਸਾਧ ਸੰਗਤਿ ਨੂੰ ਮਿਲਦੇ ਹੈਨ ਉਹਨਾਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਤੇ ਓਨ੍ਹਾਂ ਦੇ ਮਿਲਨ ਕਰਿ ਹੋਰਨਾਂ ਨੂੰ ਗੁਰਮਤਿ ਪ੍ਰਾਪਤ ਹੁੰਦੀ ਹੈ। ਤਿਵੇਂ ਬਾਵਨ ਚੰਦਨ ਹੋਰਨਾਂ ਨੂੰ ਚੰਦਨ ਕਰਦਾ ਹੈ, ਪਰੁ ਬਾਂਸ ਦੇ ਵਿਚ ਚਾਰ-ਵਿਕਾਰ ਹੈਨਿ ਸੋ ਚੰਦਨ ਨਹੀਂ ਹੋਂਦਾ। ਇਕੁ ਆਪ ਨੂੰ ਵੱਡਾ ਜਾਣਦਾ ਹੈ, ਦੂਜਾ ਵਿਚੋਂ ਪੋਲਾ ਹੈ, ਤੀਜਾ ਵਿਚ ਗੰਢਾਂ ਹੈਨਿ; ਚੌਥਾ ਵਰਨ ਦੋਖੀ ਹੈ; ਜਿਸ ਬਾਂਸ ਨਾਲ ਖਹਿੰਦਾ ਹੈ ਜਲਾਉਂਦਾ ਹੈ ਤਾਂ ਦੋਨੋਂ ਜਲਦੇ ਹੈਨ। ਓਨ੍ਹਾਂ ਦੇ ਨਾਲ ਵਣਸਪਤੀ ਭੀ ਜਲ ਜਾਂਦੀ ਹੈ। ਪਰੁ ਗੁਰੂ ਕੇ ਸਿਖ ਚੈਤੰਨ ਹੈਨ, ਆਪਣੀ ਬ੍ਰਿਤੀ ਦੇ ਜੋ ਸਾਖੀ ਹੁੰਦੇ ਹਨ ਤੇ ਖੋਟੀ ਬ੍ਰਿਤੀ ਛੋਡ ਦੇਂਦੇ ਹੈਨ, ਉਹਨਾਂ ਦਾ ਭੀ ਕਲਿਆਣੁ ਹੋ ਜਾਂਦਾ ਹੈ। ਸੋ ਜੋ ਗੁਰੂ ਕੇ ਸਿਖਾਂ ਦਾ ਸੰਗ ਕਰਦਾ ਹੈ ਫੇਰ ਉਹ ਕੁਸੰਗ ਵਿਚ ਖੜਾ ਨਹੀਂ ਹੁੰਦਾ॥੧੦॥

## ਪਉੜੀ ਯਾਰਵੀਂ ਚਲੀ॥੧੧॥

### ਤਥਾ ਦ੍ਰਿਸ਼ਟਾਂਤ

**ਗੁਰਮੁਖਿ ਇਕੀ ਪੌੜੀਆਂ ਗੁਰਮੁਖਿ ਸੁਖ ਫਲੁ ਨਿਜ ਘਰਿ ਭੋਈ।
ਸਾਧ ਸੰਗਤਿ ਹੈ ਸਹਜ ਘਰਿ ਸਿਮਰਣੁ ਦਰਸਿ ਪਰਸਿ ਗੁਣ ਗੋਈ।
ਲੋਹਾ ਸੁਇਨਾ ਹੋਇਕੈ ਸੁਇਨਿਅਹੁੰ ਸੁਇਨਾ ਜਿਉਂ ਅਵਿਲੋਈ।
ਚੰਦਨੁ ਬੋਹੈ ਨਿੰਮੁ ਵਣੁ ਨਿੰਮਹੁ ਚੰਦਨੁ ਬਿਰਖੁ ਪਲੋਈ।
ਗੰਗੋਦਕ ਚਰਣੋਦਕਹੁੰ ਗੰਗੋਦਕ ਮਿਲਿ ਗੰਗਾ ਹੋਈ।
ਕਾਗਹੁੰ ਹੰਸੁ ਸੁਵੰਸੁ ਹੋਇ ਹੰਸਹੁੰ ਪਰਮ ਹੰਸੁ ਵਿਰਲੋਈ।
ਗੁਰਮੁਖਿ ਵੰਸੀ ਪਰਮਹੰਸੁ ਕੂੜ ਸਚੁ ਨੀਰੁ ਖੀਰੁ ਵਿਲੋਈ।
ਗੁਰ ਚੇਲਾ ਚੇਲਾ ਗੁਰ ਹੋਈ॥੧੧॥**

### -ਤਿਸ ਦਾ ਵੀਚਾਰ-

**ਤ੍ਰਿਹਾਂ** ਗੁਣਾਂ ਦਾ ਵਰਤਾਰਾ ਜੋ ਹੈ ਵੀਹ ਵਿਸਵੇ ਬਹੁਤ ਹੈ ਤੇ ਚੌਥੇ ਗੁਣ ਵਿਚ ਗੁਰੂ ਕੇ ਸਿਖ ਵਿਰਲੇ ਵਰਤਦੇ ਹੈਨ। ਤ੍ਰੈ ਗੁਣ ਕੇਹੜੇ ਹੈਨ? ਜਾਗ੍ਰਤ ਜੋ ਹੈ ਸੋ ਸਾਂਤਕੀ ਗੁਣ ਹੈ। ਅਰੁ ਸੁਪਨ ਜੋ ਹੈ ਸੋ ਰਾਜਸੀ ਗੁਣ ਹੈ। ਅਰੁ ਸੁਖੋਪਤ ਜੋ ਹੈ ਤਾਮਸੀ ਗੁਣ ਹੈ। ਅਰੁ ਸਮਾਧਿ ਜੋ ਹੈ ਤੁਰੀਆ ਹੈ; ਸੋ ਗੁਰਮੁਖਿ ਸਦਾ ਸਮਾਧਿ ਵਿਚ ਰਹਿੰਦੇ ਹੈਨ। ਜੋਗੀਆਂ ਦੀ ਹਠ ਸਮਾਧਿ ਹੈ, ਜੋ ਇੰਦ੍ਰੀਆਂ ਤੇ ਵਾਸ਼ਨਾ ਨੂੰ ਰੋਕਦੇ ਹੈਨ ਤਾਂ ਸਮਾਧਿ ਹੁੰਦੀ ਹੈ; ਓਹੁ ਜੇ ਉਤਰਦੇ ਹੈਨ ਤਾਂ ਇੰਦ੍ਰੀਆਂ ਦੇ ਰਸਾਂ ਵਿਚ ਪਚ ਜਾਂਦੇ ਹੈਨ। ਪਰ ਸਿੱਖਾਂ ਦੀ ਸਹਿਜ ਸਮਾਧਿ; ਅਠੈ ਪਹਿਰ ਉਹਨਾਂ ਦੇ ਕਥਾ ਕੀਰਤਨ ਬਾਣੀ ਵਿਚ ਗੁਜ਼ਰਦੇ ਹੈਨ; ਉਹਨਾਂ ਦੇ ਸ੍ਵਾਸ ਬ੍ਰਿਥਾ ਨਹੀਂ ਜਾਂਦੇ। ਓਹੁ ਇਕੀਹਾਂ ਦੇ ਵਰਤਾਰੇ ਵਰਤਦੇ ਹੈਨ। ਸੋ ਭੀ ਗੰਗਾ ਦੇ ਸਮਾਨ ਪਵਿਤ੍ਰ ਹੋ ਜਾਂਦੇ ਹੈਨ। ਕਾਗ ਹੰਸਾਂ ਦੀ ਸੰਗਤ ਮਿਲਕੈ ਮੋਤੀ ਨਹੀਂ ਚੁਗਦੇ। ਤੇ ਗੁਰੂ ਕੇ ਸਿਖਾਂ ਦੀ ਸਾਧ ਸੰਗਤਿ ਕੀਤਿਆਂ ਨਾਲੇ ਸ਼ਬਦ ਰੂਪੀ ਮੋਤੀਆਂ ਦਾ ਆਹਾਰੁ ਹੁੰਦਾ ਹੈ, ਸਾਥ ਹੀ ਸਚੁ ਅਰੁ ਝੂਠ ਕਾ ਨਿਰਨਉ ਹੁੰਦਾ ਹੈ, ਸੋ ਸਿਖ ਭੀ ਗੁਰਾਂ ਦੇ ਗਿਆਨ ਨੂੰ ਪ੍ਰਾਪਤਿ ਹੋਇਕੈ ਹੋਰਨਾਂ ਦੇ ਉਧਾਰ ਕਰਨ ਜੋਗ ਹੁੰਦੇ ਹਨ॥੧੧॥

# ਪਉੜੀ ਬਾਰਵੀਂ ਚਲੀ॥੧੨॥

## ਗੁਰ ਸਿਖ ਸੰਧੀ

**ਕਛੂ ਬਚਾ ਨਦੀ ਵਿਚਿ ਗੁਰ ਸਿਖ ਲਹਰਿ ਨ ਭਉਜਲ ਬਿਆਪੈ।
ਕੂੰਜ ਬਚਾ ਲੈਇ ਉਡਰੈ ਸੁੰਨਿ ਸਮਾਧਿ ਅਗਾਧਿ ਨ ਜਾਪੈ।
ਹੰਸੁ ਵੰਸੁ ਹੈ ਮਾਨਸਰਿ ਸਹਜ ਸਰੋਵਰਿ ਵਡ ਪਰਤਾਪੈ।
ਬਤਕ ਬਚਾ ਕੋਇਲੈ ਨੰਦ ਨੰਦਨ ਵਾਸੁਦੇਵ ਮਿਲਾਪੈ।
ਰਵਿ ਸਸਿ ਚਕਵੀ ਤੈ ਚਕੋਰ ਸਿਵ ਸਕਤੀ ਲੰਘਿ ਵਰੈ ਸਰਾਪੈ।
ਅਨਲ ਪੰਖਿ ਬਚਾ ਮਿਲੈ ਨਿਰਾਧਾਰ ਹੋਇ ਸਮਝੈ ਆਪੈ।
ਗੁਰ ਸਿਖ ਸੰਧਿ ਮਿਲਾਵਣੀ ਸਬਦੁ ਸੁਰਤਿ ਪਰਚਾਇ ਪਛਾਪੈ।
ਗੁਰਮੁਖਿ ਸੁਖ ਫਲੁ ਥਾਪਿ ਉਥਾਪੈ॥੧੨॥**

## -ਤਿਸ ਦਾ ਵੀਚਾਰ-

**ਜੈਸੇ** ਕਛੂ ਬਚੇ ਨੂੰ ਬਰੇਤੀ ਵਿਚ ਪ੍ਰਪੱਕ ਕਰਕੇ ਨਦੀ ਵਿਚ ਲਿਆਂਵਦਾ ਹੈ ਤੇ ਭਉਜਲ ਦੀ ਲਹਿਰ ਉਸਨੂੰ ਨਹੀਂ ਬਿਆਪਦੀ। ਕੂੰਜ ਬਚੇ ਨੂੰ ਆਪਣੇ ਸਿਮਰਨਿ ਕਰਕੇ ਅਕਾਸ਼ ਵਿਚ ਲੈ ਉਡਦੀ ਹੈ। ਬਤਕ ਬਚੇ ਨੂੰ ਨਦੀ ਵਿਚ ਲੈ ਤਰਦੀ ਹੈ। ਤੇ ਕੋਇਲ ਬੱਚੇ ਨੂੰ ਕਾਵਣੀ ਦੇ ਆਲ੍ਹਣੇ ਵਿਚੋਂ ਕੱਢਕੇ ਅੰਬ ਬਿਰਖ ਤੇ ਲੈ ਆਂਵਦੀ ਹੈ। ਤੇ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੰਦ ਦੇ ਘਰ ਵੱਸਕੇ ਆਪ ਨੂੰ ਗੋਪਾਲ ਕਹਾਂਵਦੇ ਸਨ; ਜਿਸ ਵੇਲੇ ਬਾਸਦੇਵ ਦਾ ਮਿਲਾਪੁ ਹੋਇਆ ਫੇਰ ਖੱਤ੍ਰੀ ਧਰਮ ਕਰਕੇ ਗੋਪਾਂ ਨੂੰ ਨਾ ਮਿਲੇ। ਤੈਸੇ ਗੁਰੂ ਕੇ ਸਿਖ ਸਿਖਾਂ ਨੂੰ ਸ਼ਬਦ ਦੀ ਸੋਝੀ ਦੇ ਕੇ ਆਤਮ ਗਿਆਨ ਪ੍ਰਪੱਕ ਕਰ ਦੇਂਦੇ ਹੈਨ। ਦੇਹ ਅਭਿਮਾਨ ਉਨ੍ਹਾਂ ਦਾ ਮਿਟ ਜਾਂਦਾ ਹੈ ਤੇ ਜੀਵਨ ਮੁਕਤਿ ਹੋਇਕੈ ਬਿਚਰਦੇ ਹੈਨ। ਆਪਣੀ ਧਰਮ ਦੀ ਕ੍ਰਿਤ ਕਰਕੇ ਵੰਡ ਖਾਂਦੇ ਹੈਨ ਤੇ ਦੇਹ ਅਭਿਮਾਨ ਨੂੰ ਛੱਡ ਕੇ ਨਿਮਾਣੇ ਹੋ ਵਰਤਦੇ ਹਨ ਤੇ ਫੇਰ ਕਦੇ ਅਗਿਆਨ ਦੀ ਕ੍ਰਿਆ ਨਹੀਂ ਕਰਦੇ। ਫੇਰ ਸਿਖਾਂ ਪ੍ਰਸ਼ਨ ਕੀਤਾ: ਜੋ ਐਸੇ ਗਿਆਨਵਾਨ ਜੀਵ ਮੁਕਤ ਹੋਇਕੇ ਵਰਤਦੇ ਹੈਨ, ਸੋ ਅਗਲਿਆਂ ਜੁਗਾਂ ਵਿਚ ਕਈ ਵਿਰਲੇ ਸੁਣੀਦੇ ਹੈਨ, ਇਸ ਕਲਜੁਗ ਵਿਚ ਤਾਂ ਕੋਈ ਨਦਰਿ ਨਹੀਂ ਆਂਵਦੇ ? ਤਾਂ ਭਾਈ ਮਨੀ ਸਿੰਘ


www.sikhbookclub.com

ਜੀ ਬਚਨੁ ਕੀਤਾ: ਜਿਵੇਂ ਤੁਸਾਂ ਬਚਨੁ ਕੀਤਾ ਹੈ ਤਿਵੇਂ ਭਾਈ ਗੁਰਦਾਸ ਤੇ ਪੁੱਛਿਆ ਸੀ ਜੋ ਕਲਜੁਗ ਵਿਚ ਤਾਂ ਇਡੇ ਤਪ ਭੀ ਨਹੀਂ ਸਾਧੇ ਜਾਂਦੇ, ਏਡੇ ਜੋਗ ਭੀ ਨਹੀਂ ਹੋ ਸਕਦੇ, ਏਡੇ ਜੱਗ ਭੀ ਨਹੀਂ ਹੋ ਸਕਦੇ, ਅਜੇਹੇ ਵਿਵੇਕਵਾਨ ਭਗਤ ਕਲਿਜੁਗ ਵਿਚ ਦੁਰਲਭ ਹੈਨ। ਤਾਂ ਭਾਈ ਗੁਰਦਾਸ ਜੀ ਵਚਨੁ ਕੀਤਾ, ਜੈਸੇ ਸੁਕਾਲ ਦੇ ਸਮੇਂ ਕਿਸੇ ਨਗਰ ਵਿਚ ਕੋਈ ਸਾਧ ਪਰਾਹੁਣਾ ਜਾਂਦਾ ਹੈ ਜੇ ਓਸ ਦੀ ਵਡੀ ਸੇਵਾ ਟਹਿਲ ਸਭ ਪਦਾਰਥ ਕਰ ਕਰੀਦੀ ਹੈ ਤਾਂ ਪ੍ਰਸੰਨ ਹੁੰਦਾ ਹੈ। ਤੇ ਜੇ ਅੰਨ ਦੇ ਕਾਲ ਸਮੇਂ ਪ੍ਰਾਹੁਣੇ ਦੀ ਪ੍ਰਸਾਦਿ ਪਾਣੀ ਜੁਗਤਿ ਨਾਲ ਭੀ ਸੇਵਾ ਕਰੀਦੀ ਹੈ ਤਾਂ ਓਹੁ ਬਹੁਤ ਹੀ ਪ੍ਰਸੰਨ ਹੁੰਦਾ ਹੈ, ਜੁ ਅਜੇਹੇ ਸਮੇਂ ਕੋਈ ਕਿਸੇ ਦੀ ਸੇਵਾ ਨਹੀਂ ਕਰਦਾ ਪਰ ਇਸ ਨੇ ਅਸਾਡੀ ਟਹਿਲ ਕੀਤੀ ਹੈ, ਅਸੀਂ ਬਹੁਤ ਪ੍ਰਸੰਨ ਹਾਂ। ਤੈਸੇ ਹੋਰਨਾਂ ਜੁਗਾਂ ਵਿਚ ਜੱਗ, ਹੋਮ, ਤਪ, ਜੋਗ ਸਭ ਕਰਮ ਹੋ ਸਕਦੇ ਸਨ, ਤਾਂ ਕਈ ਹਜ਼ਾਰ ਬਰਸਾਂ ਤੀਕ ਜਗ ਤੇ ਤਪ, ਹੋਮ ਤੇ ਪੂਜਾ ਕਰਦੇ ਸਨ ਤਾਂ ਭਗਵਾਨੁ ਪ੍ਰਸੰਨ ਹੁੰਦਾ ਸੀ ਤੇ ਇਕ ਕਲਜੁਗ ਵਿਚ ਧਰਮ ਦੀ ਕ੍ਰਿਤ ਕਰ ਕੇ ਵੰਡ ਖਾਂਦੇ ਹੈਨਿ, ਤੇ ਗਿਆਨ ਅਗਨਿ ਕਰਕੇ ਜਿਨ੍ਹਾਂ ਦੇਹ ਅਭਿਮਾਨ ਦਗਧ ਕੀਤਾ ਹੈ ਤੇ ਸਾਧ ਸੰਗਤਿ ਵਿਚ ਟੁਰ ਜਾਂਦੇ ਹੈਨਿ, ਤੇ ਗੁਰਾਂ ਦੇ ਸ਼ਬਦ ਤੇ ਦ੍ਰਿੜ੍ਹ ਪ੍ਰਤੀਤ ਰਖਦੇ ਹੈਨਿ, ਓਨਾਂ ਨੂੰ ਵਾਹਿਗੁਰੂ ਤੁਰਤ ਹੀ ਪ੍ਰੇਮ ਭਗਤਿ ਦੇ ਕੇ ਉਧਾਰੁ ਕਰ ਲੈਂਦਾ ਹੈ। ਗੁਰੂ ਨਾਨਕ ਜੀ ਦਾ ਔਤਾਰ ਜਗਤ ਦੇ ਉਧਾਰ ਵਾਸਤੇ ਹੀ ਹੋਆ ਹੈ। ਜੇਹੜੇ ਤਾਂ ਰਿਖੀਸਰੁ ਮੁਨੀਸੁਰ ਗੋਸਟਾਂ ਕਰਕੇ ਉਧਾਰੁ ਕੀਤੇ ਹੈਨਿ, ਉਨ੍ਹਾਂ ਦੀ ਸੰਖਿਆ ਗਿਣੀ ਨਹੀਂ ਜਾਂਦੀ, ਪਰੁ ਜਿਤਨੇ ਸਿਖਾਂ ਦਾ ਉਧਾਰ ਹੋਆ ਹੈ, ਤੇ ਓਨਾਂ ਦੇ ਪਿਛੇ ਸਭ ਦੇਸ ਦਾ ਉਧਾਰ ਹੋਆ ਹੈ ਓਹੁ ਭੀ ਸਭੇ ਗਿਣੇ ਨਹੀਂ ਜਾਂਦੇ, ਪਰੁ ਜੇਹੜੇ ਮੇਰੀ ਸਮਝ ਵਿਚ ਹੈਨ ਤਿਨਾਂ ਦੇ ਨਾਉਂ ਥਾਉਂ ਮੈਂ ਤੁਸਾਨੂੰ ਉਚਾਰੁ ਕਰ ਕੇ ਸੁਣਾਂਵਦਾ ਹਾਂ॥੧੨॥

 www.sikhbookclub.com

# ਪਉੜੀ ਤੇਰ੍ਹਵੀਂ ਚਲੀ॥੧੩॥

## ਸਿਖ ਨਾਮਾਵਲੀ

**ਤਾਰੂ ਪੋਪਟੁ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ।**
**ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਤਿ ਗੁਰਦਾਸੀ।**
**ਪਿਰਥਾ ਖੇਡਾ ਸੋਇਰੀ ਚਰਣ ਸਰਣ ਸੁਖ ਸਹਜਿ ਨਿਵਾਸੀ।**
**ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।**
**ਪ੍ਰਿਥੀ ਮਲੁ ਸਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ।**
**ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ।**
**ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।**
**ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।**
**ਗੁਰਮਤਿ ਭਾਉ ਭਗਤਿ ਪਰਗਾਸੀ॥੧੩॥**

## -ਤਿਸ ਦਾ ਵੀਚਾਰ-

## ਸਾਖੀ ਪਹਿਲੀ ਚਲੀ {ਤਾਰੂ ਪੋਪਟ}

**ਤਾਰੂ** ਪੋਪਟ ਸਿਖ ਪਹਿਲੀ ਪਾਤਸ਼ਾਹੀ ਨੂੰ ਮਿਲਿਆ ਹੈ। ਬਰਸਾਂ ਦਸਾਂ ਦੀ ਆਰਜਾ ਉਸ ਦੀ ਹੈਸੀ। ਸਾਹਿਬ ਦੇ ਦਰਸ਼ਨ ਨੂੰ ਆਇਆ ਤੇ ਅਰਦਾਸ ਕੀਤੀਅਸੁ: ਗਰੀਬ ਨਿਵਾਜ! ਸੁਣਿਆ ਹੈ, ਜੋ ਸੰਤਾਂ ਨੂੰ ਮਿਲਦਾ ਹੈ ਤਿਸ ਨੂੰ ਸ਼ਾਂਤਿ ਪ੍ਰਾਪਤ ਹੁੰਦੀ ਹੈ; ਮੈਂ ਭੀ ਤੁਸਾਡੀ ਸਰਨਿ ਆਇਆ ਹਾਂ। ਤਾਂ ਸਾਹਿਬ ਬਚਨੁ ਕੀਤਾ: ਭਾਈ ਤਾਰੂ ਅਜੇ ਤੇਰੀ ਛੋਟੀ ਅਵਸਥਾ ਹੈ, ਤੁਧ ਆਪਣੇ ਘਰ ਬਾਰ ਦਾ ਸੁਖ ਕੋਈ ਨਹੀਂ ਮਾਣਿਆ, ਤੈਨੇ ਪਰਮੇਸਰ ਦੀ ਗੱਲ ਕਿਥੋਂ ਜਾਤੀ ਹੈ? ਤਾਂ ਅਗੋਂ ਬੋਲਿਆ: ਜੋ ਜੀ ਮੇਰੀ ਮਾਈ ਅਗਨਿ ਜਲਾਵਣ ਲੱਗੀ ਸੀ ਜੋ ਪਹਿਲੇ ਨਿੱਕੀਆਂ ਲਕੜੀਆਂ ਨੂੰ ਅਗਨਿ ਲਗੀ ਤਾਂ ਪਿਛੋਂ ਵਡੀਆਂ ਭੀ ਬਲੀਆਂ, ਤਾਂ ਮੇਰੇ ਮਨ ਵਿਚ ਭੌ ਆਇਆ ਜੋ ਮੈਂ ਭੀ ਸਾਧਾਂ ਨੂੰ ਮਿਲਾਂ ਜੋ ਮੇਰਾ ਭੀ ਕਲਿਆਣੁ ਹੋਵੇ। ਮ੍ਰਿਤੁ ਦਾ ਵਿਸਾਹ ਨਹੀਂ। ਤਾਂ ਬਚਨ ਕੀਤਾ: ਤਾਰੂ ਤੂੰ ਕੁਲਤਾਰੂ ਹੋਵੇਂਗਾ। ਧਰਮ ਦੀ ਕ੍ਰਿਤ ਕਰਕੇ ਵੰਡ ਖਾਵਣਾ, ਤੇ ਜੋ ਸੁਾਸ ਅੰਦਰ

ਆਵੈ ਸੋ ਵਾਹਿਗੁਰੂ ਜਪਣਾ ਤੇ ਬਾਹਰਿ ਜਾਵੈ ਤਾਂ ਵਾਹਿਗੁਰੂ ਜਪਣਾ, ਤੇ ਮਨੁ ਰਾਗ ਦਵੈਖ ਤੇ ਸ਼ੁਧ ਕਰਣਾ। ਏਕ ਰਾਜੇ ਨੇ ਫਟਕ ਦਾ ਮੰਦਰੁ ਬਣਾਇਆ ਸੀ ਤੇ ਇਕ ਦਿਵਾਰ ਵਿਚ ਮੂਰਤਾਂ ਸੁਵਰਨ ਦੀਆਂ ਤੇ ਨਗਾਂ ਜੜੀਆਂ ਸੀ। ਤੇ ਇਕਨਾ ਨੇ ਦੂਜੀ ਦੀਵਾਰ ਘੋਟਸੁਧ ਕੀਤੀ ਸੀ, ਸਭੈ ਮੂਰਤਾਂ ਓਸੇ ਵਿਚ ਭਾਸਣ ਲੱਗੀਆਂ। ਤਾਂ ਤੇ ਰਿਦੇ ਸੁਧ ਵਿਚ ਸਭੇ ਗੁਣ ਭਾਸਤੇ ਹੈਨਿ। ਇਸੇ ਤਰ੍ਹਾਂ ਭਾਈ ਤਾਰੂ ਵਰਤੇ, ਤੇ ਧਰਮ ਦੀ ਕ੍ਰਿਤ ਕਰੇ ਤੇ ਸਦਾ ਭਜਨ ਕਰੇ ਤੇ ਆਇਆਂ ਸਿਖਾਂ ਦੀ ਸੇਵਾ ਕਰੇ, ਤੇ ਤੁਰਨ ਤਾਂ ਨਾਲ ਜਾਇਕੈ ਪਹੁੰਚਾਇ ਆਵੈ। ਸਭਨਾਂ ਨਾਲ ਭਾਉ ਭਗਤਿ ਕਰੇ। ਤਿਸ ਦਾ ਉਧਾਰੁ ਇਸੇ ਤਰ੍ਹਾਂ ਹੋਇਆ॥੧॥

{ਸਾਖੀ ਪੂਰੀ ਹੋਈ}

## ਅਗੇ ਮੂਲੇ ਕੀੜ ਦੀ ਸਾਖੀ

ਮੂਲਾ ਕੀੜ ਭੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਜੀ ਨੂੰ ਮਿਲਿਆ ਸੀ, ਉਸ ਨੇ ਅਰਦਾਸ ਕੀਤੀ ਜੋ ਬਚਨੁ ਹੋਇਆ ਹੈ:

**"ਚੰਚਲ ਚੀਤ ਨ ਜਾਇ ਤਮਾਸੇ।**
**ਜੂਏ ਜਾਇ ਨਾ ਖੇਲੇ ਪਾਸੇ"।**

## -ਤਿਸ ਦਾ ਵੀਚਾਰ-

**ਤਾਂ** ਬਚਨੁ ਹੋਇਆ ਜੋ ਅਗਲੇ ਜੁਗਾਂ ਵਿਚ ਜੂਆ ਰਾਜੇ ਸਾਰਖੇ ਖੇਲਦੇ ਸਨਿ ਤੇ ਮੰਗਲਾਚਾਰ ਤੇ ਵੇਸ਼ਵਾ ਆਦਿਕਾਂ ਦਾ ਕੌਤਕ ਦੇਖਦੇ ਸਨ ਤੇ ਹੁਣ ਕਲਿਜੁਗ ਵਿਚ ਮਰਿਜਾਦਾ ਸਿਖੀ ਦੀ ਠਹਿਰਾਈ ਹੈ, ਜੂਏ ਕਰ ਵਡੀਆਂ ਅਪਦਾ ਹੋਂਦੀਆਂ ਹੈਨ। ਜੋ ਸਿਖੁ ਹੋਵੈ ਸੋ ਜੂਏ ਤੇ ਵੇਸ਼ਵਾ ਦਾ ਤਿਆਗੁ ਕਰੇ। ਤੇ ਸਿਖਾਂ ਨੂੰ ਗੁਰਦੇਵ ਰੂਪ ਕਰਕੇ ਜਾਣੇ ਤੇ ਸਬਦਿ ਨਾਲ ਪ੍ਰੀਤ ਕਰੇ। ਰਾਗ ਪਾਇਕੈ ਸਬਦ ਨੂੰ ਗਾਵੇ ਤੇ ਧਰਮ ਦੀ ਕ੍ਰਿਤ ਕਰੇ ਤੇ ਸਿਖਾਂ ਨੂੰ ਤਨ ਮਨ ਧਨ ਕਰ ਕੇ ਰੀਝਾਵੈ। ਕਈ ਸਿਖ ਦਿਨੇ ਆਵਨਿ ਕਈ ਸਿਖ ਰਾਤੀ ਆਵਨਿ। ਪ੍ਰਸਾਦਿ ਦੀ ਲੋੜ ਵਾਲੇ ਨੂੰ ਪ੍ਰਸਾਦਿ ਰੀਝ ਨਾਲ ਛਕਾਵੈ, ਬਸਤ੍ਰ ਦੀ ਲੋੜ ਵਾਲੇ ਨੂੰ ਬਸਤ੍ਰ ਦੇਵੈ। ਇਕ ਠੱਗ ਸੀ ਓਹੁ ਸਬਦੁ ਬਾਣੀ ਬਹੁਤੀ ਕੰਠ ਕਰਕੇ ਮੂਲੇ ਦੇ ਘਰਿ ਆਇਆ। ਮੂਲੇ ਨੇ ਬਹੁਤੀ ਸੇਵਾ ਟਹਿਲ ਕੀਤੀ। ਰਾਤ ਨੂੰ

ਮੂਲੇ ਦੀ ਸਿਖਣੀ ਆਪਣੇ ਭੂਖਣ ਲਾਹ ਕੇ ਆਲੇ ਵਿਚ ਡੱਬਾ ਧਰਿਕੇ ਸੌਂ ਰਹੀ, ਤੇ ਮੂਲਾ ਭੀ ਸੌਂ ਰਹਿਆ। ਤਾਂ ਠਗੁ ਉਠ ਕੈ ਡਬਾ ਭੂਖਣਾ ਦਾ ਲੈ ਕੇ ਉਠ ਚਲਿਆ। ਹਵੇਲੀ ਦੇ ਬਾਹਿਰ ਦੇ ਦਰਵਾਜੇ ਨੂੰ ਤਾਲਾ ਲੱਗਾ ਹੋਇਆ ਸੀ ਤੇ ਤਾਲੀ ਮੂਲੇ ਪਾਸ ਹੈਸੀ, ਜਾਂ ਓਥੋਂ ਫੇਰ ਆਇਆ ਤਾਂ ਡੱਬਾ ਬਾਹਰ ਹੀ ਛਡ ਆਇਆ। ਤਾਂ ਮੂਲੇ ਨੂੰ ਕਹਿਆ: ਮੈਂ ਰਮਣੇ ਜਾਂਦਾ ਹਾਂ ਮੈਨੂੰ ਕੁੰਜੀ ਦਿਓ। ਤਾਂ ਮੂਲੇ ਕਹਿਆ ਬਾਹਰਿ ਨ ਜਾਵਹੁ ਏਥੇ ਹੀ ਰਮਣੇ ਫਿਰੋ, ਮੈਂ ਤੁਹਾਡਾ ਰਮਣਾ ਸੁਟ ਘੱਤਾਂਗਾ, ਨਾਲੇ ਤੁਸਾਨੂੰ ਇਸ਼ਨਾਨ ਕਰਾਵਾਂਗਾ। ਤਾਂ ਓਸ ਆਖਿਆ ਮੈਨੂੰ ਜ਼ਰੂਰੀ ਕੁੰਜੀ ਦਿਓ। ਤਾਂ ਮੂਲੇ ਨਾਲ ਹੋਇਕੈ ਤਾਲਾ ਖੋਲਿਆ ਤਾਂ ਉਹ ਡੱਬਾ ਲੈ ਕੇ ਤੁਰਿਆ। ਓਸ ਦੀ ਬਗਲ ਥੀਂ ਡੱਬਾ ਢਹਿ ਪਇਆ, ਤਾਂ ਮੂਲੇ ਉਸ ਨੂੰ ਡੱਬਾ ਫੇਰ ਉਠਾਇ ਦਿਤਾ। ਝਲਾਂਘੁ ਹੋਇਆ ਤਾਂ ਮੂਲੇ ਦੀ ਸਿੱਖਣੀ ਉਠੀ ਤਾਂ ਵੇਖੇ ਭੂਖਣਾਂ ਦਾ ਡੱਬਾ ਹੈ ਨਹੀਂ, ਤਾਂ ਮੂਲੇ ਨੂੰ ਲਗੀ ਪੁੱਛਣ, ਤਾਂ ਮੂਲੇ ਆਖਿਆ ਰਾਤੀਂ ਚੋਰ ਅਸਾਡੇ ਘਰ ਆਇਆ ਸੀ, ਓਹੁ ਭੂਖਣ ਲੈ ਗਇਆ ਹੈ ਤੇ ਸਿਖੁ ਸ਼ਰਮਿੰਦਾ ਹੋਇਕੈ ਉਠਿ ਗਇਆ ਹੈ, ਜੋ ਮਤ ਮੈਨੂੰ ਬਦਨਾਮੀ ਹੁੰਦੀ ਹੋਵੈ। ਤਾਂ ਓਸ ਤ੍ਰੀਆ ਨੂੰ ਹੋਰ ਭੂਖਣ ਘੜਾਇ ਦਿਤੇ। ਸਾਹਿਬ ਮੂਲੇ ਤੇ ਬਹੁਤ ਪਰਸੰਨ ਹੋਏ। ਤੁਧ ਮੇਰਾ ਪੜਦਾ ਢਕਿਆ ਹੈ, ਤੇਰਾ ਪੜਦਾ ਗੁਰੂ ਢਕੇਗਾ। ਤੁਸਾਂ ਸ਼ਬਦ ਨੂੰ ਤੇ ਗੁਰੂ ਨੂੰ ਇਕੋ ਰੂਪ ਜਾਣਨਾ! ਸਬਦੁ ਸਤਿਗੁਰ ਦਾ ਰਿਦਾ ਜਾਣ ਕੈ ਸ੍ਰਵਨ ਮਨਨ ਕਰਨਾ। ਤੁਸਾਡਾ ਉਧਾਰੁ ਹੋਵੇਗਾ॥੨॥

## ਸਾਖੀ ਹੋਰ ਚਲੀ {ਪ੍ਰਿਥਾ ਖੇੜਾ}

**ਪ੍ਰਿਥਾ** ਤੇ ਖੇੜਾ ਸੋਇਨੀ ਜਾਤ ਦੇ ਖੱਤ੍ਰੀ ਹੈਸਨਿ, ਸਤਿਗੁਰਾਂ ਦੇ ਦਰਸ਼ਨ ਨੂੰ ਕਰਤਾਰਪੁਰ ਆਏ। ਅਗੇ ਬਾਣੀ ਦਾ ਵੀਚਾਰ ਹੁੰਦਾ ਸੀ। ਜਿਸ ਵੇਲੇ ਗੁਰੂ ਕੇ ਹਜੂਰ ਆਇ ਬੈਠੇ ਤਾਂ ਦੋਨੋਂ ਦਾ ਮਨੁ ਇਕਾਗਰ ਹੋਇ ਗਇਆ। ਸਤਿਗੁਰਾਂ ਬਚਨੁ ਕੀਤਾ: ਜਿਸ ਕਾਮਨਾ ਵਾਸਤੇ ਤੁਸੀਂ ਆਏ ਹੋ ਸੋ ਮੰਗੋ। ਤਾਂ ਉਹਨਾਂ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਅਸਾਨੂੰ ਆਪਣੇ ਚਰਨਾਂ ਦੀ ਸ਼ਰਨੀ ਰਖੀਏ ਤੇ ਏਹੁ ਦਾਨੁ ਦਿਚੇ ਜੁ ਜਗਤ ਨੂੰ ਅਸਾਰ ਜਾਣਕੇ ਅਸੀਂ ਮੰਗੀਏ ਕਛੁ ਨਹੀਂ। ਬਚਨੁ ਹੈ:- **"ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ।"**{ਪੰਨਾ ੪੩੭} ਤੇਰੀ ਭਗਤਿ ਦੇ ਭੰਡਾਰ ਨਿਖੁਟਦੇ ਨਹੀਂ, ਅਗੇ ਭੀ ਸਿਖ ਖਾਇਕੇ ਆਏ ਹੈਂ ਤੇ ਹੁਣ ਭੀ ਖਾਂਦੇ ਹੈਨ ਤੇ ਅਗੇ ਭੀ

ਖਾਵਨਿਗੇ। ਅਸਾਨੂੰ ਏਹੁ ਦਾਨੁ ਦਿਚੈ ਜੁ ਤੇਰਾ ਹੁਕਮ ਅਸਾਨੂੰ ਮਿਠਾ ਲਗੇ, ਤੇ ਹੋਰ ਮੰਗਣ ਦੀ ਆਸਾ ਨਿਵਿਰਤ ਹੋਵੈ, ਤੇਰੇ ਚਰਨਾਂ ਦੀ ਸ਼ਰਨਿ ਰਹੀਏ। ਬਚਨੁ ਹੋਇਆ: ਅਸਾਡੇ ਚਰਨ ਸਾਧ ਸੰਗਤਿ ਵਿਚ ਸਦਾ ਰਹਿੰਦੇ ਹੈਨ, ਤੁਸਾਂ ਸਾਧਾਂ ਦੀ ਸੇਵਾ ਕਰਨੀ ਤੇ ਧਰਮਸਾਲਾ ਦੁਇ ਵੇਲੇ ਟੁਰ ਜਾਵਣਾ ਤੇ ਸੰਤਾਂ ਵਿਚ ਸਤਿਗੁਰਾਂ ਵਿਚ ਤੇ ਪਰਮੇਸਰ ਵਿਚ ਭੇਦੁ ਨਹੀਂ ਜਾਨਣਾ ਤੇ ਧਰਮ ਦੀ ਕ੍ਰਿਤ ਕਰਕੇ ਅਥਿਤਾਂ ਸਿਖਾਂ ਨਾਲ ਵੰਡ ਖਾਵਣਾ, ਤੁਸੀਂ ਸਦਾ ਮੇਰੇ ਚਰਨਾਂ ਦੀ ਸ਼ਰਨਿ ਹੋ, ਸਰੀਰ ਮੇਰਾ ਸਰਗੁਣ ਹੈ ਤੇ ਸਬਦੁ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ, ਜੇ ਸਰੀਰ ਨਾਲਿ ਮਿਲੋਗੇ ਤਾਂ ਫਿਰ ਭੀ ਵਿਛੁੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ॥੩॥

## ਸਾਖੀ ਹੋਰ ਚਲੀ {ਮਰਦਾਨਾ}

**ਇਕ** ਦਿਨ ਗੁਰੂ ਨਾਨਕ ਜੀ ਰਾਇ ਭੋਏਂ ਦੀ ਤਲਵੰਡੀ ਬੈਠੇ ਸਨ ਤੇ ਇਕ ਡੂੰਮ ਆਇਕੈ ਰਬਾਬੁ ਵਜਾਇਆ ਤੇ ਰਾਗੁ ਅਲਾਪਿਆ, ਤਿਸ ਦਾ ਰਾਗੁ ਸੁਣਿ ਕੈ ਮਨੁ ਇਕਾਗਰ ਹੋਇਆ। ਤਾਂ ਸਾਹਿਬ ਨੇ ਪੁਛਿਆ ਭਾਈ ਤੇਰਾ ਨਾਉਂ ਕਿਆ ਹੈ? ਤਾਂ ਓਸ ਨੇ ਕਹਿਆ: ਜੀ ਮੇਰਾ ਨਾਉਂ ਦਾਨਾ ਮੀਰਾਸੀ ਲੋਕ ਕਹਿੰਦੇ ਹੈਨਿ। ਬਚਨੁ ਹੋਇਆ: ਤੂੰ ਰਬਾਬੁ ਭਲੀ ਵਜਾਇੰਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰੁ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਏਹ ਰਾਗ ਸਬਦ ਪਾਇਕੈ ਗਾਵੈਂ, ਤਾਂ ਅਸੀਂ ਤੇਰਾ ਦੀਨ ਦੁਨੀ ਵਿਚ ਉਧਾਰੁ ਕਰੀਏ। ਤਾਂ ਓਸ ਆਖਿਆ: ਜੀ ਅਸੀਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਵਦੇ ਹਾਂ, ਆਪਣੇ ਪੁਤ੍ਰਾਂ ਧੀਆਂ ਵਿਚ ਦੁਨੀਆਂ ਦੀ ਗੁਜ਼ਰਾਨ ਕਰਦੇ ਹਾਂ ਤੇ ਪੰਜ ਵੇਲੇ ਨਿਮਾਜ ਪੜ੍ਹਦੇ ਹਾਂ, ਤੇ ਤੀਹ ਰੋਜੇ ਰਮਜ਼ਾਨ ਨੂੰ ਰਖਦੇ ਹਾਂ, ਅਸਾਡਾ ਦੀਨ ਦਾ ਭਲਾ ਹੁੰਦਾ ਹੈ; ਤੂੰ ਤਾਂ ਉਦਾਸੀ ਕੀਤੀ ਚਾਹਨਾ ਹੈਂ ਅਸੀਂ ਜੇ ਤੇਰੇ ਨਾਲਿ ਲਗਾਂਗੇ, ਤਾਂ ਦੁਨੀਆਂ ਦੇ ਜੋ ਕੁਟੰਬੀ ਹੈਨਿ, ਸੋ ਸਭ ਭੁਖ ਨਾਲਿ ਮਰ ਜਾਵਨਿਗੇ ਤੇ ਅਗੋਂ ਨਿਵਾਜ ਰੋਜਾ ਨਾ ਹੋਵੇਗਾ। ਦੀਨ ਭੀ ਤੇ ਦੁਨੀ ਭੀ ਅਸਾਡੇ ਦੋਵੈਂ ਜਾਵੈਂਗੇ, ਤੁਸੀਂ ਉਧਾਰੁ ਕਿਸ ਤਰ੍ਹਾਂ ਕਰੋਗੇ? ਤਾਂ ਸਾਹਿਬ ਬਚਨ ਕੀਤਾ: ਦਾਨਿਆਂ ਤੂੰ ਦਿਵਾਨਾ ਹੋਇਆ ਹੈਂ? ਸਾਰੀ ਸ੍ਰਿਸਟਿ ਦੀ ਪਾਲਨਾ ਈਸ਼੍ਵਰ ਕਰਦਾ ਹੈ ਕਿ ਤੂੰ ਕਰਦਾ ਹੈਂ? ਏਹੁ ਦਿਵਾਨਿਆਂ ਦੀ ਬ੍ਰਿਤਿ ਹੈ ਜੋ ਤੂੰ ਆਪਣੇ ਸਿਰ ਕੁਟੰਬੀਆਂ ਦਾ ਭਾਰੁ ਚੁੱਕ ਲੀਤਾ ਹੈ, ਨਹੀਂ ਤਾਂ ਸਭਨਾਂ

ਜੀਆਂ ਦੀ ਪਾਲਣਾ ਵਾਹਿਗੁਰੂ ਕਰਦਾ ਹੈ। ਤੇ ਦੂਜਾ ਤੁਧ ਕਹਿਆ ਜੋ ਨਿਵਾਜ ਰੋਜਾ ਕਰਕੇ ਮੇਰਾ ਭਲਾ ਹੋਵੈਗਾ, ਤਾਂ ਆਖ ਵੇਖਾਂ ਨਿਮਾਜ਼ ਤੇ ਰੋਜੇ ਦਾ ਅਰਥ ਕਿਆ ਹੈ ਤੇ ਕਿਤਨੇ ਵੇਲੇ ਨਿਮਾਜ ਤੇ ਰੋਜ਼ਾ ਜਗਤ ਵਿਚ ਆਂਵਦਾ ਹੈ? ਤਾਂ ਅਗੋਂ ਉਸ ਡੂਮ ਆਖਿਆ ਜੀ ਨਿਮਾਜ਼ ਰੋਜ਼ੇ ਦਾ ਅਰਥ ਤਾਂ ਮੈਂ ਨਹੀਂ ਜਾਣਦਾ, ਪਰ ਇਤਨਾ ਜਾਣਦਾ ਹਾਂ ਜੋ ਪੰਜ ਵੇਲੇ ਨਿਮਾਜ ਨਿਤ ਆਂਵਦੀ ਹੈ, ਇਕੁ ਮਹੀਨਾ ਰਮਜ਼ਾਨ ਦੇ ਰੋਜ਼ੇ ਨਿਤ ਵਰਸ ਦੇ ਵਰਸ ਜਗਤੁ ਵਿਚ ਆਂਵਦੇ ਹੈਨਿ ਤਾਂ ਬਚਨੁ ਹੋਆ ਹੋਰਸ ਵੇਲੇ ਨਿਮਾਜ ਤੇ ਰੋਜ਼ੇ ਕਿਥੇ ਰਹਿੰਦੇ ਹੈਨਿ। ਤਾਂ ਉਸ ਆਖਿਆ ਜੀ ਓਹੁ ਖ਼ੁਦਾਇ ਦੇ ਘਰ ਰਹਿੰਦੇ ਹੈਨਿ। ਬਚਨੁ ਹੋਆ ਖ਼ੁਦਾਇ ਦਾ ਘਰੁ ਕੌਨੁ ਹੈ? ਓਸ ਆਖਿਆ ਜੀ ਮੈਂ ਡਿਠਾ ਨਹੀਂ। ਤਾਂ ਸਾਹਿਬ ਬਚਨੁ ਕੀਤਾ: ਖ਼ੁਦਾਇ ਦਾ ਘਰੁ ਸੰਤਾਂ ਦਾ ਰਿਦਾ ਹੈ ਤੇ ਸੰਤ ਖ਼ੁਦਾਇ ਦੇ ਰਿਦੇ ਵਿਚ ਵਸਦੇ ਹੈਨਿ; ਜੋ ਸ੍ਵਾਸ ਸ੍ਵਾਸ ਵਾਹਿਗੁਰੂ ਦਾ ਨਾਮ ਜਪਦੇ ਹੈਨਿ ਸਦਾ ਨਿਮਾਜ਼ ਓਨਾਂ ਦੇ ਰਿਦੇ ਵਿਚ ਵਸਦੀ ਹੈ। ਤੇ ਸੰਤ ਜੋ ਸਦਾ ਸੰਜਮ ਨਾਲਿ ਅਹਾਰੁ ਕਰਦੇ ਹੈਨਿ, ਸਦਾ ਰੋਜੇ ਓਨਾਂ ਦੇ ਘਰ ਰਹਿੰਦੇ ਹੈਨ। ਜੋ ਸੰਤਾਂ ਦਾ ਸੰਗੁ ਕਰਦੇ ਹੈਨਿ ਓਨਾਂ ਨੂੰ ਸੰਜਮੁ ਪ੍ਰਾਪਤ ਹੁੰਦਾ ਹੈ। ਬਚਨ ਹੋਆ*: ਦਾਨਿਆਂ ਮਹਾਰਾਜ ਪੁਛਨਿਗੇ, ਤੁਸਾਨੂੰ ਜੋ ਮਨੁਖਾ ਜਨਮੁ ਦਿਤਾ ਸੀ ਤੇ ਸਭ ਪਦਾਰਥ ਦਿਤੇ ਸਨਿ ਤੇ ਚੌਵੀ ਹਜ਼ਾਰ ਸ੍ਵਾਸ ਅਜਾਂਈ ਜਾਂਦਾ ਸੀ, ਤੁਸਾਂ ਭਜਨੁ ਮਹਾਰਾਜ ਦਾ ਕਿਉਂ ਨਾ ਕੀਤਾ ਤੇ ਪਦਾਰਥ ਗੋਬਿੰਦ ਦੇ ਨਮਿਤ ਕਿਉਂ ਨਾ ਦਿਤੇ? ਤਾਂ ਤੁਸੀਂ ਸਾਹਮਣੇ ਦੇਖ ਨ ਸਕੋਗੇ ਤੇ ਹਥ ਦੋਨੋਂ ਕਮਰ ਤੇ ਰਖਕੇ ਖੜੇ ਰਹੋਗੇ। ਤਾਂ ਫਰੇਸਤਿਆਂ ਨੂੰ ਆਗਿਆ ਹੋਵੇਗੀ ਇਨ੍ਹਾਂ ਨੂੰ ਮਾਰੋ, ਤਾਂ ਮਾਰੀਦੇ ਹੋਏ ਗੋਡਿਆਂ ਪਰਨੇ ਡਿਗ ਪਵੋਗੇ। ਤਾਂ ਫੇਰ ਫਰੇਸਤਿਆਂ ਨੂੰ ਆਗਿਆ ਹੋਵੈਗੀ; ਫੇਰ ਓਹੁ ਮਾਰਨਿ ਲਗਨਿਗੇ ਤਾਂ ਤੁਸੀਂ ਸਿਰ ਦੇ ਪਰਨੇ ਡਿਗ ਪਵੋਗੇ, ਤਾਂ ਫੇਰ ਉਠ ਖੜਾ ਕਰਨਿਗੇ। ਫੇਰ ਪੁਛਨਗੇ ਤੁਸਾਂ ਆਰਜਾ ਬਿਰਥੀ ਕਿਉਂ ਗਵਾਈ? ਜਦ ਦੋਇ ਤਿੰਨ ਵੇਰੀ ਮਾਰ ਕੇ ਉਠਾਈਓਗੇ ਤਾਂ ਤੁਸੀਂ ਸਜੇ ਪਾਸੇ ਦੇਖੋਗੇ। ਉਥੇ ਗੁਰ ਪੀਰ ਮੁਰਸ਼ਿਦ ਪੈਕੰਬਰ ਖੜੋਤੇ ਹੋਵਨਿਗੇ, ਤਾਂ ਓਨਾਂ ਅਗੇ ਤੁਸੀਂ ਬੇਨਤੀ ਕਰੋਗੇ, ਜੋ ਅਸੀਂ ਤੁਸਾਡੇ ਸਿਖ ਮੁਰੀਦ ਹੋਏ ਸਾਂ ਹੁਣ ਤੁਸੀਂ ਅਸਾਨੂੰ

* ਮਰਦਾਨੇ ਨੂੰ ਉਸ ਦੀ ਸਮਝ ਅਨੁਸਾਰ ਰਸਮੀ ਨਿਮਾਜ਼ ਰੋਜ਼ੇ ਤੋਂ ਕੱਢਕੇ ਸੱਚੀ ਭਗਤੀ ਵਲ ਲੈ ਜਾ ਰਹੇ ਹਨ, ਜਿਸ ਦਾ ਨਿਰੂਪਣ 'ਪੰਜ ਨਿਵਾਜਾਂ' ਦੇ ਸ਼ਬਦ ਵਿਚ ਅੱਗੇ ਚਲ ਕੇ ਕਰਨਗੇ।

ਛੁਡਾਓ। ਤਾਂ ਅਗੋਂ ਗੁਰ ਪੀਰ ਆਖਣਗੇ ਜਿਸ ਵੇਲੇ ਤੁਸਾਡੇ ਸਰੀਰ ਅਰੋਗ ਹੈਸਨਿ ਤਾਂ ਅਸੀਂ ਤੁਸਾਨੂੰ ਪੁਕਾਰਕੇ ਕਹਿੰਦੇ ਸਾਂ ਜੁ ਤੁਸੀਂ ਮਹਾਰਾਜ ਦਾ ਭਜਨੁ ਕਰਹੁ, ਪਰਮੇਸਰ ਨਮਿਤ ਦਾਨੁ ਦੇਵਹੁ, ਸੰਤਾਂ ਦੀ ਸੇਵਾ ਕਰਹੁ, ਓਸ ਵੇਲੇ ਅਸਾਡਾ ਕਹਿਆ ਮੰਨਦੇ ਨਹੀਂ ਸੇ ਤੇ ਆਪਣਿਆਂ ਕੁਟੰਬੀਆਂ ਨੂੰ ਮਿਤ੍ਰ ਜਾਣਦੇ ਸੇ, ਹੁਣ ਭੀ ਓਨ੍ਹਾਂ ਨੂੰ ਆਖੋ। ਤਾਂ ਤੁਸੀਂ ਬਾਏਂ ਪਾਸੇ ਦੇਖੋਗੇ, ਓਥੇ ਅਗੇ ਕੁਟੰਬੀ ਮਾਰੀਦੇ ਹੋਵਨਿਗੇ। ਤਾਂ ਓਹੁ ਆਖਣਗੇ ਅਸੀਂ ਆਪਣਿਆਂ ਕਰਮਾਂ ਨੂੰ ਪਕੜੇ ਹੋਏ ਹਾਂ। ਤੁਸੀਂ ਦੋਹਾਂ ਪਾਸਿਓਂ ਨਿਰਾਸ ਹੋ ਕੇ ਫੇਰ ਮਹਾਰਾਜ ਦੇ ਅਗੇ ਹੱਥ ਅਡੋਗੇ, ਜੋ ਹੁਣ ਤੂੰ ਅਸਾਨੂੰ ਬਖਸ਼ੁ। ਜਿਵੇਂ ਚੋਰ ਨੂੰ ਪਕੜਕੇ ਅਨ੍ਹੇਰੀ ਕੋਠੀ ਵਿਚ ਪਾਇ ਦੇਈਦਾ ਹੈ, ਤਿਵੇਂ ਤੁਸਾਂ ਕੀਂ ਰੋਜ਼ੇ ਬ੍ਰਤ ਕਰਾਈਅਨਿਗੇ। ਜੇ ਹੁਣ ਤੂੰ ਮਰਦਾਨਾ ਹੋਵੈਂ ਤਾਂ ਸੰਤਾਂ ਦਾ ਸੰਗੁ ਕਰੈਂ, ਤੇ ਸਬਦੁ ਪਾਇਕੇ ਰਾਗ ਨੂੰ ਗਾਵੈਂ, ਤਾਂ ਤੇਰਾ ਅਸੀਂ ਦੁਹਾਂ ਲੋਕਾਂ ਦਾ ਕਾਰਜੁ ਕਰਾਂਗੇ। ਤਾਂ ਉਸ ਆਖਿਆ: ਜੀ ਜਿਵੇਂ ਤੁਸਾਡੀ ਰਜਾਇ ਹੋਵੈ। ਬਚਨੁ ਹੋਆ ਤੇਰਾ ਨਾਉ ਅਸਾਂ ਮਰਦਾਨਾ ਰਖਿਆ ਹੈ, ਵਾਹਿਗੁਰੂ ਦਾ ਭਜਨੁ* ਕਰੁ, ਤੇਰੇ ਕੁਟੰਬੀਆਂ ਦੀ ਭੀ ਤੇ ਤੇਰੀ ਭੀ ਅਸੀਂ ਖਬਰ ਲੇਵਾਂਗੇ। ਤਾਂ ਮਰਦਾਨਾ ਬਾਬੇ ਦੇ ਨਾਲ ਹੋਇਆ। ਤਾਂ ਬਾਬਾ ਬੋਲਿਆ:-

**"ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥**
**ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥**
**ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ॥**
**ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥**
**ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥੩॥"**

{ਪੰਨਾ ੧੪੧}

ਤਾਂ ਬਾਬੇ ਆਖਿਆ ਮਰਦਾਨਿਆਂ ਪਹਿਲੀ ਨਿਵਾਜ ਸਚੁ ਕਮਾਵਣਾ। ਦੂਜੀ ਨਿਵਾਜ ਧਰਮ ਦੀ ਕ੍ਰਿਤ ਕਰਕੇ ਖਾਵਣੀ ਤੇ ਮਨ ਨੂੰ ਗੁਰਾਂ ਦੇ ਬਚਨਾਂ ਦੀ ਕਦਰ ਕਰ ਕੁਹਣਾ, ਹਲਾਲੁ ਕਰਣਾ। ਤੀਜਾ ਸਭਸੇ ਦਾ ਭਲਾ ਚਿਤਵਣਾ ਤੇ ਪਰਮੇਸ਼ਰ ਦੇ ਨਮਿਤ ਵੰਡ ਖਾਵਣਾ। ਚੌਥੇ ਸੁਧ ਮਨਸ ਰਖਣਾ, ਕਿਵੇਂ ਮਹਾਰਾਜ ਦੇ ਨਾਮ ਦੀ ਪ੍ਰਤੀਤ ਪ੍ਰਾਪਤਿ ਹੋਵੇ। ਤੇ ਪੰਜਵੇਂ ਜੋ ਸ੍ਵਾਸ ਹੈਨਿ ਸੋ ਪਰਮੇਸਰ ਦੀ ਸਿਫਤ ਤੇ ਸੰਤਾਂ ਦੀ ਸਿਫਤਿ ਵਿਚ ਗੁਜ਼ਾਰਣੇ। ਆਧੂ ਭਲਿਆਂ

* ਇਹ ਦੋ ਅੱਖਰ ਨਵੇਂ ਹਨ, ਪੋਥੀ ਵਿਚ ਨਹੀਂ ਹਨ।


www.sikhbookclub.com

ਕਰਮਾਂ ਵਿਚ ਗੁਜ਼ਾਰਨੀ ਤੇ ਸੰਤਾਂ ਦੀ ਟਹਿਲ ਕਰਨੀ। ਏਹੋ ਕਲਮਾਂ ਹੈਨਿ, ਜੇ ਇਓਂ ਵਰਤੇਂਗਾ ਤਾਂ ਦੋਜਕ ਨ ਜਾਵੇਂਗਾ॥੪॥

## ਸਾਖੀ ਹੋਰ ਚਲੀ {ਪ੍ਰਿਥੀ ਮੱਲੁ, ਰਾਮਾ ਡਿਡੀ}

**ਪ੍ਰਿਥੀ** ਮਲੁ ਸਹਗਲੁ ਤੇ ਰਾਮਾ ਡਿਡੀ ਏਹ ਭੀ ਬਾਬੇ ਨਾਨਕ ਜੀ ਥੀਂ ਵਰੁਸਾਣੇ ਹੈਨਿ। ਜਿਸ ਦਿਨ ਓਸ ਪਹਿਲੀ ਪਾਤਿਸ਼ਾਹੀ ਦਾ ਦਰਸਨੁ ਕੀਤਾ ਹੈ, ਤਾਂ ਏਨਾਂ ਅਰਦਾਸ ਕੀਤੀ ਜੋ ਅਸਾਂਨੂੰ ਇਜੇਹਾ ਸੁਖਾਲਾ ਰਾਹੁ ਦੱਸੋ ਜੋ ਅਸੀਂ ਬਿਸਨ ਨਾਲਿ ਇਕ ਰੂਪ ਹੋਈਐ। ਤਾਂ ਸਾਹਿਬ ਕਹਿਆ ਤਿੰਨ ਪ੍ਰਕਾਰ ਦਾ ਤਪੁ ਹੈ: ਜੋ ਨੰਗਾ ਰਹਿਣਾ, ਭੁੱਖਾ ਮਰਣਾ, ਜਲ ਵਿਚ ਬੈਠਣਾ, ਇਸ ਕਰਕੇ ਭੀ ਜੋ ਸਹਕਾਮ ਹੈਨਿ; ਉਹਨਾਂ ਨੂੰ ਰਿਧਾਂ ਸਿਧਾਂ ਫੁਰਦੀਆਂ ਹੈਨਿ, ਤੇ ਜੋ ਨਿਹਕਾਮ ਹੈਨਿ, ਤਿਨ੍ਹਾਂ ਦਾ ਰਿਦਾ ਸੁੱਧ ਹੁੰਦਾ ਹੈ। ਪ੍ਰਿਥਮੇ, ਏਹੁ ਤਪੁ ਕਰਣਾ ਕਠਨ ਹੈ। ਬਹੁਰੇ ਮਨ ਵਿਚ ਕਾਮ ਕਰੋਧ ਫੁਰ ਆਂਵਦਾ ਹੈ। ਤਾਂਤੇ ਤੁਸੀਂ ਰਾਜਸੀ ਸਾਂਤਕੀ ਤਪੁ ਕਰੋ, ਤੁਸਾਡਾ ਤੁਰਤ ਕਲਿਆਣੁ ਹੋਵੇਗਾ। ਤਾਂ ਉਹਨਾਂ ਕਹਿਆ ਜੀ ਅਸੀਂ ਜਾਣਦੇ ਨਹੀਂ, ਜੋ ਰਾਜਸੀ ਸਾਂਤਕੀ ਤਪੁ ਅਰੁ ਭਗਤਿ ਕਿਸ ਨੂੰ ਕਹਿੰਦੇ ਹੈਨਿ। ਬਚਨੁ ਹੋਆ ਅੱਖੀ ਨੋਂ ਸੁੰਦਰ ਰੂਪ ਵਲੋਂ ਹਟਾਵਣਾ, ਤੇ ਕਰਨਾ ਨੂੰ ਨਿੰਦਿਆ ਉਸਤਤਿ ਵਲੋਂ ਹਟਾਵਣਾ, ਤੇ ਹਥਾਂ ਨੂੰ ਚੋਰੀ ਜਾਰੀ ਵਲੋਂ ਹਟਾਵਣਾ, ਤੇ ਪੈਰਾਂ ਨੂੰ ਬੁਰੇ ਕੰਮ ਤੇ ਕੁਸੰਗ ਵਲੋਂ ਹਟਾਵਣਾ, ਤੇ ਅੱਖੀਆਂ ਨੂੰ ਸੰਤਾਂ ਦੇ ਦਰਸ਼ਨ ਤੇ ਪੋਥੀਆਂ ਗਿਰੰਥਾਂ ਦੇ ਦਰਸ ਵਲਿ ਜੋੜਨਾ ਤੇ ਰਸਨਾ ਨੂੰ ਝੂਠ ਥੀਂ ਮੋੜਕੇ ਮਿਠੇ ਬੋਲਣ ਤੇ ਸਿਫਤ ਵਲਿ ਜੋੜਨਾ, ਤੇ ਹੱਥਾਂ ਨੂੰ ਸੰਤਾਂ ਦੀ ਸੇਵਾ ਨਾਲਿ ਜੋੜਨਾ ਤੇ ਦਾਨ ਨਾਲ, ਪੈਰਾਂ ਨੂੰ ਗੁਰਦੁਆਰੇ ਤੇ ਸੰਤਾਂ ਵੱਲ ਲੈ ਜਾਵਣਾ। ਏਹੁ ਰਾਜਸੀ ਤਪੁ ਹੈ। ਤੇ ਸਾਂਤਕੀ ਤਪੁ ਕਿਆ ਹੈ? ਜੋ ਪੁਰਖੁ ਜਿਸ ਵੇਲੇ ਨਾਮ ਵਲਿ ਕਿ ਬਾਣੀ ਵਲਿ ਧਿਆਨੁ ਕਰਦਾ ਹੈ ਤਾਂ ਮਨੁ ਵਿਚੋਂ ਨਿਕਲ ਜਾਂਦਾ ਹੈ, ਤਾਂ ਮਨ ਨੂੰ ਹੋਰਨਾਂ ਵਾਸ਼ਨਾਂ ਵਲੋਂ ਬਾਰੰਬਾਰ ਹਟਾਇਕੈ ਤੇ ਨਾਮ ਵਲਿ ਜੋੜਨਾ ਤੇ ਆਪ ਨਹੀਂ ਥੱਕਣਾ ਜੋ ਮਨੁ ਤਾਂ ਜੁੜਤਾ ਨਹੀਂ। ਏਸੇ ਮਨ ਨੂੰ ਥਕਾਵਣਾ, ਜਿਉਂ ਕਰ ਘੋੜੇ ਨੂੰ ਮਸਾਲਾ ਖਵਾਵਣਾ ਹੁੰਦਾ ਹੈ ਤੇ ਓਹੁ ਖਾਂਦਾ ਨਹੀਂ ਸੁੱਟ ਸੁੱਟ ਘੱਤਦਾ ਹੈ, ਪਰੁ ਜੇ ਖੁਲਾਵਣ ਵਾਲਾ ਢਿੱਲਾ ਹੋ ਕੇ ਤੇ ਭਾਉ ਕਰਕੇ ਉਸ ਦੇ ਮੂੰਹ ਵਿਚ ਹਥੁ ਪਾਈ ਰਖਦਾ ਹੈ ਤਾਂ ਘੋੜਾ ਥੱਕ ਕੇ ਮਸਾਲਾ ਖਾਂਦਾ ਹੈ। ਪਰ ਜੇ ਖੁਲਾਵਣ ਵਾਲਾ ਓਦਰ ਜਾਂਦਾ ਹੈ, ਤੇ ਛੋਡ ਦੇਂਦਾ ਹੈ ਤਾਂ ਘੋੜਾ ਮੂੰਹ ਵਿਚ ਰਖਿਆ ਹੋਇਆ ਭੀ ਸੁਟ ਘੱਤਦਾ

ਹੈ। ਪਰ ਮਸਾਲਾ ਖਵਾਇਕੇ ਜਾਂ ਕਾਜਾ ਕਰਦਾ ਹੈ, ਤਾਂ ਘੋੜੇ ਦਾ ਰੋਗੁ ਦੂਰ ਹੁੰਦਾ ਹੈ। ਤੈਸੇ ਮਨ ਨੂੰ ਦੁਰਵਾਸ਼ਨਾ ਵਲੋਂ ਹਟਾਂਵਦਾ ਤੇ ਸਬਦ ਦੇ ਧਿਆਨ ਵਿਚ ਜੋੜਦਾ ਰਹੇ। ਜਿਸ ਵੇਲੇ ਸ਼ਬਦ ਇਸ ਦੇ ਮਨ ਵਿਚ ਸਮਝ ਦੇਵੈਗਾ ਤਾਂ ਇਸ ਦੇ ਜਨਮ ਮਰਨ ਦਾ ਰੋਗੁ ਕਾਟੀਐਗਾ। ਤਾਂ ਓਨਾਂ ਨੇ ਏਹੋ ਬਚਨੁ ਦ੍ਰਿੜ ਕਰ ਲੀਤਾ ਜਿਥੇ ਸਾਧ ਸੰਗਤਿ ਹੋਵੈ ਤਿਥੇ ਤੁਰ ਜਾਵਨਿ। ਨਾਲੇ ਟਹਿਲ ਕਰਨੀ, ਸਾਥ ਹੀ ਸ਼ਬਦ ਦਾ ਅਭਿਆਸੁ ਕਰਨਾ। ਓਨ੍ਹਾਂ ਦਾ ਸਭ ਕੁਟੰਬੀਆਂ ਸਮੇਤ ਕਲਿਆਣ ਹੋਆ॥੫॥

## ਅਗੇ ਸਾਖੀ ਹੋਰ ਚਲੀ {ਦੌਲਤ ਖ਼ਾਂ ਲੋਦੀ}

**ਦੌਲਤ** ਖਾਂ ਲੋਦੀ ਸੁਲਤਾਨ ਪੁਰ ਵਿਚ ਰਹਿੰਦਾ ਸੀ, ਓਸ ਜਾਗਾ ਦਾ ਸਿਰਦਾਰੁ ਸੀ ਤੇ ਜੈਰਾਮ ਬਾਬੇ ਜੀ ਦਾ ਬਹਨੋਈ ਸੀ, ਓਸ ਦਾ ਮੋਦੀ ਖਾਨਾ ਕਰਦਾ ਸੀ। ਓਥੇ ਬਾਬਾ ਜੀ ਗਏ ਤਾਂ ਜੈਰਾਮ ਦਾ ਸਾਰਾ ਮੋਦੀ ਖਾਨੇ ਦਾ ਕੰਮੁ ਬਾਬੇ ਦੇ ਹਵਾਲੇ ਕੀਆ। ਬਾਬੇ ਦੇ ਅਗੇ ਸਭੇ ਵਟੇ ਆਨਿ ਰਖੇ। ਜਦ ਬਾਬੇ ਪਾਉ ਦਾ ਵੱਟਾ ਡਿਠਾ ਤਾਂ ਉਸ ਦੇ ਅਗੇ ਮੱਥਾ ਟੇਕਿਆ, ਧੰਨੁ ਏਹੁ ਵੱਟਾ ਹੈ ਜਿਨ੍ਹ ਆਪ ਨੂੰ ਘੱਟਿ ਸਦਾਇਆ ਹੈ। ਪੈਰ ਜੋ ਸਭਨਾ ਅੰਗਾਂ ਥੀਂ ਨੀਵੇਂ ਹੈਨਿ ਤਾਂ ਪੂਜਾ ਹੋਰਨਾਂ ਅੰਗਾਂ ਦੀ ਨਹੀਂ ਹੁੰਦੀ ਚਰਨਾਂ ਦੀ ਹੀ ਪੂਜਾ ਹੁੰਦੀ ਹੈ। ਤਾਂ ਤੇ ਜੋ ਸਾਧ ਸੰਤ ਓਸ ਸ਼ਹਰ ਆਵਨਿ ਤਾਂ ਬਾਬਾ ਜੀ ਸਭਨਾਂ ਨੂੰ ਨਾਨਾ ਪ੍ਰਕਾਰ ਕਾ ਪ੍ਰਸਾਦਿ ਤੇ ਬਸਤ੍ਰਾਂ ਤੀਕ ਦਾਨ ਕਰੇ। ਦਉਲਤ ਖਾਂ ਦੇ ਖਰਚ ਨਾਲੋਂ ਭੀ ਪਰਮੇਸ਼ਰ ਦੇ ਨਮਿਤ ਖ਼ੈਰਾਇਤ ਬਹੁਤ ਹੋਵੈ। ਇਕ ਦਿਨ ਖਾਨ ਦਾ ਦੀਵਾਨ ਜੋ ਹੈਸੀ ਜਾ ਕੈ ਖਾਨ ਪਾਸ ਪੁਕਾਰਿਆ: ਜੀ ਜੈਰਾਮ ਦਾ ਜੋ ਸਾਲਾ ਇਕੁ ਆਇਆ ਹੈ; ਅਸਾਡਾ ਸਾਰਾ ਧਨੁ ਜੋ ਹੈਸੀ ਸਭ ਫਕੀਰਾਂ ਨੂੰ ਲੁਟਾਇ ਦਿਤਾ ਹੈ ਸੁ। ਸਿਪਾਹ ਦਾ ਖਰਚੁ ਸੌ ਰੁਪਯਾ ਰੋਜ਼ ਉਠਦਾ ਹੈ, ਤੇ ਖੈਰਾਇਤ ਪੰਜ ਪੰਜ ਸੈ ਰੁਪਯਾ ਉਠਦਾ ਹੈ। ਜਾ ਖਾਨ ਨੇ ਜੈਰਾਮ ਨੂੰ ਸੱਦ ਕੇ ਪੁੱਛਿਆ: ਤੁਧ ਅਸਾਡਾ ਸਾਰਾ ਧਨੁ ਖਰਚੁ ਕਰ ਦਿਤਾ ਹੈ, ਦਿਵਾਨ ਨਾਲ ਲੇਖਾ ਕਰੋ, ਤਾਂ ਜੈਰਾਮ ਨੇ ਬਾਬੇ ਨੂੰ ਕਹਿਆ: ਖਾਨੁ ਲੇਖਾ ਮੰਗਦਾ ਹੈ। ਤਾਂ ਬਾਬੇ ਕਹਿਆ: ਮੈਂ ਲੇਖਾ ਦੇਵਾਂਗਾ। ਤਾਂ ਜਬ ਬਾਬੇ ਪਾਸੋਂ ਲੇਖਾ ਲੀਤਾ ਤਾਂ ਦਸੂਣੇ ਪਦਾਰਥ ਸਭੇ ਘਰਿ ਵਿਚ ਭੀ ਪਏ ਹੈਨਿ ਤੇ ਜਿਤਨੀ ਖਾਨ ਥੀਂ ਮਾਇਆ ਲੀਤੀ ਹੈ ਓਹੁ ਭੀ ਖਾਨ ਦੇ ਖਰਚ ਲਗੀ ਹੈ ਤੇ ਦਸ ਹਜ਼ਾਰ ਰੁਪੱਯਾ ਵਧੀਕ ਭੀ ਖਾਨ ਵਲਿ

ਲਹਿਣਾ ਨਿਕਲਦਾ ਹੈ। ਤਾਂ ਖਾਨ ਆਖਿਆ: ਭਾਈ ਇਹ ਤਾਂ ਕੋਈ ਵੱਡਾ ਵਲੀ ਹੈ, ਇਸ ਨੂੰ ਮੇਰੀ ਦਿਵਾਨਗੀ ਭੀ ਦਿਓ। ਤਾਂ ਬਾਬੇ ਕਹਿਆ: ਮੈਂ ਤੁਸਾਡਾ ਕੰਮ ਨਹੀਂ ਲੈਂਦਾ; ਕਿਉਂ ਜੋ ਸਾਨੂੰ ਕਿਸੇ ਤੇ ਵਿਸਾਹ ਨਹੀਂ। ਤਾਂ ਬਾਬੇ ਮੋਦੀਖਾਨਾ ਸਭ ਛੋਡ ਦਿਤਾ। ਤੇ ਜੇ ਸੰਤਾਂ ਪਾਸ ਜਾਏ ਤਾਂ ਓਥੇ ਹੀ ਬੈਠਾ ਰਹੇ। ਇਕਸ ਦਿਨ ਖਾਨ ਨੇ ਬਾਬੇ ਜੀ ਨੂੰ ਸਦਾਇ ਭੇਜਿਆ ਤਾਂ ਬਾਬੇ ਜੀ ਦੇ ਬੈਠਿਆਂ ਕਾਜ਼ੀ ਭੀ ਆਇਆ, ਤੇ ਖਾਨ ਭੀ। ਪੇਸ਼ੀ ਦੀ ਨਿਮਾਜ਼ ਪੜਨਿ ਲਗੇ, ਤਾਂ ਬਾਬਾ ਦੇਖ ਕੇ ਹੱਸਿਆ। ਤਾਂ ਕਾਜੀ ਕਹਿਆ: ਦੇਖਿਆ ਖਾਨ! ਏਹੁ ਕਾਫਰੁ ਅਸਾਡੀ ਨਿਮਾਜ਼ ਨੂੰ ਹਸਿਆ ਹੈ। ਤਾਂ ਖਾਨ ਪੁਛਿਆ: ਬਾਬਾ ਜੀ! ਤੁਸੀਂ ਅਸਾਡੀ ਨਿਮਾਜ ਨੂੰ ਕਿਉਂ ਹਸੇ ਹੋ? ਤਾਂ ਬਾਬੇ ਜੀ ਕਹਿਆ: ਜਿਸ ਵੇਲੇ ਤੁਸੀਂ ਉਜੂ ਕਰਦੇ ਸੇ, ਓਸ ਵੇਲੇ ਤੁਸਾਡਾ ਮਨੁ ਨਿਮਾਜ਼ ਵਲ ਹੈਸੀ, ਤਾਂ ਤੁਸਾਡੇ ਉਪਰ ਖੁਦਾਇ ਪ੍ਰਸੰਨ ਸੀ; ਪਰ ਜਦ ਤੁਸੀਂ ਨਿਮਾਜ਼ ਪੜ੍ਹਨ ਲਗੇ ਹੋ ਤਾਂ ਤੁਸਾਡੀ ਨਿਮਾਜ਼ ਕਬੂਲ ਨਹੀਂ ਪਈ। ਤਾਂ ਬਾਬੇ ਜੀ ਕਹਿਆ ਕਾਜ਼ੀ ਨੂੰ: ਇਮਾਮੁ ਤੂੰ ਹੈਂ, ਸੋ ਤੇਰੇ ਘਰ ਘੋੜੀ ਸੂਈ ਸੀ, ਤੇਰੇ ਘਰ ਵਿਚ ਖੂਹ ਹੈਸੀ, ਤੇਰਾ ਧਿਆਨੁ ਓਧਰ ਗਇਆ ਸੀ, ਮਤੁ ਮੇਰੀ ਵਛੇਰੀ ਖੂਹ ਵਿਚ ਪੈ ਜਾਂਦੀ ਹੋਵੈ! ਜੇ ਇਮਾਮ ਦਾ ਮਨੁ ਰਹਿਆ ਨਹੀਂ ਤਾਂ ਹੋਰਨਾਂ ਦੀ ਨਿਮਾਜ਼ ਕਿਥੋਂ ਕਬੂਲ ਪਵੇ? ਤਾਂ ਖਾਨ ਕਹਿਆ: ਕਾਜੀ ਏਹੁ ਕੋਈ ਵਲੀ ਪੈਦਾ ਹੋਇਆ ਹੈ, ਇਸ ਦੀ ਸੇਵਾ ਕਰਨੀ ਪ੍ਰਵਾਨੁ ਹੈ। ਤਾਂ ਕਾਜੀ ਕਹਿਆ: ਜੇ ਵਲੀ ਹੋਵੈ ਤਾਂ ਅਸਾਡੀ ਸ਼ਰਾ ਦੀ ਆਨ ਮੰਨੇ। ਤਾਂ ਇਕ ਦਿਨ ਬਾਬਾ ਜੀ ਵੇਈਂ ਵਿਚ ਨਾਵਣਿ ਗਇਆ; ਅੱਠ ਦਿਨ ਵਿਚ ਹੀ ਸਮਾਧਿ ਲਾਇਕੇ ਜਲ ਰੂਪ ਹੋਇਕੇ ਬੈਠ ਰਹਿਆ। ਖਾਨ ਨੂੰ ਖਬਰ ਪਹੁੰਚੀ। ਖਾਨ ਓਥੇ ਮਹਾਂ ਜਾਲ ਪਾਇ ਰਹਿਆ, ਤਾਂ ਭੀ ਬਾਬਾ ਜੀ ਬਾਹਰਿ ਨ ਨਿਕਸੇ। ਤਾਂ ਅੱਠਵੇਂ ਦਿਹਾੜੇ ਓਥੋਂ ਹੀ ਨਿਕਲੇ; ਤਾਂ ਖਾਨ ਮਿਲਣ ਗਿਆ, ਕਾਜੀ ਨਾਲਿ ਗਇਆ, ਤਾਂ ਕਾਜੀ ਕਹਿਆ: ਏਹੁ ਕੋਈ ਜਾਦੂ ਵਾਲਾ ਫਕੀਰੁ ਹੈ, ਜਿਸ ਤੇ ਖਾਨ ਤੂੰ ਡੁੱਲਾ ਹੈਂ। ਤਾਂ ਕਾਜੀ ਪੁਛਿਆ: ਨਾਨਕ ਤੂੰ ਹਿੰਦੂ ਕੇ ਮੁਸਲਮਾਨ ਹੈਂ? ਤਾਂ ਬਾਬਾ ਬੋਲਿਆ:

**"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥**
**ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥**
**ਹਉ ਹਰਿ ਬਿਨੁ ਅਵਰੁ ਨ ਜਾਨਾ॥"**

{ਪੰਨਾ ੯੯੧}

 www.sikhbookclub.com

## -ਤਿਸ ਦਾ ਵੀਚਾਰੁ-

**ਬਾਬੇ** ਕਹਿਆ ਏਹੁ ਪੰਜਾਂ ਤਤਾਂ ਦਾ ਸਰੀਰੁ ਹੈ। ਕੋਈ ਇਸ ਨੂੰ ਭੂਤਨਾ ਕਹਿੰਦਾ ਹੈ, ਕੋਈ ਇਸ ਨੂੰ ਬਿਤਾਲਾ ਕਹਿੰਦਾ ਹੈ, ਕੋਈ ਇਸ ਨੂੰ ਆਦਮੀ ਕਹਿੰਦਾ ਹੈ, ਤੇ ਮੈਨੂੰ ਜਦ ਦੀ ਸੰਤਾਂ ਸੋਝੀ ਦਿਤੀ ਹੈ, ਤਾਂ ਆਪ ਨੂੰ ਇਸ ਦਾ ਸਾਖੀ ਜਾਣਦਾ ਹਾਂ ਤੇ ਜੇਹੜਾ ਮਾਤ ਪਿਤਾ ਨੂੰ ਮਿਲ ਕੇ ਮੈਨੂੰ ਦੇਹ ਅਭਿਮਾਨੁ ਹੋਇਆ ਸੀ, ਓਸ ਵਲੋਂ ਮੈਂ ਬਉਰਾ ਹੋਇ ਗਇਆ ਹਾਂ ਤੇ ਗੁਰਾਂ ਦਾ ਉਪਦੇਸੁ ਮੈਂ ਦ੍ਰਿੜ੍ਹ ਕੀਤਾ ਹੈ; ਜੋ ਮੈਂ ਇਸ ਸਰੀਰ ਦੇ ਪਵਿਤ੍ਰ ਕਰਨ ਵਾਲਾ ਆਤਮਾ ਹਾਂ, ਆਗੇ ਆਤਮਾ ਤੇ ਪਰਮਾਤਮਾ ਵਿਚ ਭੇਦੁ ਕੋਈ ਨਹੀਂ। ਜੈਸੇ ਤਰੰਗ ਮੈਂ ਜਲੁ ਇਕੁ ਹੈ, ਤੈਸੇ ਸਰੀਰਾਂ ਮੈਂ ਸੱਤਿਆ ਪਰਮਾਤਮਾ ਦੀ ਇਕੁ ਹੀ ਹੈ। ਜਦ ਦਾ ਮੈਂ ਗੁਰਾਂ ਥੀਂ ਇਹੁ ਗਿਆਨੁ ਦ੍ਰਿੜ੍ਹ ਕੀਤਾ ਹੈ, ਤਾਂ ਮੈਂ ਵਾਹਿਗੁਰੂ ਬਿਨਾਂ ਦੂਜਾ ਕਛੁ ਨਹੀਂ ਜਾਣਦਾ। ਦੇਹ ਹੀ ਹਿੰਦੂ ਹੈ, ਦੇਹ ਹੀ ਮੁਸਲਮਾਨ ਹੈ, ਮੈਂ ਦੇਹ ਦਾ ਸਾਖੀ ਨਿਆਰਾ ਹਾਂ। ਤਾਂ ਖਾਨ ਸੁਣ ਕੈ ਮੱਥਾ ਟੇਕਿਆ: ਜੋ ਮੈਂ ਤੈਨੂੰ ਖ਼ੁਦਾਇ ਦਾ ਵਲੀ ਜਾਣਦਾ ਹਾਂ, ਪਰੁ ਇਕੁ ਮੇਰੇ ਮਨ ਵਿਚ ਆਸਾ ਹੈ, ਜੋ ਮੈਂ ਸੁਣਿਆ ਹੈ ਖਿਜ਼ਰੁ ਜਿੰਦਾ ਪੀਰੁ ਹੈ। ਪ੍ਰਿਥਵੀ ਅਕਾਸ਼ ਭੀ ਮਿਟ ਜਾਂਦੇ ਹੈਨਿ ਤੇ ਜਲੁ ਤੇ ਵਰਨੁ ਨਹੀਂ ਮਿਟਦਾ। ਇਕੁ ਵੇਰੀ ਮੈਂ ਖ਼ਿਜ਼ਰ ਦਾ ਦਰਸ਼ਨੁ ਕਰਾਂ। ਤਾਂ ਬਾਬਾ ਬੋਲਿਆ ਜੇ ਤੂੰ ਆਖੇਂ ਤਾਂ ਤੈਨੂੰ ਹੀ ਖਿਜ਼ਰ ਬਣਾਈਐ। ਤਾਂ ਖਾਨੁ ਬੋਲਿਆ ਜੀ ਤੁਸਾਂ ਥੀਂ ਸਭ ਕਿਛੁ ਹੁੰਦਾ ਹੈ, ਪਰ ਮੈਨੂੰ ਦਰਸ਼ਨੁ ਜ਼ਰੂਰ ਕਰਵਾਈਐ। ਤਾਂ ਬਾਬਾ ਬੋਲਿਆ: ਜੋ ਤੂੰ ਧਿਆਨ ਕਰਕੇ ਬੈਠ। ਜਿਤਨੇ ਪ੍ਰਿਥੀ ਅਕਾਸ਼ ਵਿਚ ਪਦਾਰਥ ਹੈਨਿ, ਸਭ ਜਲ ਮਈ ਹੈਨਿ ਤੇ ਜਲ ਵਿਚ ਜੋ ਦ੍ਰਵਤਾ ਸ਼ਕਤਿ ਹੈ ਸੋ ਆਤਮਾ ਦੀ ਹੈ ਸੋ ਆਤਮਾ ਮੈਂ ਹੀ ਹੈ। ਤਾਂ ਖਾਨ ਕਹਿਆ 'ਮੇਰਾ ਧਿਆਨੁ ਰਹਿੰਦਾ ਨਹੀਂ'। ਤਾਂ ਬਾਬੇ ਕਹਿਆ: ਜਿਉਂ ਜਿਉਂ ਤੇਰਾ ਧਿਆਨੁ ਨਿਕਲ ਜਾਵੇ ਤਿਉਂ ਤਿਉਂ ਫੇਰ ਦ੍ਰਿੜ ਕਰੋ, ਤੇ ਨਾਸਕਾ ਦੇ ਅਗੇ ਦ੍ਰਿੜ ਰਖੋ, ਤਾਂ ਤੁਸਾਨੂੰ ਵਰਨ ਦਾ ਦਰਸਨੁ ਹੋਵੈਗਾ, ਤਾਂ ਤੇ ਤੁਸਾਡੇ ਉਪਰ ਮੈਂ ਭੀ ਦ੍ਰਿਸ਼ਟ ਕਰਾਂਗਾ। ਤਾਂ ਅਜੁ ਹੀ ਰਾਤ ਦੇ ਸਮੇਂ ਤੁਸਾਨੂੰ ਦਰਸਨੁ ਖਿਜ਼ਰ ਦਾ ਹੋਵੇਗਾ। ਜਬ ਤਿੰਨ ਪਹਿਰ ਖਾਨ ਧਿਆਨ ਕਰਕੇ ਬੈਠਾ ਤਾਂ ਪਿਛਲੀ ਰਾਤ ਵਰਨੁ ਪ੍ਰਾਪਤ ਭਇਆ। ਹੱਥ ਵਿਚ ਵਡੇ ਰਤਨ ਲਿਆਇਆ ਜਿਨ੍ਹਾਂ ਦੇ ਪ੍ਰਕਾਸ਼ ਕਰਕੇ ਉਜਾਲਾ ਹੋਇ ਗਿਆ। ਪ੍ਰਿਥਮੇ ਬਾਬੇ ਦੀ ਚਰਨੀਂ ਲਗਾ ਤੇ ਰਤਨ ਭੇਟ ਗੁਜ਼ਾਰੇ। ਤਾਂ ਬਾਬੇ ਕਹਿਆ: ਖਾਨ ਜੀ! ਖ਼ਿਜ਼ਰ ਜਿੰਦਾ ਪੀਰ

ਆਇਆ ਹੈ। ਤਾਂ ਖਾਨੁ ਖ਼ਿਜ਼ਰ ਦੀ ਪੈਰੀਂ ਪਇਆ। ਖ਼ਿਜ਼ਰ ਫੇਰ ਖਾਨ ਦੇ ਅਗੇ ਮੱਥਾ ਟੇਕਿਆ ਤਾਂ ਬਾਬੇ ਕਹਿਆ: ਖ਼ਿਜ਼ਰ ਜੀ ਅਸਾਂ ਜਲਾਂ ਦਾ ਰਾਜਾ ਖਾਨ ਨੂੰ ਕੀਤਾ ਹੈ। ਤਾਂ ਖ਼ਿਜ਼ਰ ਕਹਿਆ ਜੀ ਵੱਡੀ ਮਿਹਰ ਕੀਤੀ, ਜੇ ਮੈਨੂੰ ਕਹੋ ਤਾਂ ਆਪਣਾ ਰਾਜ ਛੋਡ ਕੈ ਤੁਸਾਡੀ ਟਹਿਲ ਵਿਚ ਰਹਾਂ ਤੇ ਜੇ ਖਾਨ ਦੀ ਟਹਿਲ ਵਿਚ ਕਹੋ ਤਾਂ ਰਹਾਂ। ਤਾਂ ਖਾਨ ਬੋਲਿਆ ਜੋ ਤੂੰ ਜਲਾਂ ਦਾ ਰਾਜੁ ਭਲੀ ਪ੍ਰਕਾਰ ਕਰ ਜਾਣਦਾ ਹੈਂ, ਤੂੰ ਮੇਰਾ ਮੰਤ੍ਰੀ ਹੋ ਕੇ ਰਹੁ। ਤਾਂ ਬਾਬੇ ਕਹਿਆ ਜੋ ਪੰਜ ਵਰਸ ਖਾਨੁ ਇਥੇ ਹੋਰੁ ਰਹੇਗਾ ਤੇ ਸਰੀਰ ਛੋਡ ਕੈ ਤੇਰੇ ਪਾਸ ਆਵੈਗਾ, ਤੂੰ ਇਸ ਦਾ ਮੰਤ੍ਰੀ ਹੋ ਕੇ ਰਹਿ। ਅਸੀਂ ਇਸ ਨੂੰ ਗਿਆਨ ਦੇਂਦੇ ਹਾਂ। ਤੇਰੀ ਤੇ ਇਸ ਦੀ ਇਕੱਠੀ ਮੁਕਤਿ ਹੋਵੇਗੀ॥੬॥

## ਸਾਖੀ ਹੋਰ ਚਲੀ {ਮਾਲੋ ਮਾਂਗਾ}

**ਭਾਈ** ਮਾਲੋ ਤੇ ਮਾਂਗਾ ਬਾਣੀ ਕੀਰਤਨ ਤੇ ਕਥਾ ਰਸਨਾ ਨਾਲ ਕਰਦੇ ਸਨ। ਇਕ ਦਿਨ ਗੁਰੂ ਨਾਨਕ ਜੀ ਦੇ ਦਰਸ਼ਨ ਨੂੰ ਭਾਈ ਮਾਲੋ ਤੇ ਭਾਈ ਮਾਂਗਾ ਆਏ। ਉਹਨਾਂ ਅਰਦਾਸ ਕੀਤੀ ਜੋ ਕ੍ਰਿਪਾ ਕਰਕੇ ਅਸਾਨੂੰ ਸੋ ਉਪਦੇਸ਼ ਕਰੋ ਜਿਸ ਕਰਕੇ ਅਸਾਡਾ ਉਧਾਰੁ ਹੋਵੇ। ਤਾਂ ਬਾਬਾ ਬੋਲਿਆ: ਜੇ ਤਾਮਸੀ ਤਪੁ ਕਰੋਗੇ, ਜੈਸੇ ਅਗਨਿ ਤਾਪਨਾ ਤੇ ਜਲ ਨਿਵਾਸ ਕਰਨਾ, ਸੀਤੁ ਉਸਨ ਸਹਾਰਨਾ ਤੇ ਤੀਰਥਾਂ ਦਾ ਨਿਵਾਸੁ ਕਰਨਾ ਤੇ ਚੰਦ੍ਰਾਇਣ ਆਦਿਕ ਬ੍ਰਤ ਕਰਨੇ, ਤੇ ਭੂਮ ਦਾ ਭ੍ਰਮਨਾ, ਤੇ ਕੰਦਮੂਲ ਦਾ ਅਹਾਰੁ ਕਰਨਾ ਤਾਂ ਏਹੁ ਸਭ ਕਠਨ ਕਰਮ ਹੈਨਿ। ਤੇ ਇੰਦ੍ਰੀਆਂ ਤੇ ਮਨ ਨੂੰ ਇਕਾਗਰ ਕਰਨਾ ਤੇ ਕਥਾ ਕੀਰਤਨੁ ਰੁਚਿ ਸੋਂ ਗਾਵਣਾ ਸੁਣਨਾ, ਏਹ ਕਰਮ ਸੁਗਮ ਹੈਨਿ। ਏਹ ਰਾਜਸੀ ਤਪੁ ਹੈ ਅਰੁ ਫਲੁ ਇਸ ਦਾ ਵਡਾ ਹੈ ਤੇ ਖੇਚਲ ਥੋੜੀ ਹੈ। ਤਾਂ ਅਗੋਂ ਮਾਲੋਂ ਪੁਛਿਆ ਜੀ ਅਸਾਂ ਤਾਂ ਸੁਣਿਆ ਹੈ: ਜੇਹੀ ਮਿਹਨਤ ਤੇਹਾ ਫਲੁ, ਜੋ ਵਡੀ ਮਜੂਰੀ ਕਰੇਗਾ ਸੋ ਵਡਾ ਫਲੁ ਪਾਏਗਾ। ਤੁਸਾਂ ਬਚਨੁ ਕੀਤਾ ਹੈ ਜੁ ਕਰਮ ਸੁਗਮ ਹੈ ਕਥਾ ਕੀਰਤਨ ਤੇ ਫਲੁ ਵਡਾ ਹੈ, ਏਹੁ ਅਸਾਡੇ ਸਮਝ ਵਿਚ ਕੈਸੇ ਆਵੇ ? ਤਾਂ ਬਚਨੁ ਹੋਇਆ: ਜੋ ਲਕੜੀ ਹਾਰੇ ਲਕੜੀਆਂ ਲਿਆਂਵਦੇ ਹੈਨਿ, ਤੇ ਪਾਂਡੀ ਪੰਡਾਂ ਲਿਆਂਵਦੇ ਹਨ ਸੋ ਮਜੂਰੀ ਵਡੀ ਕਰਦੇ ਹੈਨਿ ਤੇ ਨਫਾ ਥੋੜਾ ਹੋਂਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘੱਟ ਕਰਦੇ

ਹੈਨਿ, ਭੂਖਣਾਂ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ, ਤੇ ਜਵਾਹਰੀ ਮੋਤੀ ਹੀਰੇ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ, ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰੁ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ, ਤਾਂਤੇ ਇਹ ਸਾਂਤਕੀ ਤਪੁ ਹੈ, ਨਫਾ ਬਹੁਤ ਹੈ। ਤਾਂ ਏਹੁ ਬਚਨੁ ਸੁਣ ਕੈ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੇ, ਤੇ ਦੋਨੋਂ ਮਿਲ ਕੈ ਫੇਰ ਕੀਰਤਨ ਕਰਨਿ। ਤਾਂ ਓਨ੍ਹਾਂ ਦੇ ਰਸਨਾਂ ਥੀਂ ਐਸਾ ਸਭ ਸਿਖਾਂ ਨੂੰ ਰਸੁ ਆਵੈ, ਕਿ ਜੋ ਕੋਈ ਸੁਣੇ ਸਭ ਪਾਪਾਂ ਦਾ ਤਿਆਗੁ ਕਰਨਿ। ਤੇ ਧਰਮ ਦੀ ਕ੍ਰਿਤ ਕਰਕੇ ਵੰਡ ਖਾਵਨਿ, ਤੇ ਆਏ ਗਏ ਸਾਧਾਂ ਸੰਤਾਂ ਦੀ ਟਹਿਲ ਕਰਨ। ਸਾਰੇ ਦੇਸ ਦਾ ਕਲਿਆਣੁ ਹੋਆ॥੭॥

## ਸਾਖੀ ਹੋਰ ਚਲੀ {ਕਾਲੂ ਖੱਤ੍ਰੀ}

**ਕਾਲੂ** ਖਤ੍ਰੀ ਆਸਾ ਧਾਰਿ ਕੇ ਬਾਬੇ ਨੂੰ ਮਿਲਿਆ। ਤਾਂ ਓਸ ਕਹਿਆ: ਗਰੀਬ ਨਿਵਾਜ! ਸਨਮੁਖ ਕਿਸ ਨੂੰ ਕਹਿੰਦੇ ਹੈਨਿ ਤੇ ਵੇਮੁਖ ਕਿਸ ਨੂੰ ਕਹਿੰਦੇ ਹੈਨਿ? ਤਾਂ ਬਚਨੁ ਹੋਆ ਜੋ ਪਾਪਾਂ ਨੂੰ ਪਿਠ ਦੇਂਦੇ ਹੈਨਿ; ਤੇ ਪੁੰਨਾਂ ਦੇ ਸਾਮ੍ਹਣੇ ਹੁੰਦੇ ਹੈਨ, ਸੋ ਸਨਮੁਖ ਹੈਨਿ। ਤੇ ਗੁਰੂ ਕੇ ਦਰਸਨ ਨੂੰ ਸਨਮੁਖ ਬੈਠਕੇ ਸੁਣੇ ਤੇ ਆਪਣੇ ਤੇ ਆਪਣੇ ਮਨ ਦੀ ਬ੍ਰਿਤਿ ਦਾ ਸਾਖੀ ਹੋਵੈ। ਚਾਰ {੪} ਸਾਖੀਆਂ ਸਨਮੁਖਾਂ ਦੀਆਂ ਹੈਨਿ, ਜਿਸ ਕਰਕੇ ਗੁਰੂ ਨੂੰ ਸਿਖ ਸਨਮੁਖ ਹੁੰਦੇ ਹੈਨਿ? ਤਾਂ ਕਾਲੂ ਅਰਦਾਸ ਕੀਤੀ ਜੁ ਜੀ ਓਹ ਕਿਹੜੀਆਂ ਸਾਖੀਆਂ ਹੈਨਿ। ਤਾਂ ਬਾਬੇ ਆਖਿਆ: ਇਕੁ ਮੈਤ੍ਰੀ ਹੈ, ਇਕੁ ਕਰੁਨਾ ਹੈ, ਇਕੁ ਮੁਦਤਾ ਹੈ, ਇਕੁ ਉਪੇਖਿਆ ਹੈ। ਤਾਂ ਕਾਲੂ ਅਰਦਾਸ ਕੀਤੀ: ਜੀ ਅਸਾਂ ਨੂੰ ਇਸ ਦਾ ਅਰਥ ਸਮਝਾਵਹੁ! ਤਾਂ ਬਾਬਾ ਜੀ ਬੋਲਿਆ: ਜੁ ਏਹੁ ਜੀਉ ਕਹੇ ਜੁ ਸਾਰੇ ਜਗਤ ਦੇ ਸੁਖ ਮੈਨੂੰ ਹੀ ਹੋਵਨਿ ਤਾਂ ਇਸ ਨੂੰ ਤਾਂ ਓਹੋ ਹੋਵਨਗੇ ਜੇਹੜੇ ਇਸ ਦੇ ਕਰਮਾਂ ਵਿਚ ਲਿਖੇ ਹੈਨਿ, ਪਰੁ ਜੇ ਸਭਨਾਂ ਸਿਖਾਂ ਨੂੰ ਆਪਣਾ ਮਿਤ੍ਰ ਕਰ ਜਾਣੇ, ਤਾਂ ਮਿਤ੍ਰ ਦਾ ਸੁਖ ਆਪਣਾ ਹੀ ਹੁੰਦਾ ਹੈ ਤੇ ਆਪਣੇ ਪਾਸ ਜੋ ਕੁਛ ਧਨ ਹੋਵਸੁ ਕੈ

ਵਿਦਿਆ ਕੈ ਕੋਈ ਗੁਣ ਹੋਵੈ ਤਾਂ ਭੀ ਮ੍ਰਿਤ ਜਾਣਕੈ ਵੰਡ ਖਾਵੈ, ਜੋ ਕੁਛ ਬੁਧਿ ਹੋਵਸੁ ਉਸ ਕਰਿਕੈ ਭੀ ਸਿਖਾਂ ਨੂੰ ਸੁਖੀ ਕਰੈ, ਏਹੁ ਤਾਂ ਮੈਤ੍ਰੀ ਹੈ। ਕਰੁਨਾ ਕਿਸ ਨੂੰ ਕਹਿੰਦੇ ਹੈਨਿ ? ਜੁ ਆਪ ਥੀਂ ਧਨ ਕਰਕੈ ਨੀਵਾਂ ਹੋਵੈ, ਬੁਧਿ ਕਰਿਕੈ ਨੀਵਾਂ ਹੋਵੈ, ਵਿਦਿਆ ਕਰਕੈ ਨੀਵਾਂ ਹੋਵੈ, ਅਥਵਾ ਬਲ ਕਰਕੈ ਨੀਵਾਂ ਹੋਵੈ, ਤਾਂ ਉਸ ਨੂੰ ਛੋਟੇ ਭਾਈ ਕੈ ਪੁਤਰ ਸਮਾਨ ਜਾਣੈ। ਓਸ ਨਾਲਿ ਸਹਾਇਤਾ ਕਰੈ, ਗਰਬੁ ਨ ਕਰੈ, ਏਹੁ ਕਰੁਣਾ ਹੈ। ਤੇ ਮੁਦਤਾ ਕਿਸ ਨੋ ਕਹਿੰਦੇ ਹੈਨਿ ? ਆਪ ਥੀਂ ਜੋ ਬੁਧਿ ਕਰਕੈ, ਗੁਣਾਂ ਕਰਕੈ, ਵਿਦਿਆ ਕਰਕੈ ਵਡਾ ਹੋਵੈ, ਤਾਂ ਸੁਣਕੈ ਦੇਖਕੈ ਪ੍ਰਸੰਨ ਹੋਵੈ, ਆਖੈ ਧੰਨ ਵਾਹਿਗੁਰੂ ਹੈ ਜੁ ਐਸੇ ਭੀ ਸਿਖ ਕੀਤੇ ਹੈਸੁ; ਜਿਵੇਂ ਆਪਣੇ ਪਿਤਾ ਦਾ ਤੇ ਗੁਰਾਂ ਦਾ ਜਸੁ ਸੁਣਕੈ ਕੋਈ ਪ੍ਰਸੰਨ ਹੋਂਦਾ ਹੈ, ਤੈਸੇ ਹੀ ਦੂਸਰੇ ਦਾ ਜਸ ਸੁਣਕੇ ਪ੍ਰਸੰਨ ਹੋਵੈ, ਨਿੰਦਾ ਕਿਸੇ ਦੀ ਨਾ ਕਰੈ। ਇਸ ਕਾ ਨਾਮੁ ਮੁਦਤਾ ਹੈ ਤੇ ਉਪੇਖਿਆ ਓਸ ਨੂੰ ਆਖਦੇ ਹੈਨਿ, ਜੁ ਆਪਣੀ ਬੁਧਿ ਤੇ ਗੁਰਾਂ ਦੇ ਬਚਨਾਂ ਦੇ ਅਨੁਸਾਰ ਸਭਨਾਂ ਨੂੰ ਉਪਦੇਸ਼ ਕਰੈ। ਪਰੁ ਜੋ ਸਤਿ ਕਰਕੇ ਮੰਨੇ ਓਸ ਨੂੰ ਫੇਰ ਭੀ ਉਪਦੇਸ ਦੇਵੈ ਅਰੁ ਜੋ ਨਾ ਮੰਨੈ ਉਸ ਦੇ ਨਾਲ ਹਠੁ ਨ ਕਰੈ। ਜਾਣੈ ਜੁ ਏਸ ਦੀ ਪਰਾਲਬਧ ਨਹੀਂ, ਚੁਪ ਕਰ ਰਹੇ। ਜਦ ਏਹ ਵਚਨ ਭਾਈ ਕਾਲੂ ਸੁਣੇ ਤਾਂ ਇਸੇ ਪ੍ਰਕਾਰ ਵਰਤਣ ਲਗਾ। ਉਸ ਦਾ ਭੀ ਉਧਾਰੁ ਹੋਇਆ, ਹੋਰਨਾਂ ਸਿਖਾਂ ਦਾ ਭੀ ਓਸ ਦੇ ਮਿਲਣ ਕਰ ਉਧਾਰੁ ਹੋਇਆ॥੮॥


www.sikhbookclub.com

## ਚੌਦ੍ਹਵੀਂ ਪਉੜੀ ਚਲੀ॥੧੪॥

### ਸਿਖ ਨਾਮ ਮਾਲਾ

**ਭਗਤੁ ਜੋ ਭਗਤਾ ਓਹਰੀ ਜਾਪੂਵੰਸੀ ਸੇਵ ਕਮਾਵੈ।**
**ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ।**
**ਮੈਲਸੀਹਾਂ ਵਿਚਿ ਆਖੀਐ ਭਾਗੀਰਥੁ ਕਾਲੀ ਗੁਣ ਗਾਵੈ।**
**ਜਿਤਾ ਰੰਧਾਵਾ ਭਲਾ ਹੈ ਬੂੜਾ ਬੁਢਾ ਇਕ ਮਨਿ ਧਿਆਵੈ।**
**ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰੁ ਸੇਵ ਸਮਾਵੈ।**
**ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰ ਸਿਖ ਸੁਣਾਵੈ।**
**ਨਾਈ ਧਿੰਙ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।**
**ਗੁਰਮੁਖਿ ਸੁਖ ਫਲ ਅਲਖ ਲਖਾਵੈ॥੧੪॥**

### -ਤਿਸ ਦਾ ਵੀਚਾਰ-

### {ਭਗਤਾ ਓਹਰੀ ਜਾਪੂ ਵੰਸੀ}

**ਭਗਤਾ** ਓਹਰੀ ਤੇ ਜਾਪੂ ਵੰਸੀ ਖਤ੍ਰੀ ਸਨ। ਜਬ ਬਾਬੇ ਜੀ ਦਾ ਓਨ੍ਹਾਂ ਦਰਸਨੁ ਕੀਤਾ, ਦੇਖਿਕੈ ਬਹੁਤ ਪਰਸੰਨ ਹੋਏ। ਤਾਂ ਓਨ੍ਹਾਂ ਨੇ ਅਰਦਾਸ ਕੀਤੀ: ਮਹਾਰਾਜ ਜੀ! ਜੇਹੜੇ ਅਧਿਕਾਰੀ ਹੈਨਿ ਓਨ੍ਹਾਂ ਦਾ ਤਾਂ ਵਿਦਿਆ ਕਰਕੈ, ਗਿਆਨ ਕਰਕੈ ਉਧਾਰੁ ਹੋਆ, ਪਰੁ ਅਸੀਂ ਪੜ ਸੁਣ ਕਛੁ ਨਹੀਂ ਜਾਣਦੇ, ਅਸਾਡਾ ਉਧਾਰੁ ਕਿਉਂ ਕਰਿ ਹੋਵੈ? ਬਚਨੁ ਹੋਆ: ਜੇ ਤੁਸੀਂ ਮਨਮੁਖਾਂ ਦੇ ਕਰਮਾਂ ਦਾ ਤਿਆਗੁ ਕਰੋ ਤੇ ਸਿਖਾਂ ਦੀ ਟਹਲ ਕਰੋ, ਤਾਂ ਤੁਸਾਡਾ ਕਲਿਆਣੁ ਹੋਵੇਗਾ। ਤਾਂ ਓਨ੍ਹਾਂ ਪੁਛਿਆ ਮਨਮੁਖਾਂ ਦੇ ਕਰਮ ਕਉਨ ਹੈਨਿ, ਕ੍ਰਿਪਾ ਕਰਕੈ ਜਣਾਈਐ ਜੀ? ਤਾਂ ਬਾਬਾ ਬੋਲਿਆ: ਚਾਰ ਸਾਖੀਆਂ ਮਨਮੁਖਾਂ ਦੀਆਂ ਹੈਨਿ। ਪ੍ਰਿਥਮੇ ਈਰਖਾ, ਹਰਿ ਕਿਸੇ ਨਾਲਿ ਬਖੀਲੀ ਕਰਨੀ ਜੁ ਸਭੇ ਪਦਾਰਥ ਤੇ ਸਭੇ ਗੁਣ ਮੈਥੇ ਹੀ ਹੋਵਨਿ, ਪਰ ਜੇ ਕਿਸੇ ਹੋਰਸ ਥੇ ਹੋਵਨ, ਤਾਂ ਰਿਦਾ ਪਰਸੰਨ ਨਾ ਹੋਵਨਾ, ਸਭਨਾਂ ਨੂੰ ਆਪਣਾ ਵੈਰੀ ਜਾਣਨਾ। ਤੇ ਦੂਜੀ ਅੱਕ੍ਰਣਾ, ਹਉਮੈ ਕਰਣੀ। ਜੇ ਆਪ ਥੀਂ ਘਟ ਵੇਖਣਾ ਤਾਂ ਉਸ ਨੂੰ ਬੁਧਿ ਨ ਦੇਵਣੀ, ਓਸ ਨੂੰ ਹੱਸਣਾ ਤੇ ਹਉਮੈ ਕਰਣੀ ਜੋ ਮੇਰੇ ਜਿਹਾ ਕੋਈ ਨਹੀਂ, ਤੇ ਤੀਜੀ ਨਿੰਦਾ, ਜੋ

ਆਪ ਥੀਂ ਕੋਈ ਵਿਸ਼ੇਖ ਹੋਵੈ, ਤਾਂ ਓਸ ਦੀ ਕੋਈ ਉਸਤਤਿ ਕਰੇ ਤਾਂ ਸਹਾਰ ਨ ਸਕਣੀ, ਸਗੋਂ ਉਸ ਦੀ ਨਿੰਦਾ ਕਰਣੀ, ਜੁ ਓਹੁ ਭੀ ਮੇਰਾ ਡਿਠਾ ਹੋਆ ਹੈ। ਜੇ ਆਪਣੇ ਸਮਾਨ ਹੋਵੈ ਤਾਂ ਗਰਬੁ ਕਰਨਾ, ਈਰਖਾ ਕਰਨੀ; ਜੁ ਮੇਰੇ ਵਿਚ ਵਡੇ ਗੁਣ ਹੈਨ ਉਹ ਕਿਆ ਹੈ। ਤੇ ਚੌਥੀ ਹਠ ਬ੍ਰਿਤ, ਅਗੋਂ ਕੋਈ ਉਪਦੇਸੁ ਮੰਨੇ ਨਹੀਂ ਤਾਂ ਉਸ ਨੂੰ ਜੋਰੀ ਹਠ ਕਰਕੈ ਕਹਿਣਾ। ਏਹ ਚਾਰੋਂ ਸਾਖੀਆਂ ਮਨਮੁਖਾਂ ਦੀਆਂ ਹੈਨ। ਇਨ੍ਹਾਂ ਦਾ ਤਿਆਗੁ ਕਰਨਾ ਤੇ ਸਿੱਖਾਂ ਨੂੰ ਆਪਣੇ ਗੁਰਦੇਵ ਦਾ ਪਜਾਰਾ ਜਾਣਕੈ ਧਰਮ ਦੀ ਕਿਰਤ ਕਰਕੇ ਸਿੱਖਾਂ ਨਾਲ ਵੰਡ ਖਾਵਣਾ। ਤਾਂ ਭਗਤੇ ਓਹਰੀ ਤੇ ਜਾਪੂ ਵੰਸੀ ਦਾ ਇਸੇ ਕਰ ਕਲਿਆਣ ਹੋਇਆ॥੯॥

## ਸਾਖੀ ਹੋਰ ਚਲੀ {ਸੀਹਾਂ ਗੱਜਣ}

**ਸੀਹਾਂ** ਤੇ ਗੱਜਣੁ ਦੋਨੋਂ ਚਾਚੇ ਤਾਏ ਦੇ ਪੁੱਤਰ ਸਨ। ਜਦ ਬਾਬੇ ਦਾ ਉਹਨਾਂ ਦਰਸਨੁ ਕੀਤਾ ਤਾਂ ਉਹਨਾਂ ਅਰਦਾਸ ਕੀਤੀ: ਜਿਸ ਕਰਕੇ ਅਸਾਡਾ ਜਨਮ ਮਰਨ ਕਟੀਐ ਤੇ ਚਾਰੇ ਪਦਾਰਥ ਅਸਾਂ ਨੂੰ ਪ੍ਰਾਪਤ ਹੋਵਨਿ। ਤਾਂ ਬਾਬਾ ਬੋਲਿਆ ਏਹੁ ਜੁ 'ਵਾਹਿਗੁਰੂ' ਦਾ ਨਾਮੁ ਹੈ ਇਸ ਦੇ ਨਾਮ ਜਪਣ ਤੇ ਚਾਰੋਂ ਪਦਾਰਥ ਪ੍ਰਾਪਤ ਹੋਂਦੇ ਹੈਨਿ। ਤਾਂ ਉਹਨਾਂ ਪੁਛਿਆ ਜੀ 'ਵਾਹਿਗੁਰੂ' ਦਾ ਅਰਥੁ ਕੀ ਹੈ ? ਤਾਂ ਬਾਬਾ ਬੋਲਿਆ ਜੁ 'ਵਾਹਿ' ਨਾਮ ਅਸਚਰਜ ਕਾ ਹੈ, ਜਿਸ ਦੀ ਸੱਤਿਆ ਕਰਕੈ ਸਭ ਪਦਾਰਥ ਜਾਣੇ ਜਾਵਨਿ, ਤੇ ਓਸ ਨੂੰ ਜਾਣ ਨ ਸਕੀਐ। 'ਗੁ' ਨਾਮ ਅੰਧਕਾਰ ਦਾ ਹੈ, ਤੇ 'ਰੂ' ਨਾਮ ਪ੍ਰਕਾਸ਼ ਦਾ ਹੈ, ਜੋ ਐਸੇ ਜੜ੍ਹ ਅਨਿੱਤ ਦੇਹ ਨੂੰ ਪ੍ਰਕਾਸ਼ ਦੇ ਰਿਹਾ ਹੈ, ਓਸ ਦਾ ਨਾਮੁ ਵਾਹਿਗੁਰੂ ਹੈ। ਓਸ ਦੇ ਜਪਣੇ ਅਰੁ ਜਾਨਣੇ ਤੇ ਚਾਰੋਂ ਪਦਾਰਥ ਪ੍ਰਾਪਤਿ ਹੁੰਦੇ ਹੈਨਿ। ਤਾਂ ਓਨ੍ਹਾਂ ਪੁਛਿਆ ਕਿਸ ਤਰ੍ਹਾ ਚਾਰ ਪਦਾਰਥ ਮੁਹੋ ਵਾਹਿਗੁਰੂ ਆਖਿਆਂ ਮਿਲਦੇ ਹੈਨਿ ? ਤਾਂ ਬਾਬਾ ਬੋਲਿਆ: ਜੇ ਸਾਧ ਸੰਗਤਿ ਨੂੰ ਟੁਰਕੇ ਜਾਈਐ, ਤਾਂ ਚਰਨਿ ਚਰਨਿ ਵਿਚ ਸੌ ਸੌ ਅਸੁਮੇਧ ਜਗ ਦਾ ਫਲੁ ਹੁੰਦਾ ਹੈ। ਤੇ ਜਿਸ ਮਾਯਾ ਵਾਸਤੇ ਬੜੇ ਜਤਨ ਕਰੀਦੇ ਹੈਨ ਸੋ ਮਾਯਾ ਭੀ ਮਹਾਰਾਜ ਦੇ ਭਗਤਾਂ ਨੂੰ ਪੈਰੀਂ ਪੈਕੇ ਲੋਕ ਆਣ ਦੇਂਦੇ ਹੈਨਿ। ਤੇ ਜੋ ਜੋ ਕਾਮਨਾ ਆਪਣੇ ਭਗਤਾਂ ਦੇ ਮਨ ਵਿਚ ਹੁੰਦੀ ਹੈ, ਸੋ ਸੋ ਕਾਮਨਾਂ ਸਭ ਮਹਾਰਾਜ ਪੂਰੀ ਕਰ ਦੇਂਦਾ ਹੈ। ਤੈਸੇ ਵਾਹਿਗੁਰੂ ਦੇ ਨਾਮ ਦਾ ਅਰਥੁ ਸਮਝੀਐ, ਤਾਂ ਗਿਆਨੁ ਪ੍ਰਾਪਤਿ ਹੁੰਦਾ ਹੈ, ਤੇ ਮੁਕਤਿ ਹੁੰਦੀ ਹੈ,

 www.sikhbookclub.com

ਤਾਂ ਤੇ ਚਾਰੇ ਪਦਾਰਥ ਵਾਹਿਗੁਰੂ ਦੇ ਨਾਮ ਦੇ ਅਧੀਨ ਹੈਨਿ। ਪਿਛਲੀ ਰਾਤ੍ਰਿ ਓਹੁ ਇਸਨਾਨ੍ਹਿ ਕਰਿਕੈ ਬਾਣੀ ਪੜਨਿ। ਦਿਨੇ ਆਪਣੀ ਕਿਰਤਿ ਭੀ ਕਰਨਿ, ਤੇ ਸਵਾਸ ਤਲੈ ਜਾਣ ਤਾਂ 'ਵਾਹਿ' ਉਚਾਰਨਿ, ਤੇ ਜੋ ਸਵਾਸ ਉਪਰਿ ਆਵੈ ਤਾਂ 'ਗੁਰੂ' ਦਾ ਉਚਾਰੁ ਕਰਨਿ। ਇਸ ਪ੍ਰਕਾਰ ਬੀਤਾਵਨਿ, ਤੇ ਸੰਗ੍ਰਾਂਦ ਅਮਾਵਸ ਆਵੈ, ਬੈਸਾਖੀ ਦੀਪ ਮਾਲਾ ਸੁਭ ਦਿਨ ਵੀਚਾਰ ਕੇ ਕੜਾਹੁ ਕਰਨਿ ਤੇ ਸਿਖਾਂ ਨੂੰ ਪ੍ਰਸਾਦੁ ਕਰਨ। ਇਸ ਪ੍ਰਕਾਰ ਕਈ ਦਿਨ ਬੀਤੇ। ਇਕ ਦਿਨ ਸੀਹੇ ਦੀ ਬੇਟੀ ਦਾ ਵਿਵਾਹੁ ਹੈਸੀ ਤੇ ਭਲਕੇ ਜੰਞ ਆਵਣੀ ਹੈਸੀ। ਇਕ ਦਿਨ ਅਗੋਂ ਦੇ ਹੀ ਓਸਦੇ ਘਰ ਬਹੁਤੇ ਸਿਖ ਆਏ। ਗੁਰੂ ਕੇ ਦਰਸਨ ਨੂੰ ਚਲੇ ਹੈਸਨਿ, ਤਾਂ ਜੇਹੜਾ ਪਕਵਾਨ ਜੰਞ ਵਾਸਤੇ ਤਿਆਰੁ ਕੀਤਾ ਹੈਸੀ, ਸੋ ਸਭ ਸਿਖਾਂ ਨੂੰ ਖਵਾਲਿ ਦਿਤਾ। ਤਾਂ ਓਸ ਦੀ ਸਿਖਣੀ ਸੋਚ ਚਿੰਤਾ ਲਗੀ ਕਰਣੇ: ਜੰਞ ਨੂੰ ਅਸੀਂ ਕੀ ਖਵਾਲਾਂਗੇ? ਤਾਂ ਸੀਹੇਂ ਕਹਿਆ ਅਸਾਡੀ ਪੈਜ ਗੁਰੂ ਬਾਬਾ ਰਖੇਗਾ। ਤਾਂ ਅਗਲੇ ਦਿਨ ਜੰਞ ਆਈ, ਤਾਂ ਇਸਤ੍ਰੀ ਕਹਿਆ ਏਨਾਂ ਨੂੰ ਕਿਥੋਂ ਜਿਵਾਈਐ? ਤਾਂ ਭਾਈ ਸੀਹੇਂ ਅਰਦਾਸ ਕਰਕੇ ਕੋਠੜੀ ਦਾ ਜੰਦ੍ਰਾ ਖੋਲ੍ਹਿਆ, ਤਾਂ ਸਾਰੇ ਜਾਂਞੀ ਭੀ ਤੇ ਮਾਂਞੀ ਭੀ ਖਾਇਕੈ ਤ੍ਰਿਪਤਿ ਭਏ। ਪੰਜ ਦਿਨ ਜੰਞ ਨੂੰ ਰਖਿਆ; ਸਭ ਪਰਸੰਨ ਹੋਏ। ਤਾਂ ਓਨ੍ਹਾਂ ਕਹਿਆ ਗੁਰੂ ਆਪਣੇ ਸਿਖਾਂ ਦੀ ਆਪੇ ਪੈਜ ਰਖਦਾ ਹੈ॥੧੦॥

## ਸਾਖੀ ਹੋਰ ਚਲੀ {ਚੌ: ਭਗੀਰਥ}

**ਮੈਲਸੀਹਾਂ** ਦਾ ਚੌਧਰੀ ਭਗੀਰਥੁ ਕਾਲੀ ਦਾ ਉਪਾਸਕੁ ਹੈਸੀ। ਜਦ ਬਾਬਾ ਉਸ ਨਗਰੀ ਮਹਿ ਆਇਆ ਤਾਂ ਭਗੀਰਥ ਬਡੀ ਸੇਵਾ ਟਹਿਲ ਕੀਤੀ। ਰਾਤਿ ਨੂੰ ਬਾਬਾ ਉਸੇ ਨਗਰੀ ਰਹਿਆ, ਤਾਂ ਭਗੀਰਥੁ ਭੀ ਓਥੇ ਹੀ ਸੌਂ ਰਹਿਆ। ਜਾਂ ਪਿਛਲੀ ਰਾਤਿ ਬਾਬਾ ਉਠਿਆ, ਤਾਂ ਭਗੀਰਥੁ ਭੀ ਉਠ ਕਰਿ ਇਸਨਾਨ ਨੂੰ ਜਲੁ ਲੈ ਆਇਆ। ਅਗੇ ਦੇਖੇ ਤਾਂ ਮਹਾਂ ਸੁੰਦਰ ਇਸਤ੍ਰੀ ਹੈ ਅਸਟ ਭੁਜਾ ਹੈਨਿ ਤੇ ਝਾੜੂ ਕਰਦੀ ਹੈ। ਤਾਂ ਭਗੀਰਥ ਪੁਛਿਆ: ਤੂੰ ਕੌਣ ਹੈਂ ਜੁ ਅਜੇਹੇ ਸਮੇਂ ਆਪਣੇ ਘਰ ਥੀਂ ਬਾਹਰਿ ਆਈ ਹੈਂ? ਤਾਂ ਓਸ ਕਹਿਆ ਭਗੀਰਥਾ! ਤੂੰ ਮੈਨੂੰ ਨਹੀਂ ਜਾਣਦਾ, ਮੈਂ ਦੇਵੀ ਹਾਂ। ਤਾਂ ਭਗੀਰਥ ਚਰਨੀ ਲਗਾ, ਤਾਂ ਭਗੀਰਥ ਕਹਿਆ: ਤੂੰ ਤਾਂ ਸਾਰੇ ਜਗਤ ਦੀ ਮਾਤਾ ਹੈਂ, ਤੇ ਸਭਨਾਂ ਦੇਵਤਿਆਂ ਦੇ ਸਹਾਇ ਕਰਨ ਵਾਲੀ ਹੈਂ, ਰਾਕਸ਼ਾਂ ਦੇ ਨਾਸ਼ ਕਰਨ

ਵਾਲੀ ਹੈਂ, ਤੇ ਏਥੇ ਝਾੜੂ ਕਿਉਂ ਕਰਨੀ ਹੈਂ? ਤਾਂ ਦੇਵੀ ਬੋਲੀ: ਏਹੁ ਸੰਤ ਮਹਾਰਾਜ ਦੇ ਨਿਰਗੁਣ ਰੂਪ ਹੈਨ ਤੇ ਮੇਰਾ ਸਰਗੁਣ ਰੂਪ ਹੈ, ਜੇ ਸੰਤਾਂ ਦੀ ਸੇਵਾ ਮੈਂ ਕਰਨੀ ਹਾਂ, ਤਾਂ ਮੇਰੇ ਵਿਚ ਏਹੁ ਸ਼ਕਤਿ ਹੁੰਦੀ ਹੈ। ਤਾਂ ਭਗੀਰਥੁ ਗੁਰੂ ਕਾ ਸਿਖ ਹੋਇਆ। ਸੰਤਾਂ ਦੀ ਸੇਵਾ ਲਗਾ ਕਰਨਿ, ਤਾਂ ਓਸ ਦਾ ਉਧਾਰ ਏਸੇ ਕਰ ਹੋਇਆ॥੧੧॥

## ਸਾਖੀ ਹੋਰ ਚਲੀ {ਅਜਿੱਤਾ ਰੰਧਾਵਾ}

**ਪਾਇਕੇ** ਸਮਾਂ ਭਾਈ ਜਿੱਤਾ ਰੰਧਾਵਾ ਗੁਰੂ ਨਾਨਕ ਜੀ ਕੇ ਪਾਸ ਆਇਕੇ ਮੱਥਾ ਟੇਕਿਆ ਤੇ ਅਰਦਾਸ ਕੀਤੀ, ਜੁ ਮੈਂ ਬਹੁਤ ਸਾਧਾਂ ਸੰਤਾਂ ਦਾ ਦਰਸਨੁ ਕੀਤਾ ਹੈ, ਪਰ ਮੇਰੇ ਮਨ ਦਾ ਸੰਸਾ ਨਹੀਂ ਮਿਟਿਆ। ਤੁਸਾਡਾ ਹੁਣ ਦਰਸਨੁ ਕੀਤਾ ਹੈ, ਮੇਰਾ ਸੰਸਾ ਨਿਵਿਰਤ ਕਰੋ, ਜੋ ਮੈਨੂੰ ਸ਼ਾਂਤਿ ਪ੍ਰਾਪਤ ਹੋਵੈ। ਤਾਂ ਬਾਬਾ ਬੋਲਿਆ: ਜੋ ਦੁਇ ਪ੍ਰਕਾਰ ਸ਼ਾਂਤਿ ਦੇ ਉਪਾਇ ਹੈਨ। ਬੇਦਾਂ ਨੇ ਭੀ ਤੇ ਸੰਤਾਂ ਨੇ ਭੀ ਕਹਿਆ ਹੈ; ਜੋ ਤੇਰੇ ਮਨ ਵਿਚ ਉਪਾਇ ਹੋ ਸਕਤਾ ਹੈ ਸੋ ਤੁਮ ਕਰੋ। ਤਾਂ ਜਿੱਤਾ ਬੋਲਿਆ: ਜੋ ਮੈਨੂੰ ਦੋਨੋਂ ਉਪਾਉ ਤੁਮ ਕ੍ਰਿਪਾ ਕਰਕੇ ਬਤਾਵੋ। ਜੋ ਮੈਂ ਥੀਂ ਹੋ ਸਕੇਗਾ ਸੋ ਮੈਂ ਕਰੂੰਗਾ। ਤਾਂ ਬਾਬਾ ਬੋਲਿਆ: ਇਕ ਕਸ਼ਟ ਜੋਗ ਹੈ, ਇਕ ਭਗਤੁ ਜੋਗੁ ਹੈ। ਤਾਂ ਜਿੱਤਾ ਬੋਲਿਆ ਜੀ ਕਸ਼ਟ ਜੋਗ ਕੌਨ ਹੈ ਤੇ ਭਗਤਿ ਜੋਗੁ ਕੌਨ ਹੈ? ਤਾਂ ਬਾਬਾ ਬੋਲਿਆ: **ਅਸ਼ਟ** ਅੰਗ ਕਸ਼ਟ ਜੋਗ ਕੇ ਹੈਨ। ਪ੍ਰਿਥਮੇ ਯਮ, ਦੂਜੇ ਨੇਮ, ਤੀਜੇ ਇਕਾਂਤ ਦੇਸ, ਚੌਥੇ ਆਸਨ, ਪੰਜਵਾਂ ਪ੍ਰਾਣਾਯਾਮ, ਛੇਵਾਂ ਧਿਆਨੁ, ਸਤਵਾਂ ਧਾਰਨਾ, ਅਠਵੀਂ ਸਮਾਧਿ। ਤਾਂ ਜਿੱਤਾ ਬੋਲਿਆ: ਅਸੀਂ ਜੀ ਜੱਟ ਸਿੱਖ ਹਾਂ, ਜੌ ਲਗ ਖੋਲਿਕੇ ਏਹੁ ਅਠ ਅੰਗ ਤੁਸੀਂ ਨਾ ਸੁਣਾਵਹੁ, ਤੌ ਲਗੁ ਅਸੀਂ ਸਮਝਦੇ ਨਹੀਂ ਜੀ। ਤਾਂ ਬਾਬਾ ਬੋਲਿਆ: ਦਸ ਯਮ ਹੈਣ। ਪ੍ਰਿਥਮੇ ਅਹਿੰਸਾ, ਇਕੁ ਮਨ ਦੀ ਹਿੰਸਾ ਹੈ, ਜੋ ਮਨ ਕਰਕੇ ਕਿਸੇ ਦਾ ਬੁਰਾ ਚਿਤਵਨਾ। ਇਕੁ ਬਚਨਾ ਦੀ ਹਿੰਸਾ ਹੈ, ਕਿਸੇ ਨੂੰ ਫਿੱਕਾ ਬੋਲਕੇ ਦੁਖਾਵਣਾ, ਕਿ ਮੂੰਹ ਕਰਕੇ ਕਿਸੇ ਦਾ ਬਿਘਨ ਕਰਾਵਣਾ, ਏਹੁ ਬਚਨਾਂ ਦੀ ਹਿੰਸਾ ਹੈ। ਹੋਰ ਕਰਮਾਂ ਦੀ ਹਿੰਸਾ ਏਹੁ ਹੈ: ਜੋ ਹੱਥਾਂ ਨਾਲ ਕਿਸੇ ਨੂੰ ਮਾਰਨਾ। ਸੋ ਏਹੁ ਤ੍ਰੈ ਪ੍ਰਕਾਰ ਦੀ ਹਿੰਸਾ ਦਾ ਤਿਆਗੁ ਕਰਨਾ ਅਹਿੰਸਾ ਹੈ। ਦੂਜਾ ਪਰਮਾਤਮਾ ਦਾ ਸਤ ਜਾਣਨਾ; ਤੀਜਾ ਚੋਰੀ ਦਾ ਤਿਆਗੁ ਕਰਨਾ। ਇਕੁ ਸਰੀਰ ਦੀ ਚੋਰੀ ਹੈ ਜੁ ਕਿਸੇ ਦਾ ਕੁਝ ਛਪਾਵਣਾ, ਦੂਜੀ ਮਨ ਦੀ ਚੋਰੀ ਹੈ,

ਜੋ ਪਾਪ ਕਰਨੇ ਤੇ ਛਪਾਇ ਰਖਣੇ, ਏਹੁ ਭੀ ਤਜਾਗ ਕਰਨਾ। ਬ੍ਰਹਮਚਰਯ ਕਿਸਨੋ ਕਹੀਦਾ ਹੈ ? ਅੱਠ ਪ੍ਰਕਾਰ ਕਾ ਕਾਮੁ ਜੀਤਣਾ। ਤਾਂ ਅਜਿੱਤੇ ਕਹਿਆ: ਅੱਠ ਪ੍ਰਕਾਰ ਕੌਨ ਹੈਨ। ਤਾਂ ਬਾਬਾ ਬੋਲਿਆ: ਜੁ ਪ੍ਰਿਥਮੇ ਇਸਤ੍ਰੀਆਂ ਦੀਆਂ ਗੱਲਾਂ ਕਰਨੀਆਂ, ਦੂਜਾ ਗੱਲਾਂ ਸੁਣਨੀਆਂ, ਤੀਜਾ ਇਕਾਂਤ ਦੇਸ ਇਸਤ੍ਰੀ ਪਾਸ ਬੈਠਣਾ, ਪੰਜਵਾਂ ਹਿਤ ਨਾਲਿ ਇਸਤ੍ਰੀ ਨੂੰ ਦੇਖਣਾ, ਛਠਵਾਂ ਅਲਿੰਗਨੁ ਕਰਨਾ, ਸਤਵਾਂ ਸਿੰਗਾਰੁ ਇਸਤ੍ਰੀਆਂ ਦਾ ਬਣਾਵਣਾ। ਅਠਵਾਂ ਇਸਤ੍ਰੀਆਂ ਨਾਲ ਭੋਗੁ ਕਰਨਾ, ਇਹੁ ਅੱਠ ਪ੍ਰਕਾਰ ਦਾ ਕਾਮ ਜੀਤਣਾ, ਤਿਆਗਣਾ, ਬ੍ਰਹਮਚਰਯ ਏਹੁ ਹੈ। ਪੰਜਵਾਂ ਖਿਮਾਂ ਏਹੁ ਹੈ ਜੋ ਕੋਈ ਭਲਾ ਕਹੇ ਭਾਵੇਂ ਬੁਰਾ ਕਹੇ ਓਸ ਦਾ ਸਹਾਰਨਾ। ਦੁਖ ਹੋਵੇ ਭਾਵੇਂ ਸੁਖ ਹੋਵੇ ਓਸ ਦਾ ਸਹਾਰਨਾ। ਖਸਟਮੇ ਧ੍ਰਿਤ ਕਹੀਐ ਧੀਰਜ, ਜੋ ਕੁਝ ਦੁਖ ਸੁਖ ਹੋਵੈ, ਸੀਤ ਤਪਤ ਅਪਦਾ ਸੰਪਦਾ ਵਿਆਕੁਲ ਨਾ ਹੋਵਣਾ, ਧੀਰਜੁ ਕਰਨਾ। ਸਪਤਮ ਦਇਆ, ਜੁ ਆਪਣੀ ਸ਼ਕਤਿ ਹੋਵੈ ਸੋ ਸਭ ਸੰਗ ਦਇਆ ਕਰਨੀ। ਅਸ਼ਟਮ ਆਰਜਵ, ਰਿਦਾ ਕੋਮਲ ਰਖਣਾ, ਕਿਸੇ ਦਾ ਬੁਰਾ ਨਾ ਚਿਤਵਣਾ। ਨੌਵਾਂ ਮਰਿਜਾਦਾ ਦਾ ਅਹਾਰੁ ਕਰਨਾ, ਜੋ ਅਹਾਰੁ ਹੈ ਓਸ ਥੀਂ ਚੌਥਾ ਹਿੱਸਾ ਘਟਿ ਖਾਵਣਾ। ਦਸਵਾਂ ਸੌਚ, ਜੋ ਸਰੀਰ ਦੀ ਜਲ ਮ੍ਰਿਤਕਾ ਕਰਕੈ, ਮੁਧ ਮੰਜਨਾਂ, ਇਸਨਾਨੁ ਕਰਨਾ। ਤੇ ਰਿਦੇ ਦੀ ਸੌਚ ਹੈ ਜੋ ਰਾਗ ਦੁਵੈਖ ਨਾ ਕਰਨੀ। ਏਹੁ ਮੈਲੁ ਨਿਵਿਰਤੀ ਕਰਨੀ। ਏਹੁ ਦਸ ਯਮ ਹੈਨ ਔਰੁ ਦਸ ਨੇਮ ਕਹਤ ਹੈਂ: ਪ੍ਰਿਥਮੇ ਤਪੁ। ਤਪੁ ਭੀ ਤੀਨ ਪ੍ਰਕਾਰ ਕਾ ਹੈ। ਰਾਜਸੀ, ਤਾਮਸੀ; ਸਾਂਤਕੀ। ਤਾਮਸੀ ਤਪੁ ਕਿਆ ਹੈ ? ਇਕ ਸਰੀਰ ਦਾ ਤਾਵਣਾ, ਦੂਜਾ ਜਲ ਵਿਚ ਬੈਠਣਾ ਤੇ ਤੀਜਾ ਭੁੱਖਾ ਰਹਿਣਾ। ਇਹੁ ਤੀਨੋਂ ਤਾਮਸੀ ਤਪ ਹੈਨਿ; ਇਸ ਕਰ ਫਲੁ ਤਾਂ ਹੁੰਦਾ ਹੈ, ਪਰੁ ਗਿਆਨੁ ਨਹੀਂ ਹੁੰਦਾ। ਬਹੁੜੋ ਇਕੁ ਰਾਜਸੀ ਤਪੁ ਹੈ। ਇੰਦ੍ਰੀਆਂ ਆਪਣੀਆਂ ਨੂੰ ਬੁਰੇ ਕਰਮਾਂ ਵਲੋਂ ਹਟਾਇਕੈ, ਸ਼ੁਭ ਕਰਮਾਂ ਵਲਿ ਲਾਵਣਾਂ। ਬਹੁੜੋ ਇਕੁ ਸਾਂਤਕੀ ਤਪੁ ਹੈ। ਆਪਣੀਆਂ ਵਾਸ਼ਨਾਂ ਬੁਰੇ ਕਰਮਾਂ ਵਲੋਂ ਹਟਾਵਣੀਆਂ ਤੇ ਸ਼ਬਦ ਵਲ ਜੋੜਨੀਆਂ; ਤਾਂ ਏਹੁ ਪ੍ਰਾਣੀ ਰਾਜਸੀ ਅਰੁ ਸਾਂਤਕੀ ਤਪੁ ਕਰੇ। ਬਹੁੜੋ ਸੰਤੋਖ। ਸੰਤੋਖ ਭੀ ਦੁਇ ਪ੍ਰਕਾਰ ਕਾ ਹੈ। ਇਕੁ ਚੀਜ ਨਾ ਪ੍ਰਾਪਤ ਭਈ ਅਰੁ ਕਹਿਆ ਮੈਂ ਸੰਤੋਖੁ ਕਰਨਾ ਹਾਂ ਤਾਂ ਉਸ ਸੰਤੋਖ ਕਰ ਰਿਦਾ ਪ੍ਰਸੰਨ ਨਹੀਂ ਹੁੰਦਾ। ਅਰੁ ਦੂਜਾ ਯਥਾ ਲਾਭ ਸੰਤੋਖ। ਜੇਕਰ ਚੀਜ ਨਾ ਪ੍ਰਾਪਤ ਹੋਵੇ ਤਾਂ ਭੀ ਵਾਹਿਗੁਰੂ ਦੀ ਰਜਾਇ ਉਪਰਿ ਰਾਜੀ ਰਹੇ ਅਰੁ ਬਹੁਤੀ ਪ੍ਰਾਪਤੀ ਹੋਵੇ ਤਦ ਭੀ ਰਾਜੀ ਰਹੇ। ਤੀਜਾ

ਆਸਕਤਿ ਬੁਧਿ, ਗੁਰਾਂ ਦੇ ਬਚਨਾਂ ਤੇ ਦ੍ਰਿੜ੍ਹ ਪਰਤੀਤ। ਚੌਥਾ ਦਾਨੁ ਸਮਝ ਕੇ ਦੇਣਾ, ਤਾਮਸੀ ਦਾ ਦਾਨੁ ਦਿਤਾ ਫਲੁ ਤੁੱਛ ਹੁੰਦਾ ਹੈ ਤੇ ਰਾਜਸੀ, ਜੋ ਆਪਣੀ ਸੋਭਾ ਵਾਸਤੇ ਦਾਨੁ ਦੇਂਦਾ ਹੈ, ਸੋ ਭੀ ਥੋੜਾ ਫਲੁ ਹੁੰਦਾ ਹੈ ਤੇ ਸਾਂਤਕੀ ਪੁਰਖ ਨੂੰ ਬਿਨਉ ਕਰਕੇ ਦਾਨੁ ਦੇਂਦਾ ਹੈ, ਸੋ ਓਸ ਦਾ ਬਹੁਤ ਫਲੁ ਹੁੰਦਾ ਹੈ ਤੇ ਸਭ ਪਦਾਰਥ ਵਾਹਿਗੁਰੂ ਦੇ ਜਾਣ ਕੇ ਦੇਂਦਾ ਹੈ। ਭਾਵੇਂ ਧਨ ਦਾਨੁ ਦੇਵੈ ਭਾਵੈਂ ਵਿੱਦਿਆ ਦਾਨੁ ਦੇਵੈ। ਕੋਈ ਦਾਨੁ ਹੋਵੈ ਸਾਂਤਕੀ ਅਸਥਾਨ ਦਿਤਾ ਬਹੁਤ ਲਾਭ ਪ੍ਰਾਪਤ ਹੁੰਦਾ ਹੈ। ਪੰਜਵਾਂ ਪੂਜਾ ਜੋ ਕਰੈ ਸੋ ਮਨ ਕਰਕੇ ਕਰੈ। ਜੋ ਮਨ ਦੀ ਭਾਵਨੀ ਨਾਲਿ ਪੂਜਾ ਕਰਦਾ ਹੈ ਸੋ ਸਫਲ ਹੁੰਦੀ ਹੈ। ਛਿਵਾਂ ਬਚਨੁ ਆਪਣੇ ਗੁਰਾਂ ਦੇ ਸ਼ਬਦ ਦੇ ਅਨੁਸਾਰ ਹੋਵੇ, ਸੋਈ ਸੁਣੇ ਸੋਈ ਪੜ੍ਹੇ। ਗੁਰਾਂ ਦੇ ਸਿੱਧਾਂਤ ਤੋਂ ਬਿਨਾਂ ਹੋਰੁ ਬਚਨ ਨਾ ਸੁਣੇ। ਸਪਤਮ ਆਪਣੇ ਪੜ੍ਹੇ ਸੁਣੇ ਪਰ ਲੱਜਾ ਰਖੇ। ਉਸ ਪ੍ਰਕਾਰ ਕਮਾਵਣ ਵਿਚ ਲਿਆਵੇ। ਅਸਟਮ ਮਤਿ ਆਪਣੀ ਸਾਂਤਕੀ ਰਖੇ। ਸਭ ਕਿਸੇ ਨਾਲਿ ਨਿਵ ਚੱਲਣਾ ਤੇ ਮਿੱਠਾ ਬੋਲਣਾ। ਨਾਵਾਂ ਜਾਪੁ ਸ਼ਬਦ ਦਾ ਜੇਹੜਾ ਨੇਮ ਨਾਲ ਕਰਦਾ ਹੋਵੇ ਉਸ ਦੇ ਵਿਚ ਬੋਲੇ ਨਹੀਂ, ਤੇ ਦਸਵਾਂ ਹੋਮੁ ਜੋ ਅਗਨ ਵਿਚ ਕਰਦੇ ਹੈਨਿ ਸੋ ਦੇਵਤਿਆਂ ਦੇ ਪ੍ਰਸੰਨਤਾ ਵਾਸਤੇ ਕਰਦੇ ਹੈਨਿ ਤੇ ਖੁਧਿਆਰਥੀ ਸਿਖ ਦੇ ਮੂੰਹ ਵਿਚ ਪਾਵਣਾ ਏਹੁ ਬ੍ਰਹਮੁ ਹੋਮੁ ਹੈ, ਕਿਉਂ ? ਮੁਖ ਕਾ ਦੇਵਤਾ ਅਗਨਿ ਹੈ। ਓਹ ਵਾਹਿਗੁਰੂ ਨਾਮੁ ਜਪ ਕੇ ਮੂੰਹ ਵਿਚ ਪਾਂਵਦਾ ਹੈ ਤਾਂ ਸਾਥ ਹੀ ਬ੍ਰਹਮੁ ਪ੍ਰਸੰਨ ਹੁੰਦਾ ਹੈ, ਸਾਥ ਹੀ ਸਭੇ ਦੇਵਤੇ ਪ੍ਰਸੰਨ ਹੋਤੇ ਹੈਨਿ। ਇਕੁ ਔਰੁ ਗਿਆਨੁ ਹੋਮੁ ਹੈ। ਸਭ ਇੰਦ੍ਰੀਆਂ ਕੇ ਜਿਤਨੇ ਰਸ ਹੈਨ ਸਭ ਗਿਆਨ ਅਗਨਿ ਮੋਂ ਹੋਮੁ ਕਰੈ। ਇਹੁ ਨਿਸਚੇ ਜਾਣੈ, ਜੈਸਾ ਸਰੀਰੁ ਅਨਿੱਤ ਹੈ ਤੈਸੇ ਰਸ ਅਨਿੱਤ ਹੈਨਿ, ਅਰ ਬ੍ਰਹਮ ਕਾ ਜਾਣਨਾ ਸਤਿ ਹੈ। ਏਹੁ ਦਸ ਨੇਮ ਹਠ ਜੋਗ ਕਾ ਦੂਜਾ ਅੰਗੁ ਹੈ। ਅਰੁ ਤੀਜਾ ਅੰਗੁ ਇਕਾਂਤ ਦੇਸ ਹੈ, ਜਿਥੇ ਦੂਸਰਾ ਮਨੁੱਖ ਕੋਈ ਨ ਹੋਵੈ ਓਥੈ ਜਾਇ ਬੈਠਣਾ। ਚੌਥਾ ਅੰਗੁ ਜੋਗ ਕਾ ਆਸਣੁ ਹੈ। ਆਸਣੁ ਭੀ ਜੇਤ ਚਉਰਾਸੀ ਲਖ-ਜੀਯ ਜੰਤ ਹੈਨਿ ਤੇਤੇ ਹੀ ਉਨ ਕੇ ਬੈਠਣ ਕੇ ਆਸਣ ਹੈਨਿ। ਤਿਨ੍ਹਾਂ ਥੀਂ ਸਿੱਧਾਂ ਨੇ ਚਉਰਾਸੀ ਆਸਣ ਚੁਣ ਲੀਏ ਹੈਨਿ। ਤਿਨ੍ਹਾਂ ਤੇ ਮੁੱਖ ਦੋਇ: - ਏਕੁ ਪਦਮ ਆਸਣ, ਦੂਜਾ ਸਿੱਧ ਆਸਣੁ। ਪਦਮ ਆਸਣੁ ਏਹੁ ਹੈ ਜੋ ਬਾਂਵੇਂ ਉਰੂ ਪਰ ਸੱਜਾ ਪੈਰੁ ਠਹਿਰਾਵਣਾ, ਅਰੁ ਦਾਹਨੇ ਉਰੂ ਪਰ ਖੱਬਾ ਪੈਰੁ ਠਹਿਰਾਵਣਾ, ਅਰੁ ਦੋਨੋਂ ਭੁਜਾ ਮਗਰ ਪਿਛੇ ਫੇਰ ਕਰ ਦੋਨੋਂ ਅੰਗੂਠੇ ਪੈਰਾਂ ਕੇ ਦ੍ਰਿੜ੍ਹ ਹਾਥੋਂ ਸੇ ਪਕੜਨੇ

ਅਰੁ ਪ੍ਰਿਥਮੀ ਖੋਦ ਕੇ ਕੋਮਲ ਕਰਕੇ ਊਪਰਿ ਘਾਸ ਵਿਛਾਵਣਾ ਤੇ ਊਪਰ ਆਸਣੁ ਡਾਲਣਾ। ਉਸ ਪਰ ਬੈਠ ਕਰ ਭਉਹਾਂ ਕਾ ਧਿਆਨ ਕਰਨਾ, ਕੈ ਨਾਸਕਾ ਕਾ ਧਿਆਨੁ ਕਰਨਾ, ਏਹੁ ਪਦਮ ਆਸਨੁ ਹੈ। ਦੂਜਾ ਸਿਧ ਆਸਣੁ ਹੈ। ਜੋ ਵੈਸੇ ਹੀ ਕੋਮਲ ਪ੍ਰਿਥਵੀ ਪਰ ਆਸਣੁ ਡਾਲ ਕਰ ਬੈਠ ਕੇ ਅੱਡੀ ਬਾਂਵੇਂ ਪਾਉਂ ਕੀ ਗੁਦਾ ਕੇ ਬੀਚ ਦਬਾਉਣੀ, ਅਰੁ ਦਾਹਨਾ ਪਾਉਂ ਬਾਂਏਂ ਉਰੂ ਪਰ ਕੈ ਇੰਦ੍ਰੀ ਪਰ ਠਹਿਰਾਵਣਾ, ਤੇ ਨਾਸਕਾ ਕੈ ਅਗਰ ਧਿਆਨੁ ਰਖਣਾ ਏਹੁ ਸਿਧ ਆਸਣੁ ਹੈ। ਔਰੁ ਪੰਜਵਾਂ ਅੰਗੁ ਜੋਗ ਕਾ ਪ੍ਰਾਣਾਯਾਮ ਹੈ। ਸੋ ਪ੍ਰਾਣਾਯਾਮ ਪੂਰਕ ਕੁੰਭਕ ਰੇਚਕ ਤੀਨ ਪ੍ਰਕਾਰ ਕਾ ਹੋਤਾ ਹੈ। ਪ੍ਰਿਥਮੈ ਤੋ ਮਨ ਕੀ ਸੁਰਤਿ ਕਰ ਪ੍ਰਾਣਾਂ ਕੋ ਦਾਹਨੀ ਨਾਸਕਾ ਤੇ ਤ੍ਰਿਕੁਟੀ ਨੂੰ ਖੈਂਚਣਾ। ਖੈਂਚਣ ਦੇ ਸਮੇਂ ਦੁਆਦਸ ਮਾਤ੍ਰਾ ਓਅੰਕਾਰ ਜਪਣਾ। ਬਹੁਰੋ ਭਉਹਾਂ ਮੈਂ ਕੁੰਭਕ ਕਰਕੇ ਠਹਿਰਾਵਣਾ ਤੇ ਚੌਥੀ ਮਾਤ੍ਰਾ ਓਅੰਕਾਰ ਕੁੰਭਕ ਮੈਂ ਜਪਣਾ। ਬਹੁਰੋਂ ਬਾਈਂ ਨਾਸਕਾ ਸੇ ਰੇਚਕ ਕਰਨਾ। ਦੁਆਦਸ਼ ਮਾਤ੍ਰਾ ਓਅੰਕਾਰ ਕੀਆਂ ਰੇਚਕ ਮੈਂ ਜਪਣੀਆਂ। ਤੈਸੇ ਹੀ ਬਾਂਏ ਸੇ ਉਤਾਰੇ ਅਰੁ ਦਾਹਨੇ ਸੇ ਚੜ੍ਹਾਏ ਅਰੁ ਦਾਂਏਂ ਸੇ ਉਤਾਰੇ ਬਾਂਏਂ ਸੇ ਚੜ੍ਹਾਏ। ਇਸੀ ਪ੍ਰਕਾਰ ਤ੍ਰਿਕੁਟੀ ਕਾ ਰਾਹੁ ਖੁਲਤਾ ਹੈ, ਅਰ ਪ੍ਰਾਣ ਦਸਵੇਂ ਦੁਆਰ ਠਹਿਰਤਾ ਹੈ। ਤਬ ਅਨਾਹਦ ਕੀਆਂ ਧੁਨਾਂ ਖੁਲਤੀਆਂ ਹੈਨਿ ਅਰੁ ਜੋਤਿ ਕਾ ਦਰਸਨੁ ਹੋਤਾ ਹੈ। ਜਿਉਂ ਜਿਉਂ ਧੁਨਿ ਮੈਂ ਧਿਆਨ ਧਾਰੀਤਾ ਹੈ ਤਿਉਂ ਤਿਉਂ ਧੁਨਿ ਵਧਦੀ ਹੈ। ਛੇਵਾਂ ਅੰਗੁ ਜੋਗ ਕਾ ਧਿਆਨੁ ਹੈ। ਧਿਆਨੁ ਭੀ ਦੁਇ ਪ੍ਰਕਾਰ ਕਾ ਹੈ। ਇਕੁ ਬਾਹਯ ਕਾ ਹੈ, ਇਕ ਅੰਤਰ ਕਾ ਹੈ। ਬਾਹਯ ਕਾ ਏਹ ਧਿਆਨੁ ਹੈ: ਜੋ ਵਿਸ਼ਨੁ ਚਤੁਰ ਭੁਜ ਕਾ ਧਿਆਨੁ ਕਰਨਾ ਕੈ ਗੁਰਾਂ ਕੇ ਸਬਦ ਕਾ ਧਿਆਨ ਕਰਨਾ। ਤੇ ਅੰਤਰ ਧਿਆਨ ਏਹ ਹੈ: ਜੁ ਨਾਭਿ ਕਾ ਧਿਆਨੁ ਕਰਨਾ, ਕੈ ਰਿਦੇ ਕਾ ਧਿਆਨੁ ਧਰਨਾ, ਕੈ ਭਉਹਾਂ ਕਾ ਧਿਆਨੁ ਕਰਨਾ, ਕੈ ਦਸਵੇਂ ਦੁਆਰ ਦਾ ਧਿਆਨੁ ਧਰਨਾ, ਏਹ ਧਿਆਨੁ ਹੈ। ਸਪਤਮ ਅੰਗੁ ਧਾਰਨਾ ਹੈ। ਧਾਰਨਾ ਕਿਆ? ਜੋ ਧਿਆਨ ਠਹਿਰਤਾ ਨਾਹੀਂ, ਪ੍ਰਤਿਬੰਧਕ ਜੋ ਹੈਨਿ ਸੋ ਸੰਕਲਪਾਂ ਵਿਚ ਜਾਇ ਡਾਲਤੇ ਹੈਨਿ। ਤਾਂ ਸੰਕਲਪਾਂ ਥੀਂ ਮਨ ਨੂੰ ਫੇਰ ਕੈ ਬਹੁੜੋ ਧਿਆਨ ਮੈਂ ਜੋੜਨਾ, ਬਹੁੜ ਬਹੁੜ ਠਹਿਰਾਵਣਾ, ਏਹੁ ਧਾਰਨਾ ਹੈ। ਜੇ ਧਿਆਨੁ ਜਾਇ ਠਹਿਰਤਾ ਹੈ ਤਾਂ ਇਸ ਕਾ ਨਾਮੁ ਸਮਾਧਿ ਅਥਵਾ ਆਠਵਾਂ ਅੰਗ ਹੈ। ਅਗੇ ਸਮਾਧਿ ਭੀ ਦੁਇ ਪ੍ਰਕਾਰ ਕੀ ਹੈ। ਇਕੁ ਸਵਿਕਲਪ ਸਮਾਧਿ ਹੈ: ਇਕੁ ਨਿਰਵਿਕਲਪ ਸਮਾਧਿ

 www.sikhbookclub.com

ਹੈ। ਸਵਿਕਲਪ ਸਮਾਧਿ ਧਿਆਤਾ ਧਿਆਨੁ ਧੇਇ, ਆਪ ਨੂੰ ਧਿਆਨੁ ਕਰਨ ਵਾਲਾ ਜਾਣੇ ਤੇ ਪਰਮੇਸਰ ਨੂੰ ਧੇਇ ਜਾਣ ਕੇ ਉਸ ਦਾ ਧਿਆਨੁ ਕਰੈ। ਤੇ ਨਿਰਵਿਕਲਪ ਸਮਾਧਿ ਇਹੁ ਹੈ- ਜੋ ਆਪ ਨੂੰ ਭੀ ਭਿੰਨ ਨਾ ਜਾਣੈ ਤੇ ਧਿਆਨ ਭੀ ਭਿੰਨ ਨਾ ਕਰੈ, ਸਭ ਕਛੁ ਧੇਇ ਹੀ ਬ੍ਰਹਮ ਰੂਪ ਕਰਕੈ ਜਾਣੈ। ਇਸ ਪ੍ਰਕਾਰ ਅੱਠ ਅੰਗ ਜੋਗ ਕੇ ਸਾਧੇ। ਜੋ ਲੋਗ ਬ੍ਰਿਤਿ ਜੋਗ ਵਿਚ ਅਰੂੜ ਰਹੈ ਜੋਗ ਕਾ ਰਸੁ ਲੇਵੈ, ਜਬ ਬ੍ਰਿਤਿ ਉਤਰੇ ਤਾਂ ਗੁਰਾਂ ਦੀ ਬਾਣੀ ਦਾ ਪਰਚਾ ਰਖੇ। ਏਹੁ ਹਠ ਜੋਗ ਹੈ। ਇਸ ਪ੍ਰਕਾਰ ਕਰਕੈ ਭੀ ਬਹੁਤਿਆਂ ਦਾ ਕਲਿਆਣੁ ਹੋਇਆ ਹੈ। ਦੂਜਾ ਭਗਿਤ ਜੋਗੁ ਹੈ।

ਭਗਤਿ ਜੋਗ ਕੇ ਅਸਟ ਅੰਗ ਇਹੁ ਹੈਨਿ:- ਪ੍ਰਿਥਮੇ ਏਹੁ ਯਮੁ ਹੈ ਜੋ ਆਪਣੇ ਮਨ ਨੂੰ ਨੀਵਾਂ ਰਖਣਾ, ਕਿਸੇ ਗੁਣ ਦੇ ਅਭਿਮਾਨ ਕਰ ਮਨ ਵਿਚ ਗਰਬੁ ਨ ਲਿਆਵਣਾ। ਦੂਸਰਾ ਨੇਮ ਏਹੁ ਹੈ ਜੋ ਸਾਧ ਸੰਗਤਿ ਬਿਖੇ ਕਥਾ ਕੀਰਤਨ ਦੇ ਵਿਚ ਮਨ ਨੂੰ ਠਹਿਰਾਵਣਾ। ਜੇ ਪੜ੍ਹਨ ਦੀ ਸ਼ਕਤਿ ਹੋਵੇ ਤਾਂ ਨੇਮ ਨਾਲ ਪੜ੍ਹਨਾ, ਜੇ ਸੁਣਨ ਦੀ ਸ਼ਕਤਿ ਹੋਵੈ ਤਾਂ ਨੇਮ ਨਾਲ ਸੁਣਨਾ। ਤੀਸਰਾ ਇਕਾਂਤ ਦੇਸ ਇਹੁ ਹੈ ਜੋ ਸਰਬ ਬਿਖੇ ਇਕੁ ਗੋਬਿੰਦ ਜਾਣਨਾ; ਔਰ ਦੂਸਰਾ ਕੋਈ ਨ ਜਾਣਨਾ। ਚੌਥਾ ਆਸਣੁ ਇਹੁ ਹੈ, ਜੋ ਗੋਬਿੰਦ ਬਿਖੇ ਬ੍ਰਿਤਿ ਨੂੰ ਇਸਥਿਤ ਕਰਨਾ। ਪੰਜਵਾਂ ਪ੍ਰਾਣਾਯਾਮ ਪੂਰਕ ਕੁੰਭਕ ਰੇਚਕ ਤਿੰਨ ਪ੍ਰਕਾਰ ਦਾ ਪ੍ਰਾਣਾਯਾਮ ਹੈ। ਇਕੁ ਇਹੁ ਹੈ ਪੂਰਕ ਜੋ ਗੁਰਾਂ ਦੇ ਬਚਨਾਂ ਨੋ ਸੁਣਕੇ ਮਨ ਵਿਖੈ ਇਕੱਤ੍ਰ ਸਮਝਣੇ। ਮਨ ਵਿਖੈ ਖੈਂਚਣੇ। ਦੂਸਰਾ ਕੁੰਭਕ ਏਹੁ ਹੈ ਜੋ ਗੁਰਾਂ ਦੇ ਬਚਨਾਂ ਨੂੰ ਸੁਣ ਕੇ ਜਿਹੜੀ ਵਸਤੂ ਸਮਝੀ ਹੈ ਸੋ ਰਿਦੇ ਵਿਖੇ ਸਦਾ ਓਸਦਾ ਅਭਜਾਸ ਕਰਨਾ। ਤੀਸਰਾ ਰੇਚਕ ਜੋ ਗੁਰਾਂ ਦੇ ਬਚਨਾਂ ਕਰਕੇ ਜੋ ਪਦਾਰਥ ਤਿਆਗਣੇ ਕਹੇ ਹੈਨਿ ਤਿਨਕਾ ਤਿਆਗ ਕਰਨਾ। ਛਠਵਾਂ ਧਿਆਨੁ ਇਹੁ ਹੈ ਜੋ ਗੁਰਾਂ ਦੇ ਬਚਨ ਸੁਣਨ ਪੜਨ ਬੈਠੇ, ਧਿਆਨ ਉਹਨਾਂ ਦੇ ਅਰਥ ਬਿਖੇ ਰਖੇ। ਕੋਈ ਸੰਕਲਪ ਮਨ ਵਿਚ ਫੁਰਣ ਨਾ ਦੇਵੇ। ਸਤਵਾਂ ਧਾਰਨਾ ਇਹੁ ਹੈ ਜੋ ਮਨੁ ਕਿਸੇ ਸੰਕਲਪ ਨੂੰ ਧਾਵੇ ਭੀ ਫੇਰ ਮਨ ਨੂੰ ਆਣਕੇ ਜੋੜੇ ਸਬਦ ਬਿਖੇ। ਅਸ਼ਟਮ ਦੁਇ ਚਾਰ ਘੜੀਆਂ ਮਨੁ ਸਬਦ ਵਿਚ ਜਿਤ ਵੇਲੇ ਠਹਿਰਿਆ, ਤਿਸਕਾ ਨਾਮ ਸਮਾਧਿ ਹੈ, ਉਸ ਨੂੰ ਵਧਾਏ। ਜੇ ਅੱਠੇ ਪਹਿਰ ਮਨ ਸ਼ਬਦ ਵਿਖੇ ਜੁੜਿਆ ਰਹੇ ਤਾਂ ਸਵਿਕਲੱਪ ਸਮਾਧ ਪੂਰਨ ਹੋਤੀ ਹੈ। ਸਵਿਕਲਪ ਸਮਾਧਿ ਇਹੁ ਹੈ, ਜੋ ਜਾਣੇ ਮੈਂ ਸ਼ਬਦ ਦੇ ਸੁਣਨੇ ਵਾਲਾ ਹਾਂ ਤੇ ਸ਼ਬਦ ਦੇ ਅਰਥ ਭੀ

ਸਮਝੀਐ। ਨਿਰਵਿਕਲਪ ਸਮਾਧਿ ਇਹੁ ਹੈ, ਜੋ ਸ਼ਬਦ ਦੇ ਤਾਤਪਰਯ ਬਿਖੇ ਮਨੁ ਠਹਿਰਾਵੇ। ਤਾਂ ਇਹੁ ਭਗਤ ਜੋਗੁ ਹੈ। ਭਾਈ ਅਜਿਤੇ ਇਸੇ ਸ਼ਬਦ ਨੂੰ ਸਮਝਕੇ ਅਰਦਾਸ ਕੀਤੀ: ਗਰੀਬ ਨਿਵਾਜ ਜੀ ਮੈਨੂੰ ਇਹੁ ਦਾਨੁ ਦਿਚੇ ਜੋ ਤੇਰੀ ਰਜਾਇ ਮਿਠੀ ਲਗੇ। ਤਾਂ ਬਚਨੁ ਹੋਇਆ ਅਜਿੱਤਿਆ ਤੇਰੇ ਪਿਛੇ ਕਿਤਨਿਆਂ ਦਾ ਉਧਾਰੁ ਹੋਵੈਗਾ॥੧੨॥

## ਸਾਖੀ ਹੋਰ ਚਲੀ {ਭਾਈ ਬੂੜਾ ਬੁਢਾ}

**ਤਾਂ** ਇਕ ਦਿਨ ਬਨ ਬਿਖੇ ਭਾਈ ਬੂੜਾ ਗਊਆਂ ਚਰਾਂਵਦਾ ਸੀ। ਸਾਹਿਬ ਦਾ ਦੀਦਾਰੁ ਆਨਿ ਕੀਤੋਸੁ ਤੇ ਦੁੱਧ ਅਗੇ ਆਨਿ ਰਖਿਓਸੁ ਤੇ ਅਰਦਾਸ ਆਨਿ ਕੀਤੀ: ਗਰੀਬ ਨਿਵਾਜ ਤੇਰਾ ਦਰਸਨੁ ਕੀਤਾ ਹੈ: ਮੇਰਾ ਜਨਮੁ ਮਰਨੁ ਕਟੀਐ ਜੀ! ਤਾਂ ਬਚਨੁ ਹੋਇਆ: ਤੂੰ ਅਜੇ ਬਾਲਕੁ ਹੈਂ, ਤੈਨੂੰ ਏਹੁ ਬੁਧਿ ਕਿਥੋਂ ਪ੍ਰਾਪਤ ਹੋਈ ਹੈ? ਤਾਂ ਓਸ ਆਖਿਆ: ਜੀ ਸਾਡੇ ਪਿੰਡ ਵਿਚ ਮੁਗਲ ਆਨਿ ਉਤਰੇ ਸਨ, ਨਾਲੇ ਓਨਾਂ ਕੱਚੀਆਂ ਖੇਤੀਆਂ ਵਢ ਲਈਆਂ ਨਾਲੇ ਪੱਕੀਆਂ ਨਾਲੇ ਡਡੁਰੀਆਂ। ਤਾਂ ਮੇਰੇ ਮਨ ਵਿਚ ਆਈ ਜੇ ਏਨਾਂ ਡਾਢਿਆਂ ਦਾ ਹਥੁ ਕਿਸੇ ਨਹੀਂ ਫੜਿਆ, ਤਾਂ ਜਮਾਂ ਦਾ ਹਥੁ ਕਿਸੁ ਫੜਨਾ ਹੈ! ਤਾਂ ਬਚਨ ਹੋਇਆ: ਤੂੰ ਤਾਂ ਬਾਲਕੁ ਨਹੀਂ, ਤੇਰੀ ਤਾਂ ਬੁੱਢਿਆਂ ਕੀ ਜੈਸੀ ਮਤਿ ਹੈ, ਤੂੰ ਤਾਂ ਬੁੱਢਾ ਹੈਂ। ਤੂੰ ਇਕ ਮਨ ਹੋਇਕੇ ਵਾਹਿਗੁਰੂ ਕਾ ਨਾਮੁ ਧਿਆਵੇਂਗਾ ਤਾਂ ਤੇਰਾ ਕਲਿਆਣੁ ਹੋਵੈਗਾ। ਤਾਂ ਓਸ ਕਹਿਆ: ਜੀ ਬਾਣੀ ਕੋਈ ਡਾਢੀ ਜਪਦੇ ਹੈਨਿ; ਕੋਈ ਹੌਲੀ ਜਪਦੇ ਹੈਨਿ, ਮੈਂ ਕਿਸ ਤਰ੍ਹਾਂ ਜਪਾਂ? ਤਾਂ ਬਚਨੁ ਹੋਇਆ: ਚਾਰ ਪ੍ਰਕਾਰ ਦੀਆਂ ਬਾਣੀਆਂ ਹੈਨਿ:- ਇਕੁ ਪਰਾ ਬਾਣੀ ਹੈ, ਜੋ ਪਰਾ ਦੁਆਰੇ ਨਾਭਿ ਦੇ ਬਿਖੇ ਧਿਆਨੁ ਧਰਤੇ ਹੈਂ। ਪਸੰਤੀ ਬਾਣੀ ਦੁਆਰਾ ਰਿਦੇ ਬੀਚ ਧਿਆਨੁ ਧਰਤੇ ਹੈਂ। ਇਕ ਮਧਮਾ ਬਾਣੀ ਹੈ ਜਿਸ ਦੁਆਰੇ ਸੁਵਾਸਾਂ ਕਰਕੇ ਜਪਤੇ ਹੈਨਿ। ਇਕ ਬੈਖਰੀ ਬਾਣੀ ਦੁਆਰਾ ਬਾਹਰ ਪ੍ਰਗਟ ਪੜਤੇ ਹੈਨਿ, ਪਰ ਪਰੋਜਨ ਮਨ ਕੇ ਇਕਾਗਰ ਹੀ ਕਾ ਹੈ। ਜੈਸੇ ਘੀਉ ਸਭ ਬਿੰਜਨ ਮੈਂ ਮਿਲਿਆ ਹੂਆ ਸਨਿਗਧ ਕਰਤਾ ਹੈ, ਤੈਸਾ ਨਾਮੁ ਇਕਾਗਰ ਮਨ ਜਪਿਆ ਕਲਿਆਣੁ ਕਰਦਾ ਹੈ। ਪਰੁ ਤੂੰ ਪਰਾ ਬਾਣੀ ਦੁਆਰੇ ਨਾਮੁ ਜਪੁ ਤੇ ਸੰਤਾਂ ਦੀ ਸੇਵਾ ਕਰੁ। ਇਸ ਮੇਂ ਤੇਰੀ ਆਰਜਾ ਭੀ ਵਧੇਗੀ; ਅਰ ਤੇਰਾ ਕਲਿਆਣੁ ਭੀ ਹੋਵੈਗਾ। ਮੈਂ ਚੌਥਾ ਜਾਮਾ ਧਾਰਕੇ ਤੈਨੂੰ ਗਿਆਨੁ ਉਪਦੇਸੁ ਕਰਾਂਗਾ ਤੇ ਤੇਰੇ ਵੰਸ਼ ਵਿਖੇ ਭੀ ਮੇਰੀ ਭਗਤਿ

ਪ੍ਰਾਪਤ ਹੋਵੇਗੀ ਤਾਂ ਭਾਈ ਬੁੱਢੇ ਪੰਜਵੀਂ ਪਾਤਿਸ਼ਾਹੀ ਤੀਕਰੁ ਆਪਣਾ ਸਰੀਰੁ ਭੀ ਰਖਿਆ ਤੇ ਟਹਿਲ ਭੀ ਕਰਦਾ ਰਹਿਆ॥੧੩॥

## ਸਾਖੀ ਹੋਰ ਚਲੀ {ਫਿਰਣਾ ਖਹਿਰਾ}

**ਫਿਰਣਾ** ਖਹਿਰਾ ਤੇ ਜੋਧ ਦੋਇ ਸਿਖ ਗੁਰੂ ਨਾਨਕ ਜੀ ਦੀ ਸਰਨੀ ਆਏ ਤੇ ਵਾਹਿਗੁਰੂ ਕੇ ਸਿਖ ਆਨ ਕੇ ਹੋਏ। ਤਾਂ ਓਨਾਂ ਨੇ ਅਰਦਾਸ ਕੀਤੀ : ਕੋਈ ਐਸਾ ਉਪਦੇਸ਼ ਕਰੋ ਜੀ ਜਿਸ ਕਰਕੇ ਸਾਡਾ ਕਲਿਆਣੁ ਹੋਵੇ ਤੇ ਸਿਖੀ ਪ੍ਰਾਪਤਿ ਹੋਵੇ। ਤਾਂ ਬਚਨੁ ਹੋਆ ਮਨੁ ਨੀਵੇਂ ਕਰ ਸਿਖੀ ਪ੍ਰਾਪਤਿ ਹੁੰਦੀ ਹੈ। ਜੋ ਤੁਸਾਡੇ ਸਰੀਰ ਪਾਸੋਂ ਸੇਵਾ ਸਿਖਾਂ ਦੀ ਹੋਇ ਆਵੈ ਸੋ ਕਰਨੀ, ਤੇ ਪਿਛਲੀ ਰਾਤ ਉਠ ਕੈ ਇਸਨਾਨੁ ਕਰਕੇ ਨਾਮ ਦਾ ਅਭਿਆਸੁ ਕਰਨਾ ਤੇ ਮਨੁ ਨੀਵਾਂ ਰਖਣਾ, ਤੇ ਵਾਹਿਗੁਰੂ ਨੂੰ ਸੁਆਮੀ ਜਾਣਨਾ ਤੇ ਆਪ ਨੂੰ ਸੇਵਕੁ ਜਾਣਨਾ ਤੇ ਸਾਧ ਸੰਗਤਿ ਵਿਚ ਜਾਇਕੈ ਪ੍ਰੀਤ ਕਰਕੇ ਗੁਰੂ ਕਾ ਸ਼ਬਦੁ ਸੁਣਨਾ, ਤੇ ਉਠਕੇ ਦੋਨੋਂ ਨੇ ਆਪਸ ਵਿਚ ਬਾਣੀ ਦਾ ਮਨਨੁ ਕਰਨਾ। ਤਾਂ ਓਨਾਂ ਦਾ ਇਸੇ ਪ੍ਰਕਾਰ ਉਧਾਰੁ ਹੋਇਆ॥੧੪॥

## (ਦੂਸਰੇ ਪਾਤਸਾਹ ਜੀ ਦੇ ਸਿਖ)

## ਅਗੇ ਸਾਖੀ ਹੋਰ ਚਲੀ {ਭਾਈ ਜੀਵਾ}

**ਭਾਈ** ਜੀਵਾ ਦੂਸਰੀ ਪਾਤਿਸ਼ਾਹੀ ਦੀ ਸੇਵਾ ਟਹਿਲ ਕਰਦਾ ਸੀ; ਨਿਤ ਖਿਚੜੀ ਤੇ ਦਹੀਂ ਸਾਹਿਬ ਦੇ ਲੰਗਰ ਵਾਸਤੇ ਕਰ ਲੈ ਆਵੈ। ਤੇ ਇਕ ਦਿਨ ਓਸ ਅਰਦਾਸ ਕੀਤੀ : ਜੀ ਗਰੀਬ ਨਿਵਾਜ! ਜੇ ਅੰਧੇਰੀ ਅਜੁ ਬੰਦ ਹੋਵੈ ਤਾਂ ਮੈਂ ਪ੍ਰਸਾਦੁ ਸਵੇਰੇ ਸਾਹਿਬ ਦੀ ਰਸਨਾ ਵਾਸਤੇ ਲੈ ਆਵਾਂ। ਤਾਂ ਬਚਨੁ ਹੋਇਆ ਇਸ ਅੰਧੇਰੀ ਕਰਕੈ ਕਿਤਨੇ ਜਹਾਜ ਚਲਤੇ ਹੈਨਿ, ਕਿਤਨਿਆਂ ਸਰਪਾਂ ਨੂੰ ਤਾਂਬੇ ਦੀ ਪ੍ਰਿਥਵੀ ਮੈਂ ਅਹਾਰੁ ਪਹੁੰਚਦਾ ਹੈ, ਪ੍ਰਸਾਦੁ ਚਾਰ ਘੜੀਆਂ ਪਿਛੋਂ ਹੋਵੈਗਾ, ਪਰੁ ਵਾਹਿਗੁਰੂ ਕੀ ਰਜਾਇ ਉਪਰਿ ਰਾਜੀ ਰਹਿਣਾ, ਏਹ ਸਿਖੀ ਦਾ ਧਰਮੁ ਹੈ। ਜੈਸੇ ਇਸਤ੍ਰੀ ਨੂੰ ਭਰਤੇ ਦੀ ਆਗਿਆ ਮੰਨਣੀ ਪਰਵਾਣੁ ਹੈ, ਤੈਸੇ ਭਗਤਾਂ ਨੂੰ ਮਹਾਰਾਜ ਦੀ ਆਗਿਆ ਪਰਵਾਨ ਹੈ। ਤੂੰ ਪਰਮੇਸਰ ਦੀ ਆਗਜਾ ਤੇ ਰਾਜੀ ਰਹੁ, ਸਭ ਸੇਵਾ ਕਾ ਫਲੁ ਤੈਨੂੰ ਇਸੇ ਥੀਂ ਪ੍ਰਾਪਤ ਹੋਵੇਗਾ। ਤਾਂ ਓਸ ਦਾ ਉਧਾਰੁ ਵਾਹਿਗੁਰੂ ਦੀ ਇਛਾ ਮੰਨਣਿ ਕਰ ਹੋਇਆ॥੧੫॥

## ਸਾਖੀ ਹੋਰ ਚਲੀ {ਗੁਜਰ ਲੁਹਾਰ}

**ਗੁਜਰ** ਜਾਤ ਦਾ ਲੁਹਾਰੁ ਸੀ, ਗੁਰੂ ਅੰਗਦ ਜੀ ਨੂੰ ਮਿਲਿਆ ਤਾਂ ਓਸ ਅਰਦਾਸ ਕੀਤੀ : ਜੀ ਮੈਂ ਸਾਰਾ ਦਿਨੁ ਆਪਣੇ ਕੰਮੁ ਵਿਚ ਲਗਾ ਰਹਿੰਦਾ ਹਾਂ, ਮੇਰਾ ਭੀ ਕਿਵੇਂ ਉਧਾਰ ਹੋਵੈ ? ਤਾਂ ਬਚਨੁ ਹੋਇਆ ਅੰਮ੍ਰਿਤ ਵੇਲੇ ਉਠਕੇ ਜਪੁਜੀ ਪੜ੍ਹਨਾ, ਤੇ ਜੇ ਕੋਈ ਗਰੀਬ ਦਾ ਕੰਮ ਹੋਵੇ ਸੋ ਗੁਰੂ ਕੇ ਨਮਿਤ ਜਾਣਕੈ ਕਰ ਦੇਵਣਾ। ਓਸ ਨੂੰ ਇਸ ਪ੍ਰਕਾਰ ਕਈ ਬਰਸ ਸਿਖਾਂ ਦੀ ਸੇਵਾ ਕਰਦਿਆਂ ਬੀਤੇ। ਇਕ ਦਿਨ ਇਕ ਸਾਧ ਹੈਸਨਿ ਅਤੇ ਕਿਸੇ ਨੇ ਤੁਹਮਤ ਦੇ ਕੇ ਰਾਜ ਦੁਆਰੇ ਬੰਧਾਇ ਦਿਤੇ ਸਨਿ ਤੇ ਅੱਧੀ ਰਾਤ ਦੇ ਸਮੇਂ ਓਹੁ ਬੰਦੀਖਾਨੇ ਥੀਂ ਨਿਕਸੇ, ਗੁਜਰ ਲੁਹਾਰ ਦੇ ਘਰ ਆਏ। ਓਨ੍ਹਾਂ ਕਹਿਆ ਪਰਮੇਸਰ ਨਮਿਤ ਅਸਾਡੀਆਂ ਬੇੜੀਆਂ ਵੱਢੋ, ਤਾਂ ਉਸ ਬੇੜੀਆਂ ਵੱਢੀਆਂ ਤਾਂ ਓਨ੍ਹਾਂ ਦੀ ਖੁਸ਼ੀ ਕਰਕੇ ਗੁਜਰ ਨੂੰ ਤੀਨ ਕਾਲ ਦੀ ਸੋਝੀ ਹੋਇ ਗਈ। ਜਬ ਗੁਰੂ ਜੀ ਪਾਸ ਗਇਆ ਤਾਂ ਸਤਿਗੁਰ ਭੀ ਪ੍ਰਸੰਨ ਹੋਏ॥੧੬॥

## ਸਾਖੀ ਹੋਰ ਚਲੀ {ਨਾਈ ਧਿੰਙ}

**ਨਾਈ** ਧਿੰਙ ਗੁਰੂ ਅੰਗਦ ਜੀ ਦੇ ਦਰਬਾਰ ਅਗੇ ਆਇ ਰਹਿਆ। ਨਾਲੇ ਪਾਣੀ ਗਰਮੁ ਕਰਕੈ ਸਿਖਾਂ ਨੂੰ ਇਸਨਾਨੁ ਕਰਾਵੈ, ਨਾਲੇ ਸਿਖਾਂ ਨੂੰ ਚਾਂਪੀ ਕਰੈ, ਰੁੱਗ ਛਕਾਵੈ, ਸਾਥ ਹੀ ਗੁਰੂ ਕੀ ਸੇਵਾ ਪੂਜਾ ਕਰੈ। ਇਕ ਦਿਨ ਸਾਹਿਬ ਦੇ ਪਾਸ ਓਸ ਅਰਦਾਸ ਕੀਤੀ, ਜੋ ਜੀ ਮੈਨੂੰ ਉਪਦੇਸੁ ਕਰੋ, ਤਾਂ ਬਚਨੁ ਹੋਇਆ: ਮੁਰੀਦ ਮੁਰਦਾ ਕਹੀਦਾ ਹੈ ਤੇ ਗੁਰੂ ਗੋਰ ਹੈ। ਜਬ ਮ੍ਰਿਤਕ ਦਾ ਅੰਗੁ ਕੋਈ ਨਹੀਂ ਹਿੱਲਦਾ, ਤਾਂ ਗੋਰ ਦੀ ਲਾਇਕ ਹੁੰਦਾ ਹੈ। ਜਬ ਸਿਖ ਦੇ ਮਨ ਵਿਚੋਂ ਹੰਕਾਰ ਦੂਰ ਹੁੰਦਾ ਹੈ, ਤਾਂ ਸਿਖੁ ਗੁਰਾਂ ਦੇ ਗਿਆਨ ਵਿਚ ਜਾਇ ਸਮਾਂਵਦੇ ਹੈਨ। ਦੇਖੋ ਸੈਣ ਨਾਈ ਜਬ ਮਨੁ ਲਾਇਕੇ ਸਾਧਾਂ ਦੀ ਟਹਿਲ ਕੀਤੀ ਤਾਂ ਭਗਵਾਨ ਓਸ ਦਾ ਰੂਪ ਧਾਰਿਕੇ ਰਾਣੇ ਨੂੰ ਆਇ ਰੀਝਾਇਆ, ਤੂੰ ਭੀ ਐਸਾ ਹੀ ਹੋਇ ਬਿਚਰੁ। ਤਾਂ ਓਸ ਐਸੇ ਹੀ ਸਿਖਾਂ ਦੀਆਂ ਟਹਿਲਾਂ ਕੀਤੀਆਂ। ਤਾਂ ਓਸ ਨੂੰ ਸਿਖੀ ਪ੍ਰਾਪਤਿ ਹੋਈ ਤੇ ਉਸ ਦੇ ਸਾਰੇ ਕੁਟੰਬ ਦਾ ਉਧਾਰੁ ਹੋਇਆ॥੧੭॥

# ਪਉੜੀ ਪੰਦਰ੍ਹਵੀਂ ਚਲੀ॥੧੫॥

## ਸਿੱਖ ਨਾਮਾਵਲੀ

ਪਾਰੋ ਜੁਲਕਾ ਪਰਮ ਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ।
ਮਲੂਸਾਹੀ ਸੂਰਮਾ ਵਡਾ ਭਗਤੁ ਭਾਈ ਕਦਾਰੀ।
ਦੀਪਾ ਦੇਊ ਨਰਾਇਣ ਦਾਸੁ ਬੂਲੇ ਦੇ ਜਾਈਐ ਬਲਿਹਾਰੀ।
ਲਾਂਲ ਸੁ ਲਾਲੂ ਬੁਧਿਵਾਨੁ ਦੁਰਗਾ ਜੀਵੰਧੁ ਪਰਉਪਕਾਰੀ।
ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।
ਖਾਨੂ ਮਾਈਆ ਪਿਉ ਪੁਤੁ ਹੈ ਗੁਣ ਗਾਹਕ ਗੋਵਿੰਦ ਭੰਡਾਰੀ।
ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰ ਤਾਰੀ।
ਪੂਰੈ ਸਤਿਗੁਰ ਪੈਜ ਸਵਾਰੀ॥੧੫॥

## ਸਾਖੀ ਹੋਰ ਚਲੀ {ਪਾਰੋ ਜੁਲਕਾ}

**ਪਾਰੋ** ਜੁਲਕਾ ਗੁਰੂ ਅੰਗਦ ਜੀ ਦੇ ਪਾਸ ਆਇਆ। ਆਇਕੇ ਅਰਦਾਸ ਕੀਤੀ; ਜੀ ਗਰੀਬ ਨਿਵਾਜ! ਪਰਮਹੰਸ ਕੈਸੇ ਹੋਤੇ ਹੈਨਿ? ਬਚਨੁ ਹੋਇਆ: ਭਾਈ ਪਾਰੋ! ਤੈਨੂੰ ਅਸੀਂ ਪਰਮਹੰਸਾਂ ਦੀ ਸਾਖੀ ਸੁਣਾਉਂਦੇ ਹਾਂ, ਜੇ ਤੂੰ ਸੁਣੇ ਤੇ ਮਨ ਵਿਚ ਵਸਾਏਂਗਾ ਤਾਂ ਤੂੰ ਭੀ ਪਰਮਹੰਸੁ ਹੋਵੈਂਗਾ ਤੇ ਜੋ ਤੇਰੀ ਸੰਗਤਿ ਕਰੇਗਾ ਤਿਸ ਨੂੰ ਭੀ ਪਰਮਹੰਸਾਂ ਦੀ ਦਸ਼ਾ ਪ੍ਰਾਪਤ ਹੋਵੈਗੀ। ਹੰਸ ਇਸਕੇ ਤਾਈਂ ਕਹੀਤਾ ਹੈ, ਜੋ ਸਮੁੰਦਰ ਕੇ ਬੀਚ ਜਾਇਕੇ ਮੋਤੀ ਚੁਗਦੇ ਹੈਨਿ, ਜਲ ਤੇ ਦੁੱਧ ਇਕੱਠਾ ਕਰਕੇ ਓਨਾਂ ਦੇ ਅੱਗੇ ਰਖੀਤਾ ਹੈ ਤਾਂ ਓਨਾਂ ਦੀ ਚੁੰਝ ਖੱਟੀ ਹੋਤੀ ਹੈ, ਚੁੰਝ ਵਿਚ ਪਾਉਂਦੇ ਹੈਨ ਤਾਂ ਦੁੱਧ ਦੀਆਂ ਫੁਟੀਆਂ ਭਿੰਨ ਹੋ ਜਾਤੀਆਂ ਹੈਨਿ, ਤਾਂ ਓਹੁ ਦੁੱਧ ਦੀਆਂ ਫੁਟੀਆਂ ਖਾ ਜਾਤੇ ਹੈਨਿ ਤੇ ਜਲ ਨੂੰ ਛਡ ਦੇਤੇ ਹੈਨਿ। ਤੇ ਪਰਮਹੰਸੁ ਓਹੁ ਕਹੀਦੇ ਹੈਨ: ਜੋ ਗੁਰਾਂ ਦਾ ਸਬਦੁ ਹੈ ਸੋਈ ਮਾਣਕ ਮੋਤੀ ਹੈਨਿ। ਇਨਕੇ ਪੜਨੇ ਸੁਣਨੇ ਕਰ ਉਨ ਕੀ ਬੁਧਿ ਬੀਚ ਬੀਚਾਰੁ ਆਨ ਪ੍ਰਾਪਤ ਹੁੰਦਾ ਹੈ। ਸੋਈ ਉਨਕੀ ਚੁੰਝ ਹੈ। ਦੇਹ ਅਰੁ ਆਤਮਾਂ ਜੋ ਇਕਠੇ ਪਏ ਭਾਸਤੇ ਹੈਨਿ, ਏਕਠਾ ਪੁਤਲਾ ਕਾ ਪੁਤਲਾ, ਸੋ ਵਿਚਾਰ ਕਰਕੈ ਜਾਣੀਤਾ ਹੈ ਜੋ ਦੇਹ ਅਨਿਤ ਹੈ, ਜੜ ਹੈ, ਦੁਖ ਰੂਪ ਹੈ ਤੇ ਆਤਮਾ ਸਤਿ ਹੈ, ਚੇਤੰਨ ਹੈ,


www.sikhbookclub.com

ਆਨੰਦ ਰੂਪ ਹੈ। ਏਹੁ ਭਰਮ ਕਰਕੇ ਦੇਹ ਦੇ ਧਰਮ ਆਤਮਾ ਬਿਖੇ ਪਏ ਭਾਸਤੇ ਹੈਨਿ, ਮਰਨਾ ਦੇਹ ਕਾ ਧਰਮ ਹੈ ਅਤੇ ਏਹ ਕਹਿੰਦਾ ਹੈ ਜੋ ਮੈਂ ਮਰਨਾ ਹਾਂ, ਜੜ੍ਹ ਦੇਹ ਕਾ ਧਰਮ ਹੈ ਤੇ ਇਹੁ ਕਹਿੰਦਾ ਹੈ ਮੈਂ ਆਪਨੂੰ ਨਹੀਂ ਜਾਣਦਾ। ਦੁਖ ਧਰਮੁ ਦੇਹ ਕਾ ਹੈ ਤੇ ਏਹੁ ਕਹਿੰਦਾ ਹੈ ਮੈਂ ਦੁਖੀ ਹਾਂ। ਜਬ ਵੀਚਾਰ ਬੁਧ ਸਿਉਂ ਦੇਖਦਾ ਹੈ ਤਾਂ ਕਹਿੰਦਾ ਹੈ ਮੈਂ ਤ੍ਰੈਈ ਕਾਲ ਇਸਥਿਤ ਹਾਂ; ਜੋ ਪਿਛੇ ਦੇ ਕਰਮ ਹੁਣ ਭੋਗਤਾ ਹੌਂ ਤੇ ਹੁਣ ਦੇ ਅੱਗੇ ਭੋਗਾਂਗਾ। ਤਾਂ ਤ੍ਰੈਕਾਲ ਸਤਿ ਹੋਇਆ; ਬਹੁੜੋ ਏਹੀ ਪਰਮੇਸਰ ਨੂੰ ਜਾਣਤਾ ਹੈ, ਏਹੀ ਜੜ੍ਹ ਨੂੰ ਜਾਣਤਾ ਹੈ, ਏਹੀ ਚੇਤਨ ਨੂੰ ਜਾਣਤਾ ਹੈ, ਤਾਂਤੇ ਏਹੁ ਚੇਤੰਨ ਹੈ। ਜੇ ਨਾਨਾ ਪ੍ਰਕਾਰਾਂ ਦੇ ਛਤ੍ਰੀ ਅੰਮ੍ਰਿਤ ਬਾਸਨਾ ਦੇ ਵਿਚ ਹੋਤੇ ਹੈਨਿ, ਤਾਂ ਬਾਸਨਾ ਨੂੰ ਤਾਂ ਅਨੰਦੁ ਨਹੀਂ, ਜੋ ਏਹੀ ਖਾਂਵਦਾ ਹੈ ਤਾਂ ਇਸਨੂੰ ਅਨੰਦੁ ਹੋਤਾ ਹੈ। ਨਾਨਾ ਪ੍ਰਕਾਰਾਂ ਦੇ ਬਸਤ੍ਰ ਬੁਚਕੇ ਬੀਚ ਹੁੰਦੇ ਹੈਨਿ ਤਾਂ ਬੁਚਕੇ ਨੂੰ ਤਾਂ ਅਨੰਦੁ ਨਹੀਂ, ਜੇ ਏਹੁ ਪਹਿਰੇ ਤਾਂ ਇਸਨੂੰ ਅਨੰਦੁ ਹੋਤਾ ਹੈ। ਨਾਨਾ ਪ੍ਰਕਾਰ ਦੇ ਪੁਰਾਣ ਕਾਗਤਾਂ ਤੇ ਲਿਖੇ ਹੋਏ ਹੈਨਿ, ਤਾਂ ਕਾਗਤਾਂ ਨੂੰ ਤਾਂ ਅਨੰਦੁ ਨਹੀਂ, ਜੇ ਏਹੋ ਪੜ੍ਹਦਾ ਸੁਣਦਾ ਹੈ ਤਾਂ ਇਸ ਨੂੰ ਹੀ ਅਨੰਦੁ ਹੋਤਾ ਹੈ। ਤਾਂ ਅਨੰਦ ਰੂਪੀ ਭੀ ਏਹੀ ਹੈ। ਜੇ ਬੁਧਿ ਬੀਚਾਰ ਕਰਿਕੈ ਆਪਨੂੰ ਸਰੀਰ ਤੇ ਭਿੰਨ ਜਾਣੇ ਤਾਂ ਹੀ ਪਰਮਹੰਸੁ ਹੁੰਦਾ ਹੈ। ਜੇ ਆਪ ਨੂੰ ਸਰੀਰ ਤੇ ਨਿਆਰਾ ਜਾਣੇਗਾ, ਤਾਂ ਸਰੀਰ ਦੇ ਰਸਾਂ ਵਾਸਤੇ ਪਾਪ ਨ ਕਰੈਗਾ। ਜੈਸੇ ਕਮੁਲੁ ਜਲ ਮੈਂ ਹੋਤਾ ਹੈ, ਤੇ ਧਿਆਨ ਉਸਕਾ ਸੂਰਜ ਵਲ ਹੋਤਾ ਹੈ, ਤਾਂ ਜਲ ਕਾ ਉਸਨੂੰ ਸਪਰਸ਼ ਨਹੀਂ ਹੋਤਾ, ਤੈਸੇ ਪਰਮਹੰਸ ਵਿਚੇ ਜਗਤ ਦੇ ਰਹਿੰਦੇ ਹੈਨਿ ਤੇ ਧਿਆਨੁ ਓਨ੍ਹਾਂ ਦਾ ਆਤਮਾਂ ਵਲਿ ਹੁੰਦਾ ਹੈ, ਤਾਂ ਦੇਹ ਦੇ ਦੁਖਾਂ ਸੁਖਾਂ ਦਾ ਹਰਖੁ ਸੋਗੁ ਨਹੀਂ ਕਰਦੇ, ਤੇ ਵਰਤਣਿ ਹੋਰਨਾਂ ਅਗਿਆਨੀਆਂ ਦੀ ਨਿਆਈਂ ਕਰਦੇ ਹੈਨਿ, ਤੇ ਜਗਤ ਨੂੰ ਸੁਪਨੇ ਵਤਿ ਜਾਣਦੇ ਹੈਨਿ, ਤਾਂ ਓਨਾਂ ਨੂੰ ਬੰਧਨ ਨਹੀਂ ਹੁੰਦਾ। ਤੈਸੇ ਹੀ ਭਾਈ ਪਾਰੋ ਵਰਤਣਿ ਲਗਾ। ਆਪ ਭੀ ਉਧਰੇ ਤੇ ਸਨਬੰਧੀਆਂ ਦਾ ਭੀ ਉਧਾਰੁ ਹੋਇਆ॥੧੮॥

## ਆਗੇ ਸਾਖੀ ਹੋਰ ਚਲੀ {ਮੱਲੂ ਸ਼ਾਹੀ}

**ਮੱਲੂ** ਸਾਹੀ ਭੀ ਗੁਰੂ ਅੰਗਦ ਜੀ ਪਾਸ ਆਇਕੇ ਅਰਦਾਸ ਕੀਤੀ: ਜੁ ਅਸੀਂ ਨੌਕਰੀ ਮੁਗਲਾਂ ਦੀ ਕਰਦੇ ਹਾਂ, ਕੋਈ ਐਸਾ ਉਪਦੇਸ਼ ਕਰੋ ਜਿਸ ਕਰ ਅਸਾਡਾ ਏਥੇ ਭੀ ਮੁਖ ਉਜਲਾ ਹੋਵੈ। ਤਾਂ ਗੁਰੂ ਅੰਗਦ ਜੀ ਬੋਲੇ: ਭਾਈ

ਮੱਲੂ! ਦੇਹਾਂ ਤਾਂ ਅਨਿਤ ਹੈਨਿ, ਏਹੁ ਤਾਂ ਅਗੇ ਹੀ ਬਿਨਸੀਆਂ ਹੋਈਆਂ ਹੈਨਿ ਤੇ ਆਤਮਾਂ ਸਤਿ ਹੈ, ਕਿਸੇ ਦਾ ਮਾਰਿਆ ਮਰਦਾ ਨਹੀਂ, ਆਪਣੇ ਵਰਨ ਆਸ਼੍ਰਮ ਦੀ ਕ੍ਰਿਆ ਭੀ ਸੁਪਨੇ ਦੀ ਜਾਣਕੈ ਕਰੀਏ ਤੇ ਗਿਆਨ ਭੀ ਦ੍ਰਿੜ੍ਹ ਹੋਵੈ। ਏਹੀ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਉਪਦੇਸ਼ ਕੀਤਾ ਹੈ: ਜੋ ਜੁੱਧ ਭੀ ਕਰੀਐ ਤੇ ਦਾਨੁ ਭੀ ਕਰੀਐ ਤੇ ਆਪਣੀ ਦੇਹ ਤੇ ਬਿਨਸਨ ਦਾ ਸਹਸਾ ਨ ਕਰੀਐ। ਜੇ ਤੀਨ ਬਾਤਾਂ ਏਕਠੀਆਂ ਹੁੰਦੀਆਂ ਹੈਨਿ, ਤਾਂ ਏਹੁ ਸਰੀਰ ਬਿਨਸਦਾ ਹੈ। ਇਕੁ-ਸਮਾਂ ਜੋ ਸੁਆਸਾਂ ਦਾ ਪੂਰਾ ਹੋਇ ਰਹਿੰਦਾ ਹੈ। ਦੂਜਾ-ਜਿਸ ਪ੍ਰਿਥਵੀ ਤੇ ਸਰੀਰੁ ਗਿਰਣਾ ਹੁੰਦਾ ਹੈ ਜੋ ਓਹ ਜਾਗਾ ਹੁੰਦੀ ਹੈ। ਤੀਸਰਾ-ਜਿਸ ਗੋਲੀ ਤੀਰ ਕਰ ਪ੍ਰਾਣ ਜਾਵਣੇ ਹੁੰਦੇ ਹੈਨਿ, ਜਾਂ ਓਹਾ ਗੋਲੀ ਕੈ ਦੁਖ ਲਗਦਾ ਹੈ ਤਾਂ ਪ੍ਰਾਣਾਂ ਦਾ ਅੰਤੁ ਹੁੰਦਾ ਹੈ। ਜੇ ਏਹੁ ਤੀਨ ਇਕੱਠੇ ਨਾ ਹੋਵਨਿ ਤਾਂ ਆਪ ਕਾਲੁ ਇਸ ਦੀ ਰਛਿਆ ਕਰਦਾ ਹੈ। ਪਰੁ ਆਪੋਂ ਉਪਾਧ ਕਿਸੇ ਨਾਲਿ ਨ ਕੀਜੈ ਜੇ ਜੁੱਧ ਜ਼ਰੂਰ ਆਇ ਬਣੈ ਤਾਂ ਬਹੁਤਿਆਂ ਥੋੜਿਆਂ ਦੀ ਸ਼ੰਕਾ ਨਾ ਕੀਜੈ। ਜੋ ਕੁਝ ਖੱਟ ਲਿਆਵੀਐ, ਸੋ ਸਿਖਾਂ ਸਾਧਾਂ ਨਾਲ ਵੰਡ ਖਾਈਐ। ਤਾ ਭਾਈ ਮੱਲੂ ਏਸੇ ਪ੍ਰਕਾਰ ਲਗਾ ਵਰਤਣ, ਤਾਂ ਭਾਈ ਮੱਲੂ ਦਾ ਵੰਡ ਖਾਵਣ ਕਰਿ ਕਲਿਆਣੁ ਹੋਇਆ॥੧੯॥

## ਸਾਖੀ ਹੋਰ ਚਲੀ {ਭਾਈ ਕਿਦਾਰੀ}

**ਭਾਈ** ਕਿਦਾਰੀ ਗੁਰੂ ਅੰਗਦ ਜੀ ਦੀ ਸਰਨੀ ਗਇਆ ਤੇ ਅਰਦਾਸ ਕੀਤੀ: ਜੀ ਸਾਰਾ ਸੰਸਾਰੁ ਕਾਮ ਕ੍ਰੋਧ ਵਿਚ ਪਇਆ ਜਲਦਾ ਹੈ, ਕਿਵੇਂ ਮੈਨੂੰ ਤੁਸੀਂ ਰੱਖ ਲਹੋ। ਤਾਂ ਬਚਨੁ ਹੋਇਆ: ਜਿਵੇਂ ਬਨ ਨੂੰ ਅਗਨਿ ਲਗਦੀ ਹੈ ਤੇ ਮ੍ਰਿਗ ਬਨ ਸਿਉਂ ਕੂਦ ਕੈ ਨਦੀ ਵਿਚ ਜਾਇ ਪਰਵੇਸ ਕਰਦੇ ਹੈਨਿ, ਸੋ ਸੁਖੀ ਹੁੰਦੇ ਹੈਨਿ; ਤੈਸੇ ਜਗਤ ਵਿਚ ਕਾਮ ਕ੍ਰੋਧੁ ਵਰਤਿਆ ਹੋਇਆ ਹੈ ਤੇ ਜੋ ਸਾਧ ਸੰਗਤਿ ਨਦੀ ਵਿਚ ਆਂਵਦੇ ਹੈਨਿ ਸੋ ਸੀਤਲੁ ਹੋ ਜਾਂਦੇ ਹੈਨਿ। ਜੋ ਸਬਦ ਬਾਣੀ ਦੇ ਪੜਨ ਵਿਚ ਟੁਬਕੀ ਲੈਂਦੇ ਹੈਨ ਤਿਨ੍ਹਾਂ ਦਾ ਮਨੁ ਭੀ ਸੀਤਲੁ ਹੋਇ ਆਂਵਦਾ ਹੈ। ਤਾਂ ਤੇ ਤੂੰ ਸਦਾ ਸਾਧ ਸੰਗਤ ਕਰੁ ਤੇ ਸਿਖਾਂ ਦੀ ਸੇਵਾ ਟਹਿਲ ਕਰਿਆ ਕਰੁ। ਏਸੇ ਥੀਂ ਤੈਨੂੰ ਗਿਆਨੁ ਹੋਵੈਗਾ। ਤਾਂ ਭਾਈ ਕਿਦਾਰੀ ਜਾਂ ਗੁਰੂ ਅੰਗਦ ਜੀ ਦਾ ਬਚਨੁ ਦ੍ਰਿੜ੍ਹ ਕੀਤਾ, ਤਾਂ ਉਸ ਦਾ ਉਧਾਰੁ ਹੋਇਆ॥੨੦॥

## ਸਾਖੀ ਹੋਰ ਚਲੀ {ਦੀਪਾ, ਨਰੈਣ ਦਾਸ, ਬੂਲਾ}

**ਦੀਪਾ** ਜਾਤ ਦਾ ਦੇਊ ਤੇ ਨਰਾਇਣ ਦਾਸੁ ਤੇ ਬੂਲਾ ਤੀਨੇ ਗੁਰੂ ਅੰਗਦ ਜੀ ਪਾਸ ਆਇ ਸ਼ਰਨੀ ਪਰੇ, ਜੋ ਅਸਾਨੂੰ ਜਨਮ ਮਰਨ ਥੀਂ ਰਖੀਏ ਜੀ। ਤਾਂ ਬਚਨੁ ਹੋਇਆ: ਤੁਸੀਂ ਵਾਹਿਗੁਰੂ ਦੀ ਭਗਤਿ ਕਰੋ। ਤਾਂ ਉਹਨਾਂ ਅਰਦਾਸ ਕੀਤੀ ਜੀ ਅਸਾਨੂੰ ਕ੍ਰਿਪਾ ਕਰਕੈ ਸੁਣਾਈਐ ਜੋ ਭਗਤਿ ਕਿਸ ਨੂੰ ਕਹਿੰਦੇ ਹੈਨਿ। ਤਾਂ ਬਚਨੁ ਹੋਇਆ: ਜਿਸ ਸਮੇਂ ਮਹਾਰਾਜ ਨੇ ਮਾਇਆ ਉਤਪਤ ਕੀਤੀ ਤਾਂ ਉਸ ਨੂੰ ਬਚਨੁ ਕੀਤਾ ਤੂੰ ਸਭਨਾਂ ਜੀਆਂ ਨੂੰ ਉਤਪਤ ਭੀ ਕਰ ਤੇ ਆਪਣੇ ਅਧੀਨ ਕਰਕੇ ਏਨ੍ਹਾਂ ਨੂੰ ਭਰਮਾਉ ਤੇ ਚਾਰ ਦੇਵਤੇ ਭੀ ਆਪਣੇ ਪ੍ਰਾਪਤ ਹੋਵਣ ਵਾਸਤੇ ਕੀਤੇ। ਤਿੰਨ ਪੁਰਖ ਤੇ ਇਕੁ ਇਸਤ੍ਰੀ; ਜੋ ਏਨਾਂ ਚਹੁੰ ਵਿਚਹੁ ਇਕ ਦੀ ਭੀ ਸਰਨਿ ਆਵੈ ਸੋ ਮੈਨੂੰ ਆਇ ਮਿਲੈਗਾ:- {੧} ਏਕੁ ਬੈਰਾਗੁ। {੨} ਦੂਜਾ ਜੋਗ। {੩} ਤੀਜਾ ਗਿਆਨੁ। {੪} ਚਉਥੀ ਭਗਤਿ। ਪਰ ਬੈਰਾਗੁ ਤੇ ਜੋਗੁ ਤੇ ਗਿਆਨੁ ਏਹੁ ਤੀਨੋਂ ਪੁਰਖ ਹੈਨ। ਉਹਨਾਂ ਨੂੰ ਕੁਸੰਗ ਦੇ ਬਲ ਮਾਇਆ ਭਰਮਾਇ ਲੈਂਦੀ ਹੈ। ਪਰੁ ਭਗਤਿ ਮਹਾਰਾਜ ਦੀ ਪਤਿਬ੍ਰਤਾ ਇਸਤ੍ਰੀ ਹੈ ਤੇ ਮਾਇਆ ਨਟਣੀ ਹੈ, ਸੌ ਭਗਤਾਂ ਨੂੰ ਮਾਇਆ ਨਹੀਂ ਮੋਹ ਸਕਦੀ; ਹੋਰਨਾਂ ਕਰਮਾਂ ਨੂੰ ਮੋਹ ਲੈਂਦੀ ਹੈ। ਤਾਂ ਉਹਨਾਂ ਸਿਖਾਂ ਅਰਦਾਸ ਕੀਤੀ: ਜੋ ਮਹਾਰਾਜ ਜੀ! ਏਨਾਂ ਚੌਹਾਂ ਦਾ ਸਰੂਪ ਕ੍ਰਿਪਾ ਕਰਕੈ ਕਹੀਐ, ਜੋ ਅਸੀਂ ਸਮਝਕੇ ਓਨ੍ਹਾਂ ਦੀ ਸਰਨਿ ਨੂੰ ਪ੍ਰਾਪਤਿ ਹੋਈਐ। ਤਾਂ ਗੁਰੂ ਅੰਗਦ ਜੀ ਬੋਲੇ: ਜੋ ਬੈਰਾਗੁ ਭੀ ਦੁਇ ਪ੍ਰਕਾਰ ਦਾ ਹੈ। ਇਕ ਏਹੁ ਬੈਰਾਗੁ ਹੈ ਜੋ ਘਰ ਬਾਰੁ ਬਸਤ੍ਰ ਭੋਜਨ ਸਭ ਤਿਆਗ ਕਰਨਾ ਪਰਮੇਸਰ ਦੀ ਪ੍ਰੀਤਿ ਵਾਸਤੇ ਤੇ ਦੂਜਾ ਬੈਰਾਗੁ ਏਹੁ ਹੈ, ਸ੍ਰੀ ਸਤਿਗੁਰਾਂ ਥੀਂ ਜੋ ਸੁਣਿਆ ਹੈ ਜਗਤੁ ਅਨਿਤ ਹੈ, ਤਾਂ ਰਿਦੇ ਕਰਕੇ ਪਦਾਰਥਾਂ ਵਿਚ ਲੀਨੁ ਨਾ ਹੋਵਣਾ ਤੇ ਵਰਤਣਿ ਮਾਤ੍ਰ ਵਰਤਣ ਕਰ ਲੇਵਣੀ। ਜੋਗੁ ਭੀ ਦੁਇ ਪ੍ਰਕਾਰ ਕਾ ਹੈ। ਇਕੁ ਤਾਂ ਕਸ਼ਟ ਜੋਗੁ ਹੈ ਜੁ ਅਸ਼ਟਾਂਗ ਜੋਗ ਪ੍ਰਾਣਾਯਾਮ ਥੀਂ ਆਦਿ ਕਰਣਾ। ਦੂਜਾ ਏਹੁ ਜੋਗੁ ਹੈ ਮਨ ਨੂੰ ਵਾਸ਼ਨਾਂ ਥੀਂ ਰੋਕ ਕਰਿ ਵਾਹਿਗੁਰੂ ਦੇ ਭਜਨ ਨਾਲਿ ਜੋੜਨਾ। ਗਿਆਨ ਭੀ ਦੁਇ ਪ੍ਰਕਾਰ ਕਾ ਹੈ: ਸ੍ਰੀ ਸਤਿਗੁਰਾਂ ਥੀਂ ਜੋ ਸਮਝਿਆ ਹੈ ਜੋ ਜਗਤੁ ਝੂਠਾ ਹੈ ਤੇ ਆਤਮਾ ਹੀ ਸਰਬ ਵਿਚ ਸਤਿ ਹੈ, ਸੋ ਸਰਬ ਵਿਖੇ ਵਾਹਿਗੁਰੂ ਦਾ ਰੂਪ ਜਾਣ ਕੈ ਰਾਗ ਦੁਵੈਖ ਰੂਪੀ ਮੈਲੁ ਰਿਦੇ ਥੀਂ ਧੋਵਣੀ। ਦੂਜਾ ਸ੍ਰਵਨਿ ਗਿਆਨ ਹੈ, ਜੋ ਸੁਣਨਾ ਅਰੁ ਕਮਾਵਨਾ ਤੇ ਚੌਥਾ ਨੌਧਾ ਭਗਤਿ ਹੈ, ਤੇ ਭਗਤਿ ਏਹ ਹੈ:- ਜੋ ਵਾਹਿਗੁਰੂ ਨੂੰ ਸੁਆਮੀ ਜਾਣਨਾ, ਆਪ ਨੂੰ ਸੇਵਕ ਜਾਣਨਾ, ਤਨੁ ਮਨੁ

ਧਨੁ ਸਭ ਸੌਂਪ ਛੱਡਣਾਂ। **"ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥ ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥"**{ਸੁਖਮਨੀ} ਤਾਂਤੇ ਏਹੁ ਬਚਨੁ ਸੁਣ ਕੈ ਸਭੇ ਸਿਖ ਨਰਾਇਣ ਦਾਸ ਜੀ ਆਦਿਕ ਸਿਖਾਂ ਦੀ ਸੇਵਾ ਟਹਿਲ ਕਰਨ ਲਗੇ ਤੇ ਗੁਰੂ ਕੀ ਬਾਣੀ ਨਾਲਿ ਹਿਤੁ ਕੀਤੋ ਨੇ। ਸਭਨਾਂ ਦਾ ਉਧਾਰੁ ਹੋਇਆ॥੨੧॥

## ਸਾਖੀ ਹੋਰ ਚਲੀ {ਲਾਲੂ, ਦੁਰਗਾ ਜੀਵੰਦਾ}

**ਭਾਈ** ਲਾਲੂ ਬੁਧਵਾਰੁ ਤੇ ਦੁਰਗਾ ਤੇ ਜੀਵੰਦਾ ਹਾਜਰੁ ਗੁਰੂ ਅੰਗਦ ਜੀ ਦੇ ਆਏ ਤੇ ਅਰਦਾਸ ਕੀਤੀ: ਅਸਾਡਾ ਉਧਾਰੁ ਕਿਉਂ ਕਰ ਹੋਵੈ ਜੀ? ਤਾਂ ਬਚਨੁ ਹੋਇਆ: ਪਰਉਪਕਾਰ ਦੇ ਸਮਾਨ ਹੋਰੁ ਕੁਝ ਨਹੀਂ। ਪਰਉਪਕਾਰ ਭੀ ਤਿੰਨ ਪ੍ਰਕਾਰ ਦਾ ਹੈ: ਇਕ ਜੋ ਆਪਣੇ ਪਾਸ ਪਦਾਰਥ ਹੋਵਨਿ, ਸੋ ਆਪ ਭੀ ਜੁਗਤ ਨਾਲ ਵਰਤਣੇ, ਤੇ ਨਾਲੇ ਗਰੀਬਾਂ ਨੂੰ, ਅਨਾਥਾਂ ਨੂੰ, ਭਜਨ ਕਰਨ ਵਾਲਿਆਂ ਨੂੰ ਵੰਡ ਖਾਵਣੇ। ਬਹੁੜੋ ਜੋ ਆਪਣੇ ਸ੍ਰੀਰ ਥੀਂ ਕਿਸੇ ਦੀ ਸੇਵਾ ਟਹਿਲ ਕਰੀਐ ਤੇ ਰਸਨਾਂ ਕਰਕੈ ਭੀ ਜੋ ਬਚਨੁ ਮੰਨੀਦਾ ਹੋਵੈ ਤਾਂ ਭੀ ਕਿਸੇ ਦਾ ਭਲਾ ਕਰੀਐ। ਬਹੁੜ ਗਿਆਨ ਧਿਆਨ ਭੀ ਰਸਨਾ ਕਰ ਉਪਦੇਸ ਕੀਚੈ ਤੇ ਮਨ ਕਰਕੈ ਭੀ ਸਭਸ ਦਾ ਭਲਾ ਮੰਗੀਐ। ਤਾਂ ਉਹ ਸਿਖ ਐਸੇ ਹੀ ਸਭਨਾਂ ਸਿਖਾਂ ਦੇ ਨਾਲਿ ਪਰਉਪਕਾਰ ਕਰਨਿ, ਤਾਂ ਓਨਾਂ ਦਾ ਏਸੇ ਸੇਵਾ ਟਹਲ ਕਰ ਉਧਾਰੁ ਹੋਇਆ॥੨੨॥

## ਸਾਖੀ ਹੋਰ ਚਲੀ {ਜੱਗਾ ਧਰਣੀ}

**ਜੱਗਾ** ਜਾਤ ਧਰਣੀ ਗੁਰੂ ਅੰਗਦਿ ਜੀ ਦੀ ਸਰਨਿ ਗਇਆ। ਜੇ ਮੈਨੂੰ ਤੁਸੀਂ ਬਚਨੁ ਕਰੋ ਤਾਂ ਮੈਂ ਘਰ ਬਾਰੁ ਛਡਕੈ ਫਕੀਰੁ ਹੋ ਜਾਂਦਾ ਹਾਂ। ਮੈਂ ਇਕ ਜੋਗੀ ਨੂੰ ਮਿਲਿਆ ਸਾਂ ਤਾਂ ਓਸ ਆਖਿਆ ਹੈ: ਘਰੁ ਬੰਧਨੁ ਰੂਪ ਹੈ, ਤੂੰ ਪ੍ਰਿਥਮੇ ਘਰ ਬਾਰੁ ਦਾ ਤਿਆਗੁ ਕਰ ਆਵੈਂ ਤਾਂ ਬਹੁੜੋ ਮੈਂ ਤੁਸਾਨੂੰ ਉਪਦੇਸ਼ ਕਰਨਾ ਹਾਂ। ਤਾਂ ਬਚਨੁ ਹੋਇਆ: ਜੋਗੁ ਕੀਤਿਆਂ ਤੇ ਘਰੁ ਛੋਡਿਆਂ ਉਧਾਰ ਹੁੰਦਾ ਹੋਵੈ ਤਾਂ ਫਕੀਰ ਕਿਉਂ ਹੱਟੀਆਂ ਤੇ ਝਗੜਦੇ ਫਿਰਨਿ। ਜਿਵੇਂ ਕਵਲ ਜਲ ਦੇ ਵਿਚ ਹੀ ਰਹਿੰਦਾ ਹੈ ਤੇ ਸੂਰਜ ਵਲ ਧਿਆਨ ਰਖਦਾ ਹੈ, ਤੈਸੇ ਗੁਰਮੁਖ ਵਿਚੇ ਗ੍ਰਿਸਤ ਦੇ ਰਹਿੰਦੇ ਹੈਨਿ, ਤੇ ਗੁਰੂ ਕੇ ਨਮਿਤ ਸੇਵਾ ਟਹਲ ਕਰਦੇ ਹੈਨਿ। ਜੇ ਫਕੀਰ ਹੋ ਕੇ ਕਿਸੇ ਥੀਂ ਲੈ ਖਾਵੈਗਾ ਤਾਂ ਆਪਣੇ ਤਪ ਦਾ ਬਲੁ ਓਨਾਂ ਨੂੰ ਵੰਡ

ਦੇਵੈਗਾ। ਤੇ ਜੇ ਗ੍ਰਿਸਤੀ ਹੋ ਕੇ ਭਗਤੀ ਕਰੇਗਾ, ਉਹੁ ਭੀ ਓਸਥੇ ਰਹੇਗੀ; ਤੇ ਜਿਸ ਸਾਧ ਸੰਤ ਦੀ ਸੇਵਾ ਟਹਿਲ ਕਰੈਗਾ, ਓਹੁ ਭੀ ਓਸ ਨੂੰ ਫਲੁ ਹੋਵੇਗਾ। ਜੈਸੇ ਗਊ ਨੂੰ ਕੋਈ ਘਾਸੁ ਅਰੁ ਖੋਇਦ ਖਵਾਂਦਾ ਹੈ ਤਾਂ ਓਸਦਾ ਦੁੱਧ ਦੁਹਿ ਲੈਂਦਾ ਹੈ। ਤਾਂ ਭਾਈ ਜਗਾ ਵਿਚੇ ਗ੍ਰਿਸਤ ਦੇ ਸਿਖਾਂ ਦੀ ਸੇਵਾ ਟਹਿਲ ਕਰੇ, ਉਸਦਾ ਉਧਾਰੁ ਏਸੇ ਕਰ ਹੋਇਆ॥੨੩॥

## ਸਾਖੀ ਹੋਰ ਚਲੀ {ਖਾਨੂ, ਮਾਹੀਆ, ਗੋਵਿੰਦ}

**ਭਾਈ** ਖਾਨੂ ਤੇ ਭਾਈ ਮਾਹੀਆ ਦੋਨੋ ਪਿਉ ਪੁਤ ਹੈਸਨਿ ਤੇ ਗੋਵਿੰਦ ਭੰਡਾਰੀ ਖੱਤ੍ਰੀ ਹੈਸੀ। ਇਹੁ ਭੀ ਗੁਰੂ ਅੰਗਦ ਜੀ ਦੀ ਸਰਨਿ ਗਏ ਤੇ ਅਰਦਾਸ ਕੀਤੀ: ਗਰੀਬ ਨਿਵਾਜ ਜੀ! ਕੋਈ ਐਸਾ ਗੁਣ ਕਹੀਐ ਜਿਸ ਵਿਚ ਸਭੈ ਗੁਣ ਪ੍ਰਾਪਤਿ ਹੋਵਣ। ਤਾਂ ਬਚਨ ਹੋਇਆ: ਮਹਾਰਾਜ ਦੀ ਭਗਤਿ ਸਭਨਾਂ ਗੁਣਾਂ ਦਾ ਗੁਣ ਹੈ। ਤਾਂ ਓਨਾਂ ਕਹਿਆ: ਭਗਤਿ ਕਿਤਨੇ ਪ੍ਰਕਾਰ ਦੀ ਹੈ? ਤਾਂ ਹੁਕਮ ਹੋਆ: ਤਿੰਨ ਪ੍ਰਕਾਰ ਦੀ ਭਗਤਿ ਹੈ। ਪ੍ਰਿਥਮੇ ਨੌਧਾ ਭਗਤਿ ਹੈ, ਦੂਜਾ ਪ੍ਰੇਮਾ ਭਗਤਿ ਹੈ, ਤੀਜੇ ਪਰਾ ਭਗਤਿ ਹੈ। ਤਾਂ ਓਨਾ ਅਰਦਾਸ ਕੀਤੀ: ਜੀ ਜੋ ਖੋਹਲਕੇ ਤਿੰਨਾਂ ਹੀ ਭਗਤਾਂ ਦਾ ਸਰੂਪ ਕਹੀਐ। ਤਾਂ ਬਚਨੁ ਹੋਆ: ਨੌਧਾ ਭਗਤ ਨੌ ਪ੍ਰਕਾਰ ਦੀ ਹੈ, ਪਰੁ ਜੋ ਨਵਾਂ ਵਿਚੋਂ ਇਕੁ ਭੀ ਪ੍ਰਾਪਤ ਹੋਵੇ ਸੋ ਭੀ ਕਲਿਆਣੁ ਕਰਦੀ ਹੈ, ਜੇ ਨਵਾਂ ਹੀ ਪ੍ਰਕਾਰਾਂ ਦੀ ਪ੍ਰਾਪਤਿ ਹੋਵੇ ਤਾਂ ਵਾਹਿਗੁਰੂ ਵਿਚ ਮਿਲਾਇ ਦੇਂਦੀ ਹੈ। ਪ੍ਰਿਥਮੇ ਏਹ ਭਗਤਿ ਹੈ, ਜੋ ਸਤਿਗੁਰਾਂ ਦੇ ਵਚਨ ਸ਼ਰਧਾ ਸੰਜੁਗਤਿ ਸ੍ਰਵਨ ਕਰਨੇ। ਦੂਜੀ ਏਹੁ ਭਗਤਿ ਹੈ: ਜੋ ਆਪ ਕਥਾ ਕੀਰਤਨ ਕਰਨਾ। ਤੀਜੀ ਏਹ ਭਗਤਿ ਹੈ ਜੋ ਰਾਮ ਨਾਮ ਬਿਨਾਂ ਆਪਣਾ ਸਮਾਂ ਨ ਗੁਜ਼ਾਰਨਾ, ਸਾਸਿ ਸਾਸਿ ਸਿਮਰਨੁ ਕਰਨਾ। ਚੌਥੀ ਏਹੁ ਭਗਤਿ ਹੈ ਜੋ ਪਰਮੇਸਰ ਦੇ ਚਰਨਾਂ ਦਾ ਧਿਆਨੁ ਕਰਨਾ, ਤੇ ਸੰਤਾਂ ਦੇ ਚਰਨ ਧੋਵਣੇ ਤੇ ਸੰਤਾਂ ਨੂੰ ਪਾਣੀ ਪਖੇ ਚਾਪੀ ਦੀ ਟਹਲ ਕਰਨੀ। ਪੰਜਵੀਂ ਸੰਤਾਂ ਸਾਧਾਂ ਨੂੰ ਉਤਮ ਪ੍ਰਸਾਦ ਦੀ ਤੇ ਬਸਤ੍ਰਾਂ ਦੀ ਟਹਿਲ ਕਰਨੀ। ਛਿਵੀਂ ਗੁਰਾਂ ਦੇ ਚਰਨਾਂ ਦੀ ਗੁਰਾਂ ਦੇ ਦੁਆਰਿਆਂ ਦੀ ਸਦਾ ਬੰਦਨਾ ਕਰਨੀ ਤੇ ਪ੍ਰਦਖਣਾ ਕਰਨੀ। ਸਤਵੀਂ ਭਗਤਿ-ਆਪ ਨੂੰ ਦਾਸ ਜਾਣਨਾ ਤੇ ਮਹਾਰਾਜ ਨੂੰ ਸੁਆਮੀ ਜਾਣਨਾ; ਸਭ ਤਨੁ ਮਨੁ ਧਨੁ ਪਰਮੇਸਰ ਦਾ ਜਾਣਨਾ। ਅਠਵੀਂ ਏਹੁ ਭਗਤਿ ਹੈ: ਜੋ ਮਹਾਰਾਜ ਨੂੰ ਆਪਣਾ ਸਖਾ ਮਿਤ੍ਰ ਜਾਣਨਾ! ਜੋ ਮੀਤ ਮੀਤ ਦਾ ਭਲਾ ਹੀ ਚਿਤਵਤਾ ਹੈ, ਤਾਂ ਮੇਰੇ ਮਹਾਰਾਜ ਮਿਤ੍ਰ ਹੈਨਿ, ਜੋ ਕਰਨਗੇ ਸੋ ਮੇਰਾ ਭਲਾ ਹੀ ਕਰਨਗੇ। ਤੇ

 www.sikhbookclub.com

ਨਾਵੀਂ ਏਹੁ ਭਗਤ ਹੈ; ਤਨੁ ਮਨੁ ਧਨੁ ਸਭ ਵਾਹਿਗੁਰੂ ਨੂੰ ਸੌਂਪ ਛਡੇ, ਆਪਣਾ ਕਛੁ ਨ ਜਾਣਨਾ। ਏਹੁ ਨੌਧਾ ਭਗਤਿ ਹੈ। ਬਹੁਰੋ ਪ੍ਰੇਮਾ ਭਗਤਿ ਕਹਿਤੇ ਹੈਂ। ਜੈਸੇ ਬ੍ਰਿਛ ਕਾ ਫਲੁ ਹੋਤਾ ਹੈ, ਜੋ ਸਾਵਾ ਹੋਤਾ ਹੈ ਤੇ ਕੌੜਾ ਹੋਤਾ ਹੈ ਜੋ ਪੀਲਾ ਹੋਤਾ ਹੈ ਤੇ ਖੱਟਾ ਹੋਤਾ ਹੈ, ਜੋ ਬ੍ਰਿਛ ਕੇ ਬੀਚ ਕਾ ਰਸੁ ਲੇਤਾ ਰਹਿਤਾ ਹੈ ਤੋ ਲਾਲੁ ਹੋਤਾ ਹੈ, ਸਵਾਦ ਉਸਕਾ ਮੀਠਾ ਹੋਤਾ ਹੈ, ਤੈਸੇ ਜੋ ਮਹਾਰਾਜ ਦੇ ਪ੍ਰੇਮੀ ਹੈਨਿ ਸੋ ਏਹੁ ਉਨਕੇ ਲੱਛਨ ਹੈਨਿ। ਪ੍ਰਿਥਮੇ ਰੁਦਨ ਕਰਤੇ ਹੈਨਿ ਅਰੁ ਉਭੇ ਸਾਸਿ ਲੇਤੇ ਹੈਨਿ, ਤਾਂ ਤੈ ਉਨਕਾ ਮੁਖ ਪ੍ਰਿਥਮੇ ਸਾਵਾ ਹੋਤਾ ਹੈ, ਅਰੁ ਜਿਉਂ ਜਿਉਂ ਪ੍ਰੇਮ ਵਧਤਾ ਹੈ ਤੇ ਅਹਾਰੁ ਵਿਵਹਾਰੁ ਘਟਤਾ ਜਾਤਾ ਹੈ ਤਾਂ ਤੇ ਉਨਕਾ ਮੁਖ ਪੀਲਾ ਹੋਤਾ ਹੈ, ਅਰ ਜਿਉਂ ਜਿਉਂ ਸੰਤਾਂ ਕਾ ਸੰਗ ਹੋਤਾ ਹੈ ਤਿਉਂ ਤਿਉਂ ਉਨਕਾ ਵਚਨਾਂ ਦੇ ਸਮ ਹੋ ਕਰ ਮੁਖ ਲਾਲੁ ਹੋਤਾ ਹੈ। ਤਾਂ ਮਹਾਰਾਜ ਕੀ ਪ੍ਰੀਤ ਰੂਪੀ ਮਿਸਟਾਨ ਉਨ ਕੇ ਬੀਚ ਆਨਿ ਪ੍ਰਾਪਤਿ ਹੋਤੀ ਹੈ। ਤੌ ਜੀਉ ਅਰੁ ਈਸਰ ਮੈਂ ਅਭੇਦਤਾ ਦ੍ਰਿਸ਼ਟਿ ਆਵਤੀ ਹੈ। ਸੋਈ ਸਤਿ ਚਿਤ ਆਨੰਦ ਰੂਪ ਈਸਰੁ ਹੈ ਸੋਈ ਸਤਿ ਚਿਤ ਅਨੰਦ ਰੂਪ ਜੀਵ ਹੈ; ਪਰੁ ਏਤਾ ਭੇਦ ਹੈ, ਸਹਕਾਮਤਾ ਔਰੁ ਨਿਹਕਾਮਤਾ। ਜੀਉ ਅਗਿਆਨ ਕਰ ਸਹਕਾਮੀ ਹੈ। ਸੋ ਕਾਮਨਾ ਅਰੁ ਨਿਹਕਾਮਨਾ ਦੋਵੈਂ ਕਲਪਤ ਹੈਂ। ਈਸਰ ਗਿਆਨ ਕਰ ਸਹਕਾਮੀ ਹੈ ਜੇ ਈਸਰੁ ਨਿਹਕਾਮਤਾ ਕੈ ਭੇਦ ਕੋ ਤਿਆਗ ਦੇਵੈ ਅਰ ਜੀਉ ਸਹਕਾਮਤਾ ਕੇ ਭੇਦ ਕੋ ਤਿਆਗ ਦੇਵੈ ਤਾਂ ਦੋਨੋਂ ਬ੍ਰਹਮ ਰੂਪ ਹੈਨ। ਤਾਂ ਖਾਨੂ ਮਾਈਏ ਤੇ ਗੁਬਿੰਦੇ ਦਾ ਇਸੇ ਪ੍ਰਕਾਰ ਕਲਿਆਣੁ ਹੋਆ॥੨੪॥

## ਸਾਖੀ ਹੋਰ ਚਲੀ {ਜੋਧ ਰਸੋਈਆ}

**ਜੋਧ** ਰਸੋਈਆ ਗੁਰੂ ਅੰਗਦ ਜੀ ਦੇ ਹਜ਼ੂਰ ਰਹਿੰਦਾ ਸੀ। ਬ੍ਰਹਮਣ ਸਰੀਰੁ ਉਸ ਦਾ ਸੀ, ਤੇ ਸਾਹਿਬ ਦੇ ਹਜ਼ੂਰ ਮਾਯਾ ਨੂੰ ਛੁਹੀਂਦਾ ਨਹੀਂ ਸੀ। ਤਾਂ ਜੋਧ ਰਸੋਈਆ ਜੋ ਲੰਗਰ ਨੂੰ ਲਗੇ ਸੋ ਸਿਖਾਂ ਥੀਂ ਲੈਕੇ ਪ੍ਰਸਾਦੁ ਪਕਾ ਕੇ ਸਿਖਾਂ ਨੂੰ ਸਾਰਾ ਦਿਨੁ ਛਕਾਂਵਦਾ ਰਹੇ ਤੇ ਆਪ ਪੱਤਲਾਂ ਜੂਠੀਆਂ ਧੋ ਕੇ ਪੀ ਲਏ। ਜੋ ਇਹ ਵਾਹਿਗੁਰੂ ਦੇ ਸਿਖ ਹੈਨਿ, ਜਿਤਨੀ ਏਨ੍ਹਾਂ ਦੀ ਟਹਿਲ ਮੈਂ ਕਰਾਂਗਾ ਉਤਨਾ ਮੇਰਾ ਭਲਾ ਹੈ। ਜਿਸ ਸਮੇਂ ਕੋਈ ਸਿਖੁ ਆਵੈ ਉਸ ਨੂੰ ਉਸੇ ਸਮੇਂ ਪ੍ਰਸਾਦੁ ਛਕਾਵੈ, ਆਲਸੁ ਨਾ ਕਰੇ। ਤਾਂ ਜੋਧ ਰਸੋਈਏ ਦਾ ਇਸ ਪ੍ਰਕਾਰ ਕਲਿਆਣੁ ਹੋਇਆ॥੨੫॥

 www.sikhbookclub.com

# ਪਉੜੀ ਸੋਲ੍ਹਵੀਂ ਚਲੀ॥੧੬॥

## ਡਲੇ ਵਾਸੀ ਸੰਗਤ

**ਪ੍ਰਿਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ।
ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ।
ਮੋਹਣੁ ਰਾਮੂ ਮਹਿਤਿਆ ਅਮਰੂ ਗੋਪੀ ਹਉਮੈ ਮਾਰੀ।
ਸਾਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ।
ਖਾਨੂ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ।
ਉਗਰੂ ਨੰਦੂ ਸੂਦਨਾ ਪੂਰੋ ਝੰਟਾ ਪਾਰਿ ਉਤਾਰੀ।
ਮਲੀਆ ਸਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ।
ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ।
ਡਲੇ ਵਾਸੀ ਸੰਗਤਿ ਭਾਰੀ॥੧੬॥**

## (ਤੀਸਰੀ ਪਾਤਸ਼ਾਹੀ ਜੀ ਦੇ ਸਿਖ)

## ਸਾਖੀ ਪਹਿਲੀ ਚਲੀ {ਡੱਲੇ ਵਾਸੀ ਸੰਗਤ}

**ਡੱਲੇ** ਜਬ ਸਾਹਿਬ ਤੀਸਰੀ ਪਾਤਿਸਾਹੀ ਗੁਰੂ ਅਮਰਦਾਸ ਜੀ ਆਇ ਉਤਰੇ, ਪ੍ਰਿਥੀ ਮਲੁ ਤੇ ਤੁਲਸਾ ਭੱਲੇ ਜਾਤ ਦੇ ਹੈਸਨਿ, ਸੋ ਭੀ ਦਰਸਨ ਆਇ ਪ੍ਰਾਪਤਿ ਹੋਏ। ਓਹੁ ਕਹਿਣ ਲਗੇ: ਅਸੀਂ ਤੁਹਾਡੀ ਜਾਤ ਹਾਂ। ਤਾਂ ਗੁਰੂ ਅਮਰਦਾਸ ਜੀ ਬੋਲੇ: ਗੁਰੂ ਕੀ ਜਾਤ ਕੋਈ ਨਹੀਂ, ਜਾਤ ਸਰੀਰਾਂ ਦੀ ਹੈ। ਸੋ ਸਰੀਰ ਬਿਨਸ ਜਾਵਣੇ ਹੈਨਿ। **"ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥"**{ਪੰਨਾ ੪੬੯} ਬਾਬੇ ਕਹਿਆ ਹੈ ਜੋ ਸਰੀਰ ਏਥੇ ਹੀ ਉਪਜਿਆ ਹੈ ਤੇ ਏਥੇ ਹੀ ਰਹਿਣਾ ਹੈ, ਤੇ ਅਗੇ ਜਾਤਿ ਕਿਸੇ ਨਾਲਿ ਨਹੀਂ ਜਾਂਦੀ। ਜਿਨ੍ਹਾਂ ਨਾਮੁ ਜਪਿਆ ਹੈ ਤੇ ਸੇਵਾ ਸਿਖਾਂ ਦੀ ਕੀਤੀ ਹੈ; ਪਤ ਉਹਨਾਂ ਦੀ ਲੇਖੇ ਪਵੇਗੀ। ਤਾਂ ਮੱਲਣ ਆਇ ਮੱਥਾ ਟੇਕਿਆ: ਜੀ ਮੈਨੂੰ ਭੀ ਉਪਦੇਸੁ ਕੀਜੈ। ਤਾਂ ਓਸ ਨੂੰ ਵੀ ਬਚਨੁ ਹੋਇਆ: ਹਿਤੁ ਲਾਇਕ ਸਾਧਾਂ ਦੀ ਸੇਵਾ ਕਰਨੀ। ਬਹੁਰੋ ਰਾਮੂ ਤੇ ਦੀਪਾ ਤੇ ਉਗ੍ਰਸੈਣ

ਤੇ ਨਗਉਰੀ ਆਇ ਰਚਨੀ ਲਗੇ; ਤਾਂ ਓਨਾ ਨੂੰ ਬਚਨੁ ਹੋਇਆ: ਤੁਸਾਂ ਆਇ ਸਿਖਾਂ ਦੀ ਸੇਵਾ ਕਰਨੀ ਤੇ ਚਾਰ ਘੜੀਆਂ ਅੰਮ੍ਰਿਤ ਵੇਲੇ ਬੈਠ ਕੇ ਗੁਰੂ ਕੇ ਸਬਦ ਦਾ ਵੀਚਾਰੁ ਕਰਨਾ। ਜਿਉਂ ਕਰਿ ਬੇੜੀ ਬੋਝੁ ਨਾਲ ਭਾਰੀ ਹੋਂਦੀ ਹੈ ਤੇ ਚਾਰ ਉਂਗਲੀਆਂ ਬਾਹਰਿ ਰਹਿੰਦੀ ਹੈ ਤਾਂ ਸਭਨਾਂ ਨੂੰ ਪਾਰ ਉਤਾਰਦੀ ਹੈ। ਜਉ ਅੱਠੇ ਪਹਿਰ ਆਪਣੇ ਘਰ ਦੇ ਕੰਮ ਕਰੀਦੇ ਹੈਨਿ ਤੇ ਚਾਰ ਘੜੀਆਂ ਗੁਰਾਂ ਦੀ ਬਾਣੀ ਵੀਚਾਰੀਦੀ ਹੈ ਤਾਂ ਗੁਰੂ ਸਭ ਕੰਮ ਸਵਾਰਦਾ ਹੈ। ਬਹੁੜੋ ਰਾਮੂ ਤੇ ਮਹਿਤਾ ਤੇ ਅਮਰੂ ਤੇ ਗੋਪੀ ਆਇ ਚਰਨੀ ਲਗੇ: ਗਰੀਬ ਨਿਵਾਜ! ਅਸਾਂ ਨੂੰ ਭੀ ਉਪਦੇਸੁ ਕਰੀਐ। ਬਚਨੁ ਹੋਇਆ: ਭਾਈ ਏਹ ਹਉਮੈ ਬੁਰੀ ਬਲਾਇ ਹੈ ਤੇ ਅਣਹੁੰਦੀ ਹੀ ਬਣਿ ਖਲੋਂਦੀ ਹੈ, ਤੇ ਏਹੁ ਪਰਮੇਸਰ ਵਲੋਂ ਭੁਲਾਇ ਛਡਦੀ ਹੈ। ਜੇ ਇਸ ਨੂੰ ਵਿਚੋਂ ਦੂਰ ਕਰੋਗੇ ਤਾਂ ਤੁਸਾਡਾ ਪਰਮੇਸਰ ਨਾਲਿ ਰੀਢੁ ਪਵੈਗਾ। ਤਾਂ ਉਨ੍ਹਾਂ ਪੁਛਿਆ: ਗਰੀਬ ਨਿਵਾਜ! ਹਉਮੈ ਕਿਉਂ ਕਰ ਮਰਦੀ ਹੈ? ਤਾਂ ਬਚਨੁ ਹੋਇਆ ਸਰੀਰ ਨੂੰ ਝੂਠਾ ਜਾਣਨਾ, ਜੇ ਇਸ ਨੂੰ ਕੋਈ ਭਲਾ ਬੁਰਾ ਕਹੇ ਤਾਂ ਸਹਾਰਨਾ। ਬਹੁੜੋ ਸਹਾਰੂ ਤੇ ਗੰਗੂ ਤੇ ਭਾਗੂ ਆਇ ਚਰਨੀ ਲਗੇ ਤਾਂ ਓਨ੍ਹਾਂ ਨੂੰ ਬਚਨੁ ਹੋਇਆ ਸਿਖਾਂ ਨਾਲਿ ਭਾਉ ਭਗਤਿ ਕਰਨੀ ਤੇ ਪ੍ਰਸਾਦ ਵਰਤਾ ਕੇ ਛਕਣਾ, ਜਿਸ ਵੇਲੇ ਸਿਖੁ ਕੋਈ ਆਵੇ ਓਸੇ ਵੇਲੇ ਪ੍ਰਸਾਦ ਦੀ ਸੇਵਾ ਕਰਨੀ, ਤੇ ਵਾਹਿਗੁਰੂ ਦੇ ਨਾਮਿ ਨਾਲ ਪਿਆਰੁ ਕਰਨਾ ਤੇ ਗੁਰੂ ਕੇ ਸਬਦ ਨੂੰ ਮੰਨਣਾ, ਮਟ ਮੜੀ ਕਬਰ ਟੋਭਰੀ ਨੂੰ ਨਹੀਂ ਸੇਵਣਾ। ਬਹੁੜੋ ਖਾਨੂੰ ਛੁਰਾ ਤੇ ਤਾਰੂ ਤੇ ਵੇਗਾਪਾਸੀ ਤੇ ਉਗਰੂ ਤੇ ਨੰਦੂ ਸੂਦਨਾ ਤੇ ਪੂਰੋ ਤੇ ਝੰਡਾ ਏਹੁ ਆਣਿ ਚਰਨੀ ਲਗੇ। ਤਾਂ ਓਨ੍ਹਾਂ ਨੂੰ ਬਚਨੁ ਹੋਇਆ: ਭਾਈ ਸਿਖੋ ਇਸ ਕਲਿਜੁਗ ਵਿਚ ਜੋ ਗੁਰੂ ਕੇ ਸਿਖਾਂ ਨੂੰ ਪ੍ਰਸਾਦੁ ਖੁਵਾਂਵਦਾ ਹੈ ਰੀਝ ਨਾਲਿ, ਓਸ ਦਾ ਜਗ ਦੇ ਸਮਾਨ ਫਲੁ ਹੁੰਦਾ ਹੈ। ਕਲਜੁਗ ਦਾ ਜੱਗੁ ਏਹੋ ਹੈ। ਜੋ ਵੰਡ ਖਾਵਣ ਵਾਲੇ ਹੈਨਿ ਓਨ੍ਹਾਂ ਦਾ ਏਥੇ ਭੀ ਧਨੁ ਵਧਦਾ ਹੈ ਅਤੇ ਅਗੇ ਓਨ੍ਹਾਂ ਨੂੰ ਬਹੁਤ ਫਲੁ ਪ੍ਰਾਪਤਿ ਹੁੰਦਾ ਹੈ। ਬਹੁਰੋ ਮਲੀਆ ਤੇ ਸਹਾਰੂ ਛੀਂਬੇ ਆਇ ਚਰਨੀ ਲਗੇ। ਤਾਂ ਬਚਨੁ ਹੋਇਆ ਤੁਸਾਂ ਸਿਖਾਂ ਦੇ ਮੈਲੇ ਬਸਤ੍ਰ ਧੋ ਦੇਵਨੇ, ਪਾਟੇ ਸੀਵ ਦੇਵਣੈ। ਤੁਸੀਂ ਭੀ ਉੱਜਲੁ ਹੋਵੋਗੇ, ਤੇ ਤੁਸਾਡਾ ਗੁਰੂ ਨਾਲਿ ਰੀਢ ਹੋਵੇਗਾ। ਸਿਖ ਤੁਸਾਡੇ ਰਿਦੇ ਦੀ ਮੈਲੁ ਧੋਵਣਗੇ। ਤਬ ਬੂਲਾ ਪਾਂਧਾ ਆਇ ਚਰਨੀ ਲਗਾ ਤਾਂ ਓਸ ਅਰਦਾਸ ਕੀਤੀ: ਜੀ ਮੈਂ ਥੀਂ ਤਾਂ ਸੇਵਾ ਟਹਿਲ ਕੁਝ ਹੋ ਨਹੀਂ ਸਕਦੀ, ਤਾਂ ਬਚਨੁ ਹੋਇਆ ਗੁਰਾਂ ਕੀ ਬਾਣੀ ਕਥਾ ਕੀਰਤਨੁ ਕਰਕੇ

ਸਿਖਾਂ ਨੂੰ ਸੁਣਾਵਣੀ, ਨਾਲੇ ਪੋਥੀ ਗੁਰੂ ਕੇ ਲੇਖੇ ਲਿਖ ਦੇਵਣੀ, ਮੰਗਣਾ ਕੁਝ ਨਹੀਂ। ਜੇ ਪ੍ਰਾਰਬਧ ਆਪ ਕੋਈ ਦੇ ਜਾਵੈ ਤਾਂ ਵਰਤ ਲੈਣੀ, ਤੇਰੀ ਏਹਾ ਸੇਵਾ ਹੈ। ਜਿਤਨੇ ਤੁਸੀਂ ਡਲੇਵਾਲੀਏ ਸਿਖ ਹੋ ਸਭਨਾਂ ਨੂੰ ਏਹੁ ਸਾਂਝਾ ਉਪਦੇਸ ਹੈ ਜੋ ਗੁਰਾਂ ਦੇ ਪੁਰਬ ਦੇ ਦਿਨ ਸੰਗਰਾਂਦ ਅਮਾਵਸ ਵੈਸਾਖੀ ਦੀਪਮਾਲਾ....ਸਭਨਾਂ ਦਿਨਾਂ ਵਿਚ ਸਭਨਾਂ ਸਿਖਾਂ ਆਪਸ ਵਿਚ ਅਰਦਾਸ ਕਰਕੈ ਆਪਣੀ ਸ਼ਰਧਾ ਨਾਲਿ ਮਾਇਆ ਰੁਜੂ ਕਰਨੀ, ਪ੍ਰਸਾਦੁ ਕਰਨਾ, ਕੜਾਹੁ ਕਰਨਾ, ਗੁਰੂ ਕੇ ਨਿਮਿਤ ਵਰਤਾਵਣਾ ਗਰੀਬਾਂ ਸਿਖਾਂ ਨੂੰ। ਬਸਤ੍ਰ ਦੀ ਲੋੜ ਵਾਲੇ ਨੂੰ ਬਸਤ੍ਰ ਦੇਵਣਾ ਤੇ ਪ੍ਰਸਾਦ ਦੀ ਲੋੜ ਵਾਲੇ ਨੂੰ ਪ੍ਰਸਾਦੁ ਛਕਾਵਣਾ। ਅਰਦਾਸ ਕਰਕੈ ਜੇਹੀ ਕਿਸੇ ਦੀ ਸ਼ਰਧਾ ਹੋਵੈ ਸਿਖਾਂ ਨੂੰ ਇਕੱਠਾ ਕਰਿ ਉਸ ਦਾ ਕਾਰਜੁ ਕਰ ਦੇਵਣਾ। ਤੁਸਾਡੇ ਪੁਤ੍ਰਾਂ ਪੋਤਰਿਆਂ ਤੀਕ ਇਹੁ ਰਹੁਰਾਸ ਚਲੈਗੀ। ਸਦਾ ਸਿਖੀ ਤੁਸਾਡੇ ਘਰ ਹੋਵੈਗੀ, ਤੁਸਾਂ ਸੰਸਾ ਕੋਈ ਨਹੀਂ ਕਰਨਾ॥੨੬॥

# ਪਉੜੀ ਸਤਾਰ੍ਹਵੀਂ ਚਲੀ॥੧੭॥

## ਸਭਰਵਾਲ ਦੇ ਸਿਖ

**ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ।**
**ਪੂਰੋ ਮਾਣਕ ਚੰਦੁ ਹੈ ਬਿਸਨ ਦਾਸੁ ਪਰਵਾਰ ਸਧਾਰਾ।**
**ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ।**
**ਮਹਾਂ ਪੁਰਖ ਹੈ ਮਹਾਂ ਨੰਦੁ ਬਿਧੀਚੰਦ ਬੁਧਿ ਬਿਮਲ ਵੀਚਾਰਾ।**
**ਬਰ੍ਹਮ ਦਾਸੁ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ।**
**ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ।**
**ਮਾਈਆ ਜਾਪਾ ਜਾਣੀਅਨਿ ਨਈਆ ਖੁਲਰੁ ਗੁਰੂ ਪਿਆਰਾ।**
**ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ।**
**ਸਤਿਗੁਰ ਸਚੁ ਸਵਾਰਣ ਹਾਰਾ॥੧੭॥**

## {ਚਉਥੇ ਪਾਤਸਾਹ ਜੀ ਦੇ ਸਿਖ}

## ਸਾਖੀ ਹੋਰ ਚਲੀ {ਭਾਈ ਤੀਰਥਾ}

**ਭਾਈ** ਤੀਰਥਾ ਸਭਰਵਾਲ ਆਣ ਕੇ ਗੁਰੂ ਰਾਮਦਾਸ ਜੀ ਦੀ ਸਰਣਿ ਪਇਆ ਕਿ ਅਸਾਡਾ ਕਿਵੇਂ ਉਧਾਰੁ ਹੋਵੈ। ਤਾਂ ਬਚਨੁ ਹੋਇਆ ਸਚ ਦੇ ਸਮਾਨ ਹੋਰੁ ਧਰਮ ਕੋਈ ਨਹੀਂ। ਮੁਖੋਂ ਭੀ ਸਚੁ ਬੋਲਣਾ ਤੇ ਰਿਦਿਓਂ ਭੀ ਸਚਿਆਰ ਰਹਿਣਾ। ਤੇ ਝੂਠ ਜੈਸਾ ਪਾਪੁ ਕੋਈ ਨਹੀਂ, ਝੂਠ ਨਹੀਂ ਕਮਾਵਣਾ। ਇਸੇ ਕਰਿ ਭਾਈ ਤੀਰਥੇ ਦਾ ਕਲਿਆਣੁ ਹੋਇਆ॥੨੭॥

## ਸਾਖੀ ਹੋਰ ਚਲੀ {ਪੂਰੋ, ਮਾਣਕ ਚੰਦ, ਵਿਸ਼ਨ ਦਾਸ}

**ਭਾਈ** ਪੂਰੋ ਤੇ ਭਾਈ ਮਾਣਕ ਚੰਦ ਤੇ ਵਿਸ਼ਨਦਾਸ ਤਿੰਨੇ ਸਿਖ ਸਾਹਿਬ ਚੌਥੀ ਪਾਤਿਸਾਹੀ ਦੇ ਹਜੂਰਿ ਆਏ। ਅਸਾਨੂੰ ਐਸਾ ਉਪਦੇਸੁ ਕਰੋ ਜਿਸ ਕਰ ਅਸਾਡਾ ਜਨਮ ਮਰਨ ਕਟੀਐ ਤੇ ਸਣੇ ਕੁਟੰਬ ਪਰਿਵਾਰ ਦੇ ਅਸਾਡਾ ਉਧਾਰੁ ਹੋਵੈ। ਤਾਂ ਬਚਨੁ ਹੋਇਆ: ਤੁਸਾਂ ਆਪ ਭੀ ਗੁਰੂ ਕੇ ਸਿਖਾਂ ਦੀ ਟਹਿਲ

ਸੇਵਾ ਕਰਣੀ, ਪੁਤ੍ਰਾਂ ਧੀਆਂ ਪਾਸੋਂ ਭੀ ਗੁਰੂ ਕੇ ਸਿਖਾਂ ਦੀ ਟਹਿਲ ਕਰਾਵਣੀ। ਇਸ ਤਰ੍ਹਾਂ ਜਾਨਣਾ ਕਿ ਜਿਵੈਂ ਅਸੀਂ ਵਾਹਿਗੁਰੂ ਦੇ ਟਹਿਲੀਏ ਹਾਂ ਤਿਵੈਂ ਅਸਾਡੇ ਪੁਤ੍ਰ ਪੋਤ੍ਰੇ ਸਭ ਵਾਹਿਗੁਰੂ ਦੇ ਟਹਿਲੀਏ ਹੈਨਿ। ਤੇ ਜਿਸ ਤਰ੍ਹਾਂ ਘੋੜਾ ਖਸਮ ਦਾ ਖਸਮ ਦੇ ਬੂਹੇ ਬੰਨ੍ਹਿ ਛਡੀਦਾ ਹੈ, ਤਾਂ ਸਭ ਚਿੰਤਾ ਖਸਮ ਨੂੰ ਹੁੰਦੀ ਹੈ। ਤਿਵੈਂ ਅਸਾਡੇ ਪੁਤ੍ਰ ਸਭ ਵਾਹਿਗੁਰੂ ਕੇ ਕਰ ਜਾਣੇ। ਤਾਂ ਵਾਹਿਗੁਰੂ ਨੂੰ ਸੱਭਾ ਇਸ ਦੀ ਸ਼ਰਮ ਪੌਂਦੀ ਹੈ, ਤਾਂ ਇਸ ਦਾ ਕਲਿਆਣੁ ਹੁੰਦਾ ਹੈ। ਤਾਂ ਇਸੇ ਕਰਕੈ ਭਾਈ ਪੂਰੋ ਤੇ ਮਾਣਕ ਚੰਦੁ ਤੇ ਬਿਸਨ ਦਾਸ ਦਾ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਕਲਿਆਣੁ ਹੋਇਆ॥੨੮॥

## ਸਾਖੀ ਹੋਰ ਚਲੀ {ਭਾਈ ਪਦਾਰਥ, ਤਾਰੂ, ਭਾਰੂ}

**ਭਾਈ** ਪਦਾਰਥੁ ਤੇ ਤਾਰੂ ਭਾਰੂ ਤਿੰਨੇ ਗੁਰੂ ਰਾਮਦਾਸ ਜੀ ਦੇ ਪਾਸ ਆਏ। ਅਗੇ ਦੀਵਾਨ ਲਗਾ ਹੋਆ ਹੈਸੀ। ਕਥਾ ਕੀਰਤਨ ਹੁੰਦਾ ਸੀ। ਤਬ ਗੁਰੂ ਕੇ ਬਚਨਾਂ ਨੂੰ ਸੁਣਕੇ ਓਨਾਂ ਦੇ ਮਨ ਵਿਚ ਬਹੁਤ ਭੈ ਆਇਆ ਤਾਂ ਓਨਾਂ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਅਸੀਂ ਗ੍ਰਿਸਤ ਕੁਟੰਬਾਂ ਵਿਚ ਪਲੇਟੇ ਹੋਏ ਹਾਂ, ਕਿਤੇ ਵੇਲੇ ਸਬਦ ਬਾਣੀ ਪੜ ਸੁਣ ਨਹੀਂ ਸਕਦੇ, ਅਸਾਡਾ ਕਿਸ ਪ੍ਰਕਾਰ ਕਰਕੈ ਉਧਾਰੁ ਹੋਵੈਗਾ? ਤਾਂ ਬਚਨੁ ਹੋਇਆ "**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥**"{ਪੰਨਾ ੪੯੫} ਜੇਤੇ ਜੀਅ ਵਾਹਿਗੁਰੂ ਨੇ ਉਤਪਤਿ ਕੀਤੇ ਹੈਨ, ਸਭਨਾਂ ਦਾ ਰਿਜਕੁ ਪਹਿਲੇ ਉਤਪਤ ਕੀਤਾ ਹੈ। ਤਾਂ ਤੇ ਤੁਸੀਂ ਗੁਰੂ ਕੇ ਦੁਆਰੇ ਸਿਦਕੁ ਕਰਕੈ ਬੈਠਹੁ ਤਾਂ ਤੁਸਾਡੇ ਸਨਬੰਧੀਆਂ ਦਾ ਰਿਜਕੁ ਵਾਹਿਗੁਰੂ ਓਥੇ ਹੀ ਪਹੁੰਚਾਏਗਾ ਤੇ ਤੁਸਾਡਾ ਰਿਜਕੁ ਇਥੈ ਹੀ ਪਹੁੰਚਾਏਗਾ। ਤਾਂ ਓਨਾਂ ਆਪਣਿਆਂ ਬੇਟਿਆਂ ਨੂੰ ਸੱਦ ਕੇ ਕਹਿਆ, ਭਾਈ ਹੁਣ ਤੁਸੀਂ ਕੰਮ ਦੇ ਲਾਇਕ ਹੋਏ ਹੋ ਹੁਣ ਤੁਸੀਂ ਘਰ ਦਾ ਕੰਮ ਸਮਾਲੋ। ਜੋ ਕਿਛੁ ਕਿਰਤਿ ਵਿਚੋਂ ਲਾਭ ਹੋਵੈ ਸੋ ਉਦਮ ਕਰਕੈ ਗੁਰੁ ਕੇ ਨਮਿਤ ਦਸਵੰਧੁ ਦੇਵਣਾ ਤੇ ਸਿਖਾਂ ਆਇਆਂ ਦੀ ਸੇਵਾ ਕਰਣੀ ਤੇ ਅਸੀਂ ਏਥੇ ਹੀ ਗੁਰੂ ਕੇ ਦੁਆਰੇ ਰਹਾਂਗੇ ਤੇ ਏਥੇ ਪਾਣੀ ਪੱਖੇ ਦੀ ਗੁਰ ਕੇ ਦੁਆਰੇ ਸਾਧ ਸੰਗਤਿ ਵਿਚ ਸੇਵਾ ਕਰਾਂਗੇ ਤੇ ਕਥਾ ਕੀਰਤਨੁ ਸੁਣਾਂਗੇ, ਤੁਮਾੜਾ ਭੀ ਕਲਿਆਨ ਹੋਵੈਗਾ। ਤਾਂ ਓਨਾਂ ਐਸੇ ਹੀ ਕੀਆ। ਤਾਂ ਓਨਾਂ ਦਾ ਉਧਾਰੁ ਹੋਇਆ॥੨੯॥

## ਸਾਖੀ ਹੋਰ ਚਲੀ {ਮਹਾਂ ਨੰਦ ਬਿਧੀ ਚੰਦ}

**ਮਹਾਂ** ਨੰਦੁ ਬਿਧੀ ਚੰਦੁ ਗੁਰੂ ਰਾਮਦਾਸ ਜੀ ਦੀ ਸਰਨੀ ਆਏ, ਜੁ ਅਸਾਡਾ ਜਨਮ ਮਰਨੁ ਤੁਸੀਂ ਕਟੋ, ਬਹੁਤਾ ਅਸੀਂ ਜਨਮਾਂ ਵਿਚ ਦੁਖ ਪਾਂਵਦੇ ਆਏ ਹਾਂ ਤੇ ਹੁਣ ਤੁਸਾਡੀ ਸਰਨਿ ਆਏ ਹਾਂ! ਅਸੀਂ ਜਾਣਦੇ ਹਾਂ ਜੁ ਅਸਾਡਾ ਉਧਾਰੁ ਹੋਵੈਗਾ। ਤਾਂ ਬਚਨੁ ਹੋਇਆ: ਤੁਸੀਂ ਆਪਣੇ ਸਰੂਪ ਨੂੰ ਪਛਾਣੋਗੇ ਤਾਂ ਤੁਸਾਡਾ ਜਨਮ ਮਰਨੁ ਮਿਟੇਗਾ। ਤਾਂ ਓਨਾ ਕਹਿਆ ਅਸੀਂ ਆਪਣਾ ਸਰੂਪ ਏਹੁ ਜਾਣਦੇ ਹਾਂ, ਜੋ ਅਸੀਂ ਖੱਤ੍ਰੀ ਹਾਂ, ਖੱਤ੍ਰੀਆਂ ਦੇ ਪੁਤਰ ਹਾਂ। ਜਾ ਇਤਨਾ ਓਨਾਂ ਕਹਿਆ ਤਾਂ ਸਾਹਿਬੁ ਬਚਨੁ ਕੀਤਾ ਜੁ ਖੱਤ੍ਰੀ ਤਾਂ ਤੁਸਾਨੂੰ ਮਾਤਾ ਪਿਤਾ ਨੇ ਕਹਿਆ ਹੈ, ਸੋ ਸਰੀਰ ਦਾ ਨਾਮ ਧਰਿਆ ਹੈ। ਤੁਸੀਂ ਸਰੀਰ ਤਾਂ ਨਹੀਂ, ਏਹੁ ਸਰੀਰੁ ਤਾਂ ਏਥੇ ਹੀ ਰਹੇਗਾ, ਤੁਸੀਂ ਤਾਂ ਪਿਛਲੇ ਸਰੀਰ ਦੇ ਕਰਮ ਕੀਤੇ ਹੋਏ ਹੁਣ ਭੋਗਤੇ ਹੋ ਤੇ ਹੁਣ ਦੇ ਕਰਮ ਅਗੇ ਭੋਗੋਗੇ। ਤਾਂ ਤੁਸਾਂ ਏਸ ਸਰੀਰ ਨੂੰ ਬਸਤ੍ਰ ਜਾਣਨਾ ਤੇ ਆਪ ਨੂੰ ਬਸਤ੍ਰ ਪਹਿਰਣ ਵਾਲਾ ਸਾਖੀ ਜਾਣਨਾ, ਤਾਂ ਤੁਸਾਡਾ ਉਧਾਰੁ ਹੋਵੈਗਾ। ਤਾਂ ਓਨਾਂ ਅਰਦਾਸ ਕੀਤੀ: ਅਸੀਂ ਕਿਉਂ ਕਰ ਆਪਣਾ ਸਰੂਪ ਪਛਾਣੀਏਂ? ਤੌ ਸਾਹਿਬ ਬਚਨ ਕੀਤਾ ਤੁਸਾਂ ਸਦਾ ਕਥਾ ਕੀਰਤਨ ਨੇਮ ਨਾਲ ਸੁਣਨੀ, ਤੁਸਾਂ ਨੂੰ ਸਰੂਪ ਦਾ ਲਾਭ ਹੋਵੇਗਾ। ਤਾਂ ਓਨਾਂ ਐਸੇ ਹੀ ਨੇਮ ਨਾਲ ਕਥਾ ਕੀਰਤਨ ਸੁਣਨੀ। ਤਾਂ ਓਨਾਂ ਦਾ ਉਧਾਰ ਏਸੇ ਪ੍ਰਕਾਰ ਹੋਇਆ॥੩੦॥

## ਸਾਖੀ ਹੋਰ ਚਲੀ {ਧਰਮਦਾਸ ਡੂਗਰ ਦਾਸ ਆਦਿ}

**ਧਰਮ** (ਯਾ ਬਰ੍ਹਮ) ਦਾਸੁ ਖੋਟੜਾ ਤੇ ਡੂਗਰ ਦਾਸੁ ਤਕਿਆਰੁ ਤੇ ਦੀਪਾ ਤੇ ਜੇਠਾ ਤੇ ਤੀਰਥਾ ਤੇ ਸੈਸਾਰੁ ਤੇ ਬੂਲਾ, ਸਭੇ ਗੁਰੂ ਰਾਮਦਾਸ ਜੀ ਦੇ ਪਾਸ ਆਏ। ਆਇਕੇ ਅਰਦਾਸ ਕੀਤੀਓਨੇ: ਜੀ ਤੁਸਾਡੀ ਸਰਨਿ ਆਏ ਹਾਂ, ਕਿਵੇਂ ਅਸਾਡਾ ਉਧਾਰੁ ਹੋਵੈ। ਤਾਂ ਬਚਨੁ ਹੋਇਆ: ਤੁਸਾਂ ਆਪਣੇ ਮਨ ਕਾ ਹੰਕਾਰੁ ਤਿਆਗਣਾ, ਜੋ ਸਿਖੁ ਤੁਸਾਡੇ ਪਾਸ ਆਵੈ ਆਪੋ ਆਪਣਿਆਂ ਘਰਾਂ ਥੀਂ ਓਨ੍ਹਾਂ ਦੀ ਸੇਵਾ ਕਰਨੀ, ਤੇ ਜੇ ਬਹੁਤੀ ਕਾਮਨਾ ਹੋਵੈ ਸੋ ਸਭਨਾਂ ਰਲ ਕੇ ਅਰਦਾਸ ਕਰਕੇ ਉਸਕਾ ਕਾਰਜੁ ਕਰ ਦੇਣਾ ਤੇ ਜਿੱਥੇ ਸਾਧ ਸੰਗਤਿ ਕਥਾ ਕੀਰਤਨ ਹੋਵੈ ਤਿਥੈ ਦੋਨੋ ਵੇਲੇ ਚਲਕੇ ਜਾਵਣਾ ਤੇ ਧਰਮਸਾਲ ਆਪਣੇ ਪਿੰਡ ਵਿਚ ਹੀ ਬਣਾਵਣੀਂ। ਪਿਛਲੀ ਰਾਤਿ ਉਠਿਕੇ ਇਸਨਾਨ ਕਰਕੈ ਵਾਹਿਗੁਰੂ ਦਾ ਨਾਮ

ਜਪਣਾ ਤੇ ਅੰਮ੍ਰਿਤ ਵੇਲੇ ਜਾਇਕੈ ਗ੍ਰੰਥ* ਜੀ ਦਾ ਦਰਸਨੁ ਕਰਣਾ ਅਤੇ ਦੁਪਹਿਰ ਸਮੇਂ ਚਰਨ ਕਵਲ ਪੜਨੀ ਸੁਣਨੀ। ਦੁਇ ਘੜੀਆਂ ਦੇਹੁ ਰਹਿੰਦੈ ਦੁਇ ਘੜੀਆਂ ਰਾਤ ਜਾਂਦੀ ਤੀਕਰੁ ਕੀਰਤਨੁ ਰਹਰਾਸ ਪੜਨੀ। ਉਸ ਥੋਂ ਉਪਰੰਤ ਕਥਾ ਕੀਰਤਨੁ ਸੁਣਕੈ ਉਪਰੰਤ ਕੀਰਤਨ ਸੋਹਿਲਾ ਪੜਿਕੇ ਸੌਣਾ। ਹਰੁ ਕਿਰਤ ਕਾਰ ਜੋ ਕਰਨੀ ਸਚੁ ਬੋਲਣਾ ਸਚੁ ਕਮਾਵਣਾ। ਮੈਂ ਤੁਸਾਡਾ ਸਦਾ ਸੰਗੀ ਹੋਵਾਂਗਾ। ਇਸੇ ਕਰਕੇ ਓਨ੍ਹਾਂ ਦਾ ਕਲਿਆਣੁ ਹੋਇਆ॥੩੧॥

## ਸਾਖੀ ਹੋਰ ਚਲੀ {ਮਈਆ ਜਾਪਾ ਆਦਿ}

**ਮਈਆ** ਤੇ ਜਾਪਾ ਤੇ ਨਈਆ ਖੁਲਰੁ ਜਾਤਿ ਦੇ ਤੁਲਸਾ ਵਹੁਰਾ ਚਾਰੇ ਗੁਰੂ ਰਾਮਦਾਸ ਜੀ ਦੀ ਸਰਣਿ ਆਏ। ਬੇਨਤੀ ਕੀਤੀ: ਜੀ ਅਸਾਨੂੰ ਐਸਾ ਉਪਦੇਸ ਕਰੋ ਜੋ ਵਿਚੇ ਗ੍ਰਿਹਸਤ ਦੇ ਅਸਾਨੂੰ ਉਦਾਸੀ ਹੋਵੇ। ਤਾਂ ਬਚਨ ਹੋਇਆ: ਜੈਸੇ ਆਪਣੇ ਘਰ ਦਿਆਂ ਕੰਮਾਂ ਨਾਲ ਪਿਆਰੁ ਕਰਦੇ ਹੋ ਤੈਸੇ ਗੁਰੂ ਕੀ ਬਾਣੀ ਨਾਲ ਪਿਆਰ ਕਰੋ। ਜਿਸ ਵੇਲੇ ਗੁਰੂ ਕੀ ਸਬਦ ਬਾਣੀ ਨੂੰ ਪੜਨਿ ਸੁਣਨਿ ਬੈਠੋ ਤਾਂ ਸਬਦ ਦੇ ਅਰਥ ਤੇ ਪ੍ਰੋਜਨ ਵਲ ਧਿਆਨੁ ਰਖਣਾ। ਮੇਰੇ ਸਰੀਰ ਦਾ ਧਿਆਨੁ ਧਾਰਨਾ, ਮੇਰੀ ਬਾਣੀ ਦਾ ਉਚਾਰੁ ਕਰਨਾ, ਜੈਸੇ ਘੋੜੇ ਨੂੰ ਮਸਾਲਾ ਭੀ ਦੇਈਦਾ ਹੈ ਤੇ ਕਾਜਾ ਭੀ ਕਰੀਦਾ ਹੈ, ਤਾਂ ਓਸ ਦਾ ਰੋਗੁ ਕੱਟੀਦਾ ਹੈ, ਤੈਸੇ ਗੁਰਾਂ ਦੇ ਧਿਆਨੁ ਅਰੁ ਨਾਮੁ ਕਰਕੇ ਹਉਮੈਂ ਦਾ ਰੋਗੁ ਕਟਿਆ ਜਾਂਦਾ ਹੈ। ਹੋਰੁ ਸਮਾਂ ਜਿਹੜਾ ਹੈ ਹੱਥਾਂ ਪੈਰਾਂ ਨਾਲਿ ਕੰਮੁ ਕਰਨਾ ਤੇ ਵਾਹਿਗੁਰੂ ਦਾ ਨਾਮ ਜਪਦਿਆਂ ਰਹਿਣਾ। ਨਾਮੁ ਕੈਸਾ ਹੈ? ਕਲਜੁਗ ਵਿਚ ਜਹਾਜ ਹੈ। ਏਹੋ ਤੁਸਾਡਾ ਉਧਾਰੁ ਕਰੇਗਾ। ਸੋ ਉਨ੍ਹਾਂ ਦਾ ਕਲਿਆਣੁ ਇਸੇ ਕਰਕੇ ਹੋਆ॥੩੨॥

---

* ਇਹ ਲਿਖਾਰੀ ਜੀ ਦੀ ਭੁੱਲ ਜਾਪਦੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਪੰਜਵੇਂ ਗੁਰੂ ਜੀ ਨੇ ਬੱਧੀ ਸੀ।

# ਪਉੜੀ ਅਠਾਰ੍ਹਵੀਂ ਚਲੀ॥੧੮॥

## ਪਜਾਰੇ ਸਿੱਖ

**ਪੁਰੀਆ ਚੂਹੜ੍ਹ ਚਉਧਰੀ ਪੈੜਾ ਦਰਗਹੁ ਦਾਤਾ ਭਾਰਾ।
ਬਾਲਾ ਕਿਸਨਾ ਝਿੰਗਰਣਿ ਪੰਡਿਤ ਰਾਇ ਸਭਾ ਸੀਗਾਰਾ।
ਸੁਹੜੁ, ਤ੍ਰਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖੁ ਸਾਰਾ।
ਕੁਲਾ, ਭੁਲਾ, ਝੰਝੀਆ ਭਾਗੀਰਥੁ ਸੁਇਨੀ ਸਚਿਆਰਾ।
ਲਾਲੂ ਬਾਲ੍ਹੂ ਵਿਜ ਹਨਿ ਹਰਖਵੰਤੁ ਹਰਿਦਾਸ ਪਿਆਰਾ।
ਧੀਰੁ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ।
ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।
ਝਾਂਝੂ ਅਤੇ ਮੁਕੰਦੂ ਹੈ ਕੀਰਤਨੁ ਕਰੈ ਹਜੂਰ ਕਿਦਾਰਾ।
ਸਾਧ ਸੰਗਤਿ ਪਰਗਟੁ ਪਾਹਾਰਾ॥੧੮॥**

## (ਪੰਜਵੇਂ ਪਾਤਸ਼ਾਹ ਜੀ ਦੇ ਸਿਖ)

## ਸਾਖੀ ਹੋਰ ਚਲੀ {ਚੌਧਰੀ ਪੁਰੀਆ ਤੇ ਚੂਹੜ}

**ਪੁਰੀਆ** ਤੇ ਚੂਹੜ ਦੋਵੇਂ ਚੌਧਰੀ ਜਾਤ ਦੇ ਹੈਸਨਿ ਤੇ ਚੌਧਰ ਭੀ ਕਰਦੇ ਸਨਿ, ਸਾਹਿਬ ਪੰਜਵੀਂ ਪਾਤਿਸ਼ਾਹੀ ਦੇ ਹਜ਼ੂਰਿ ਆਏ ਤਾਂ ਆਣਕੇ ਅਰਦਾਸ ਕੀਤੀ: ਜੀ ਅਸੀਂ ਲੋਕ ਝੂਠ ਬਹੁਤ ਕਮਾਂਵਦੇ ਹਾਂ; ਅਸਾਡਾ ਭੀ ਉਧਾਰੁ ਕਿਵੇਂ ਹੋਵੇਗਾ। ਤਾਂ ਬਚਨੁ ਹੋਆ ਜੇ ਝੂਠ ਛਡੋਗੇ ਤਾਂ ਤੁਸਾਡਾ ਉਧਾਰੁ ਹੋਵੈਗਾ। ਤਾਂ ਓਨਾਂ ਅਰਦਾਸ ਕੀਤੀ ਜੀ ਅਸਾਡੇ ਪਾਸੂੰ ਝੂਠ ਨਹੀਂ ਛੱਡਿਆ ਜਾਂਦਾ, ਅਸੀਂ ਚਉਧਰੀ ਹਾਂ ਝੂਠ ਤੋਂ ਬਿਨਾਂ ਗੁਜਰਾਨ ਨਹੀਂ ਹੁੰਦੀ। ਤਾਂ ਬਚਨੁ ਹੋਆ: ਆਪਣੇ ਸ਼ਹਿਰ ਵਿਚ ਤੁਸੀਂ ਗ੍ਰੰਥ ਜੀ ਰੱਖੋ ਤੇ ਧਰਮਸਾਲ ਬਣਾਓ ਤੇ ਚਾਰ ਪੰਜ ਘੜੀਆਂ ਗ੍ਰੰਥ ਜੀ ਦੀ ਪ੍ਰੀਤ ਕਰਕੇ ਕਥਾ ਸੁਣਿਆ ਕਰੋ ਤੇ ਸਾਰੇ ਦਿਨ ਵਿਚ ਝੂਠ ਤੇ ਸਚੁ ਕਮਾਵੇ ਤਾਂ ਰਾਤੀਂ ਕਾਗਦ ਉਪਰ ਲਿਖ ਛਡਿਆ ਕਰੋ ਤੇ ਮਹੀਨੇ ਦੇ ਮਹੀਨੇ ਹਜੂਰ ਦੀਦਾਰ ਨੌ ਆਵਣਾਂ ਤਾਂ ਕਾਗਦ ਸਾਰਾ ਆਪਣਿਆਂ ਪਾਪਾਂ ਪੁੰਨਾਂ ਦਾ ਸੁਣਾਇ ਜਾਇਆ ਕਰੋ। ਤਾਂ ਉਹ ਜਿਵੇਂ ਸਾਧ ਸੰਗਤਿ ਕਰਨਿ

ਤੇ ਸਬਦੁ ਬਾਣੀ ਸੁਣਨਿ, ਤਿਵੈਂ ਤਿਵੈਂ ਪਾਪਾਂ ਤੇ ਉਨ੍ਹਾਂ ਨੂੰ ਭੌ ਆਵੈ ਤੇ ਜਿਉਂ ਕਾਗਦ ਲਿਖਕੇ ਸਾਹਿਬ ਦੇ ਹਜੂਰ ਆਣਕੇ ਸੁਣਾਵਨਿ ਤਿਵੈਂ ਓਨ੍ਹਾਂ ਨੂੰ ਪਾਪਾਂ ਥੀਂ ਸ਼ਰਮ ਆਵੈ। ਇਕ ਛਿਆਂ ਮਹੀਨਿਆਂ ਵਿਚ ਪਾਪਾਂ ਦੀ ਬ੍ਰਿਤਿ ਓਨ੍ਹਾਂ ਦੀ ਘਟ ਤੇ ਧਰਮ ਦੀ ਬ੍ਰਿਤਿ ਵਧਿ ਗਈ। ਓਨ੍ਹਾਂ ਦਾ ਇਸੈ ਕਰਕੇ ਕਲਿਆਣੁ ਹੋਆ॥੩੩॥

## ਸਾਖੀ ਹੋਰ ਚਲੀ {ਭਾਈ ਪੈੜਾ ਦੁਰਗਾ}

**ਭਾਈ** ਪੈੜਾ ਤੇ ਦੁਰਗਾ ਸਾਹਿਬ ਪੰਜਵੀਂ ਪਾਤਿਸ਼ਾਹੀ ਦੇ ਹਜ਼ੂਰ ਆਏ: ਅਸਾਨੂੰ ਕੁਝ ਉਪਦੇਸ਼ ਕਰੀਏ। ਬਚਨੁ ਹੋਇਆ: ਭਾਈ ਜਿਨ੍ਹਾਂ ਨੇ ਪਿਛੇ ਦਾਨੁ ਕੀਤਾ ਹੈ ਸੋ ਹੁਣ ਆਇਕੈ ਪਾਇਆ ਹੈ ਤੇ ਹੁਣ ਦਾ ਕੀਤਾ ਅਗੇ ਪਾਵਨਗੇ, ਤਾਂ ਜੋ ਤੁਸਾਡੇ ਪਾਸ ਵਰਤਨਿ ਹੋਵੈ ਤੇ ਆਪਣੇ ਖਾਵਣ ਪੀਵਣ ਤੇ ਵਧੀਕ ਹੋਵੈ ਸੋ ਸਭੇ ਦਾਨ ਪੁੰਨ ਕਰ ਦੇਵਣਾ, ਤਾਂ ਜੋ ਓਨ੍ਹਾਂ ਪਾਸ ਵੀ ਹੋਵੈ। ਸਭ ਸਿਖਾਂ ਨਾਲਿ ਵਰਤਿ ਛਕਣਾ। ਸੀਤਕਾਲ ਹੋਵੈ ਤਾਂ ਸਿਖਾਂ ਨੂੰ ਭੂਰੇ ਲੋਈਆਂ ਹੋਰੁ ਭੀ ਬਸਤ੍ਰ ਜੋ ਕਿਸੇ ਦੇ ਲਾਇਕ ਹੋਣ ਸੋ ਲੈ ਦੇਵਣੇ। ਇਕ ਸਮੇਂ ਸਿਖ ਬਹੁਤ ਆਏ ਤੇ ਹੋਰੁ ਓਨ੍ਹਾਂ ਦੇ ਪਾਸ ਕੁਝ ਨਹੀਂ ਸੀ, ਤਾਂ ਓਨ੍ਹਾਂ ਆਪਣੇ ਘਰ ਭੀ ਗਹਿਣੇ ਰਖਕੇ ਸਿਖਾਂ ਨੂੰ ਖਵਾਇ ਦਿਤੇ। ਬਹੁਰੋ ਫੇਰ ਸਿਖ ਆਏ ਤਾਂ ਸੀਤ ਕਾਲ ਦਾ ਸਮਾਂ ਹੈਸੀ; ਵੀਚਾਰ ਕੀਤਾ ਹੁਣ ਤਾਂ ਅਸਾਡੇ ਪਾਸ ਕੁਝ ਨਹੀਂ ਏਸੇ ਚਿੰਤਾ ਵਿਚ ਬਾਹਰਿ ਰਮਣੈ ਜਾਇ ਬੈਠੇ, ਤਾਂ ਲਕੜੀ ਨਾਲਿ ਜਿਮੀਂ ਲੱਗੇ ਖੋਦਣ, ਤਾਂ ਉਥੋਂ ਮੋਹਰਾਂ ਦਾ ਦੇਗਚਾ ਹੱਥ ਲੱਗਾ। ਤਾਂ ਓਨਾਂ ਘਰ ਭੀ ਛੁਡਾਇ ਲਏ ਤੇ ਸਿਖਾਂ ਦੀ ਪ੍ਰਸੰਨਤਾ ਲਈ ਤੇ ਪ੍ਰਸਾਦੁ ਲੈਕੇ ਸਾਹਿਬ ਦੇ ਹਜੂਰ ਆਏ। ਤਾਂ ਬਚਨੁ ਹੋਆ: ਜੋ ਵਾਹਿਗੁਰੂ ਦੇ ਨਾਮ ਤੇ ਦੇਂਦਾ ਹੈ ਉਸ ਨੋ ਵਾਹਿਗੁਰੂ ਥੁੜਾ ਨਹੀਂ ਰਹਿਣ ਦੇਂਦਾ। ਤੁਸਾਂ ਇਸ ਕਾਰਜ ਤੇ ਦ੍ਰਿੜ੍ਹ ਰਹਣਾ॥੩੪॥।

## ਸਾਖੀ ਹੋਰ ਚਲੀ {ਬਾਲਾ ਕਿਸ਼ਨਾ}

**ਬਾਲਾ** ਤੇ ਕਿਸ਼ਨਾ ਦੋਵੇਂ ਝਿੰਗਰਣ ਜਾਤ ਦੇ ਹੈਸਨਿ ਤੇ ਬੜੇ ਪੰਡਤ ਹੈਸਨਿ ਤੇ ਸਭਾ ਦੇ ਰੀਝਾਵਣ ਵਾਲੇ ਹੈਸਨਿ। ਸਾਹਿਬ ਪੰਜਵੀਂ ਪਾਤਿਸ਼ਾਹੀ ਦੇ ਹਜੂਰ ਆਏ, ਜੋ ਜੀ ਅਸੀਂ ਖਟ ਸ਼ਾਸਤ੍ਰ ਤੇ ਅਠਾਰਾਂ ਪੁਰਾਣਾਂ ਦੇ ਵਕਤੇ ਹਾਂ ਤੇ ਸਭ ਕਿਸੇ ਨੂੰ ਰੀਝਾਂਵਦੇ ਭੀ ਹਾਂ, ਪਰੁ ਅਸਾਡੇ ਮਨ ਨੂੰ ਸ਼ਾਂਤਿ ਨਹੀਂ ਆਂਵਦੀ। ਤਾਂ

ਬਚਨੁ ਹੋਆ: ਜੈਸੇ ਹੋਰਨਾਂ ਦੇ ਸੁਣਾਵਣ ਦੀ ਸਿਆਣਪ ਕਰਦੇ ਹੋ ਤੈਸੇ ਆਪਣੇ ਆਪਣੇ ਮਨ ਨੂੰ ਭੀ ਸਮਝਾਵਹੁ, ਤਾਂ ਤੁਸਾਡਾ ਤੁਰਤ ਕਲਿਆਣੁ ਹੋਵੈਗਾ, ਤੇ ਸ਼ਾਂਤਿ ਨੂੰ ਪ੍ਰਾਪਤਿ ਹੋਵੋਗੇ। ਤਾਂ ਓਨ੍ਹਾਂ ਜਬ ਆਪਣੇ ਮਨ ਨੂੰ ਸਮਝਾਇਆ ਤਾਂ ਸ਼ਾਂਤਿ ਓਨ੍ਹਾਂ ਨੂੰ ਆਈ। ਇਸ ਵਾਸਤੇ ਓਨ੍ਹਾਂ ਦਾ ਕਲਿਆਣੁ ਹੋਆ॥੩੫॥

## ਸਾਖੀ ਹੋਰ ਚਲੀ {ਤ੍ਰਿਲੋਕਾ ਸੁਹੜ}

**ਤ੍ਰਿਲੋਕਾ** ਜਾਤ ਦਾ ਸੁਹੜੁ ਸੂਰਮਾ ਹੈਸੀ ਤੇ ਮੁਗ਼ਲਾਂ ਦੀ ਚਾਕਰੀ ਕਰਦਾ ਸੀ। ਇਕ ਦਿਨ ਗੁਰੂ ਅਰਜਨ ਜੀ ਦੇ ਪਾਸ ਆਇਆ, ਜੁ ਅਸਾਡਾ ਕਰਮੁ ਜੁੱਧ ਕਰਨਾ ਹੈ, ਹਿੰਸਾ ਧਰਮੁ ਹੈ, ਅਸਾਡਾ ਕਿਉਂ ਕਰ ਉਧਾਰ ਹੋਵੈ? ਤਾਂ ਬਚਨ ਹੋਆ: ਜੋ ਰਿਦੇ ਕਰਕੇ ਹਿੰਸਾ ਨਹੀਂ ਕਰਨੀ, ਹੋਰ ਆਪਣੇ ਛਤ੍ਰੀ ਧਰਮ ਪਰ ਇਸਥਿਰ ਰਹਣਾ। ਇਕ ਦਿਨ ਜੋ ਸ਼ਿਕਾਰ ਚੜ੍ਹੇ ਸਨ ਤੇ ਤ੍ਰਿਲੋਕੇ ਨੇ ਘੋੜਾ ਦਉੜਾਇਕੈ ਇਕ ਮ੍ਰਿਗੀ ਨੂੰ ਤਲਵਾਰ ਚਲਾਈ ਤੇ ਉਸ ਦੇ ਉਦਰ ਥੀਂ ਬੱਚਾ ਨਿਕਲਿਆ। ਤਾਂ ਉਸ ਦੇ ਮਨ ਵਿਚ ਭੈ ਆਇਆ, ਤਾਂ ਉਸ ਨੇ ਕਾਠ ਦੀ ਤਲਵਾਰ ਘੜਾਇਕੇ ਫਲੁ ਮਿਆਨ ਵਿਚ ਰਖਿਆ ਤੇ ਮੁੱਠ ਤਲਵਾਰ ਦੀ ਰੱਖੀ। ਤਾਂ ਵੈਰੀਆਂ ਨੇ ਸਿਰਦਾਰ ਨੂੰ ਕਹਿਆ ਜੋ ਪੰਜ ਰੁਪਯੇ ਰੋਜ ਭਾਈ ਤ੍ਰਿਲੋਕਾ ਪਾਂਵਦਾ ਹੈ, ਤੇ ਤਲਵਾਰ ਕਾਠ ਦੀ ਰਖੀ ਹੋਈ ਹੈ। ਤਾਂ ਮੁਗ਼ਲ ਨੇ ਕਹਿਆ: ਭਾਈ ਤ੍ਰਿਲੋਕਾ ਆਪਣੀ ਸ਼ਮਸ਼ੇਰ ਦਿਖਾਵੇ। ਤਾਂ ਭੈਮਾਨ ਹੋ ਕਰ ਓਸ ਵਾਹਿਗੁਰੂ ਨੂੰ ਅਰਾਧਿਆ ਤਾਂ ਓਸ ਦੀ ਤਲਵਾਰ ਮਹਾਂ ਉਤਮ ਫੌਲਾਦ ਦੀ ਵਲਾਇਤੀ ਹੋਇ ਨਿਕਲੀ ਤਾਂ ਸਭਨਾਂ ਵੈਰੀਆਂ ਦੇ ਮੂੰਹ ਕਾਲੇ ਹੋਏ ਤੇ ਸਿਰਦਾਰ ਪ੍ਰਸੰਨ ਹੋਇਆ। ਪੰਜ ਰੁਪਏ ਜੋ ਰੋਜੁ ਲਿਆਵੈ, ਤਾਂ ਸਵਾ ਰੁਪਯਾ ਰੋਜ ਗੁਰੂ ਕੀ ਅਰਦਾਸ ਰਖੈ, ਤੇ ਸਵਾ ਰੁਪਯਾ ਰੋਜ ਗਰੀਬਾਂ ਨੂੰ ਖਰਾਇਤ ਕਰੇ ਤੇ ਅਢਾਈ ਰੁੱਪਯੇ ਆਪਣੇ ਨਾਲ ਦੇ ਨੌਕਰਾਂ ਦੀ ਗੁਜਰਾਨ ਕਰੇ ਤੇ ਸਿਖਾਂ ਨੂੰ ਭੀ ਪ੍ਰਸਾਦ ਛਕਾਵੈ। ਏਸੇ ਪ੍ਰਕਾਰ ਓਸ ਦਾ ਉਧਾਰੁ ਹੋਇਆ॥੩੬॥

## ਸਾਖੀ ਹੋਰ ਚਲੀ {ਭਾਈ ਸਮੁੰਦਾ}

**ਸਮੁੰਦਾ** ਸਿਖੁ ਗੁਰੂ ਅਰਜਨ ਦੇਵ ਜੀ ਦੇ ਪਾਸ ਆਇਆ ਤੇ ਅਰਦਾਸ ਕੀਤੀ: ਗਰੀਬ ਨਿਵਾਜ ਜੀ! ਸਨਮੁਖ ਕੌਣ ਹੈਨਿ ਤੇ ਵੇਮੁਖ ਕੌਣ ਹੈਨਿ?

ਬਚਨੁ ਹੋਇਆ ਜੋ ਕਿਸੇ ਨੂੰ ਕੰਮ ਨੂੰ ਭੇਜੀਦਾ ਹੈ ਤਾਂ ਸਨਮੁਖ ਚਲਿਆ ਜਾਂਵਦਾ ਹੈ ਤੇ ਕੰਮੁ ਕਰ ਆਂਵਦਾ ਹੈ। ਤੇ ਜੇ ਕੰਮ ਵਿਗਾੜ ਆਂਵਦਾ ਹੈ ਤਾਂ ਸਨਮੁਖ ਨਹੀਂ ਹੋ ਸਕਦਾ। ਤੈਸੇ ਵਾਹਿਗੁਰੂ ਨੇ ਜੋ ਸਿਖਾਂ ਨੂੰ ਭੇਜਿਆ ਹੈ ਸੋ ਨਾਮ ਤੇ ਦਾਨ ਤੇ ਇਸ਼ਨਾਨ ਵਾਸਤੇ ਭੇਜਿਆ ਹੈ। ਜੇਹੜੇ ਅੰਮ੍ਰਿਤ ਵੇਲੇ ਇਸ਼ਨਾਨ ਕਰਤੇ ਹੈਂ ਤੇ ਨਾਮ ਜਪਤੇ ਹੈਂ ਤੇ ਦਾਨ ਕਰਤੇ ਹੈਂ ਸੋ ਵਾਹਿਗੁਰੂ ਕੇ ਸਨਮੁਖ ਹੋਵੈਂਗੇ ਤੇ ਜੇ ਕਾਮ ਕ੍ਰੋਧ ਵਿਚ ਆਰਜਾ ਬੀਤਤੀ ਹੈ ਤਾਂ ਵੇਮੁਖ ਹੋ ਜਾਈਤਾ ਹੈ। ਭਾਈ ਸਮੁੰਦੇ ਅਰਦਾਸ ਕੀਤੀ: ਜੇ ਤੇਰੀ ਦਇਆ ਹੋਵੇ ਤਾਂ ਸਨਮੁਖ ਹੋਈਏ, ਤਾਂ ਬਚਨੁ ਹੋਇਆ ਜੋ ਸਿਖ ਸਨਮੁਖ ਹੋਤਾ ਹੈ, ਤਾਂ ਗੁਰੂ ਕੀ ਦਇਆ ਆਪੇ ਹੋਤੀ ਹੈ। ਤਾਂ ਸਿਖ ਸਮੁੰਦੇ ਦਾ ਏਸੇ ਕਰ ਕਲਿਆਣ ਹੋਆ॥੩੭॥

## ਸਾਖੀ ਹੋਰ ਚਲੀ {ਕੁੱਲਾ ਭੁੱਲਾ ਆਦਿ}

**ਕੁੱਲਾ** ਭੁੱਲਾ ਦੋਵੇਂ ਝੰਝੀ ਹੈਸਨਿ ਤੇ ਭਗੀਰਥ ਸੁਇਨੀ ਹੈਸੀ, ਗੁਰੂ ਅਰਜਨ ਜੀ ਦੀ ਸਰਣਿ ਆਏ ਤਾਂ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਅਸੀਂ ਜਨਮ ਤੇ ਜੂਨੀ ਵਿਚ ਬਹੁਤ ਦੁਖੁ ਪਾਂਵਦੇ ਆਂਵਦੇ ਹਾਂ, ਹੁਣ ਤੁਸੀਂ ਕਿਰਪਾ ਕਰੋ, ਜੁ ਅਸਾਡਾ ਜਨਮੁ ਮਰਨੁ ਕਟੀਐ। ਤਾਂ ਬਚਨੁ ਹੋਇਆ: ਤੁਸੀਂ ਗੁਰਮੁਖਾਂ ਦੇ ਕਰਮ ਕਰੋ; ਤੇ ਮਨਮੁਖਾਂ ਦੇ ਕਰਮ ਤਿਆਗੋ। ਤਾਂ ਓਨਾਂ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਗੁਰਮੁਖ ਕਿਤਨੇ ਪ੍ਰਕਾਰ ਦੇ ਹੁੰਦੇ ਹੈਨਿ ਤੇ ਮਨਮੁਖ ਕਿਤਨੇ ਪ੍ਰਕਾਰ ਦੇ ਹੁੰਦੇ ਹੈਨਿ? ਬਚਨੁ ਹੋਇਆ: ਤਿੰਨ ਪ੍ਰਕਾਰ ਦੇ ਗੁਰਮੁਖ ਹੈਨਿ, ਤਿੰਨ ਪ੍ਰਕਾਰ ਦੇ ਮਨਮੁਖ ਹੈਨ। ਇਕ ਗੁਰਮੁਖ ਹੈਨਿ, ਇਕ ਗੁਰਮੁਖ-ਤਰ ਹੈਨਿ, ਇਕ ਗੁਰਮੁਖਿ-ਤਮ ਹੈਨਿ। ਗੁਰਮੁਖ ਕੌਣ ਹੈਨਿ? ਜਿਨਾਂ ਖੋਟਿਆਂ ਕਰਮਾਂ ਵਲੋਂ ਪਿਠ ਦਿਤੀ ਹੈ ਤੇ ਗੁਰਾਂ ਦੇ ਵਚਨ ਵਲਿ ਮੁਖ ਕੀਤਾ ਹੈ, ਤੇ ਜੇ ਇਕੁ ਭੀ ਓਨਾਂ ਨਾਲ ਚੰਗਿਆਈ ਕਰਦਾ ਹੈ ਤਾਂ ਆਪਣੇ ਵਲੋਂ ਸਦੀਵ ਉਸ ਦੇ ਨਾਲਿ ਚੰਗਿਆਈ ਕਰਦੇ ਰਹਿੰਦੇ ਹੈਨਿ ਤੇ ਉਸ ਦੀ ਭਾਲਿਆਈ ਵਿਸਾਰਦੇ ਨਹੀਂ ਤੇ ਆਪਣੀ ਭਲਿਆਈ ਚਿਤ ਨਹੀਂ ਕਰਦੇ! ਗੁਰਮੁਖਿ-ਤਰੁ ਓਹ ਹੈਨਿ ਜੋ ਬੁਰੇ ਕਰਮ ਓਨ੍ਹਾਂ ਤਿਆਗ ਦਿਤੇ ਹੈਨਿ, ਤੇ ਭਲਿਆਂ ਕਰਮਾਂ ਦਾ ਅੰਗੀਕਾਰ ਕੀਤਾ ਹੈ ਤੇ ਜਿਸ ਦਾ ਕੰਮ ਓਨ੍ਹਾਂ ਦੇ ਤੀਕ ਆਂਵਦਾ ਹੈ ਤਾਂ ਸਭਸੈ ਨਾਲਿ ਭਲਾ ਹੀ ਕਰਦੇ ਹੈਨਿ; ਭਾਵੈਂ ਕੋਈ ਭਲਾ ਕਰੈ ਭਾਵੈਂ ਕੋਈ ਬੁਰਾ ਕਰੈ, ਓਹੁ ਆਪਣੇ ਵਲੋਂ ਭਲਾ ਹੀ ਕਰਦੇ ਹੈਨ। ਤੇ

 www.sikhbookclub.com

ਗੁਰਮੁਖ-ਤਮ ਓਹੁ ਹੈਨਿ ਜੋ ਗਿਆਨ ਸੰਪੰਨਿ ਹੈਨ। ਭਲਾ ਸਭਸੇ ਨਾਲਿ ਕਰਦੇ ਹੈਨਿ। ਜੇ ਕੋਈ ਓਨਾਂ ਦਾ ਬੁਰਾ ਭੀ ਕਰੇ ਤਾਂ ਓਨਾਂ ਦੇ ਨਾਲਿ ਭੀ ਭਲਾ ਹੀ ਕਰਦੇ ਹੈਨਿ। ਤੇ ਮਨਮੁਖ ਓਹੁ ਹੈਨਿ ਜੋ ਸਦਾ ਵਿਕਾਰ ਹੀ ਕਰਦੇ ਹੈਨਿ, ਜੇ ਕੋਈ ਓਨਾਂ ਦੇ ਨਾਲਿ ਭਲਿਆਈ ਕਰੇ ਸੋ ਵਿਸਾਰ ਦੇਂਦੇ ਹੈਨਿ ਤੇ ਬੁਰਿਆਈ ਜੇ ਕੋਈ ਕਰੈ ਤਾਂ ਵਿਸਾਰਦੇ ਨਹੀਂ। ਤੇ ਮਨਮੁਖ-ਤਰੁ ਓਹ ਹੈਨ, ਜੋ ਕੋਈ ਭਲਾ ਬੁਰਾ ਹੋਵੈ, ਤਾਂ ਸਭਸੇ ਨਾਲਿ ਬੁਰਿਆਈ ਹੀ ਕਰਦੇ ਹੈਨਿ। ਤੇ ਮਨਮੁਖ-ਤਮ ਓਹੁ ਹੈਨਿ ਜੋ ਭਲੇ ਨਾਲਿ ਵੀ ਬੁਰਿਆਈ ਕਰਨਿ ਤੇ ਸਬਦ ਬਾਣੀ ਦੀ ਸਮਝ ਕੁਝ ਨਾ ਕਰਨ, ਸਗੋਂ ਕਹਿੰਦੇ ਹੈਨਿ ਸ਼ਬਦ ਦਾ ਸੁਣਨਾ ਤੇ ਭਲਿਆਈ ਕਰਨੀ ਅਸਾਨੂੰ ਨਹੀਂ ਫਲਦੀ ਤੇ ਬੁਰਿਆਈ ਅਸਾਨੂੰ ਫਲੁ ਦੇਂਦੀ ਹੈ! ਸੋ ਘੋਰ ਨਰਕਾਂ ਵਿਚ ਮਹਾਂ ਦੁਖ ਨੂੰ ਪ੍ਰਾਪਤ ਹੋਵਨਿਗੇ। ਤਾਂ ਓਹੁ ਗੁਰਮੁਖਾਂ ਦੇ ਕਰਮ ਕਰਨ ਲਗੇ। ਓਨਾਂ ਦਾ ਓਸੇ ਕਰ ਕਲਿਆਣੁ ਹੋਇਆ॥੩੮॥

## ਸਾਖੀ ਹੋਰ ਚਲੀ {ਲਾਲੂ ਬਾਲੂ ਆਦਿ}

**ਲਾਲੂ** ਤੇ ਬਾਲੂ ਵਿੱਜ ਹੈਸਨਿ ਤੇ ਹਰਿਦਾਸ ਤੇ ਪਿਆਰਾ ਪੰਜਵੀਂ ਪਾਤਿਸਾਹੀ ਦੀ ਸ਼ਰਨਿ ਆਏ ਤੇ ਅਰਦਾਸ ਕੀਤੀ: ਜੁ ਅਸਾਡਾ ਉਧਾਰੁ ਕਿਉਂ ਕਰ ਹੋਵੈ ? ਤਾਂ ਬਚਨੁ ਹੋਇਆ: ਹਰਿ ਕਿਸੇ ਨਾਲਿ ਹੱਸ ਕੇ ਮਿਲਣਾ ਤੇ ਮਿੱਠਾ ਬੋਲਣਾ, ਤੇ ਵੰਡ ਖਾਵਣਾ ਤੇ ਨਿਵ ਚਲਣਾ॥ "ਮਿਠਾ ਬੋਲਣਿ ਨਿਵ ਚਲਣ ਹਥੋਂ ਭੀ ਕਛੁ ਦੇਨਿ। ਰਬ ਤਿਨ੍ਹਾਂ ਦੀ ਬੁੱਕਲੀਂ ਜੰਗਲਿ ਕਿਆ ਢੂੰਡੇਨਿ"*॥ ਤਾਂ ਓਨ੍ਹਾਂ ਦਾ ਉਧਾਰੁ ਏਸੇ ਪ੍ਰਕਾਰ ਹੋਇਆ॥੩੯॥

## ਸਾਖੀ ਹੋਰ ਚਲੀ {ਨਿਹਾਲੂ ਤੁਲਸੀਆ ਆਦਿ}

**ਬੀਰ** ਨਿਹਾਲੂ, ਤੁਲਸੀਆ, ਬੂਲਾ, ਚੰਡੀਆ ਗੁਰੂ ਅਰਜਨ ਜੀ ਦੀ ਸਰਨਿ ਆਏ, ਓਨਾਂ ਅਰਦਾਸ ਕੀਤੀ: ਕੋਈ ਕਹਿੰਦੇ ਹੈਨਿ ਗੁਰੂ ਨਾਨਕ ਜੀ ਰਾਜੇ ਜਨਕ ਜੀ ਦਾ ਅਉਤਾਰ ਹੈਨਿ; ਕੋਈ ਕਹਿੰਦੈ ਹੈਨਿ: ਰਾਜੇ ਦੇ ਸਿਖ ਦਾ ਅਉਤਾਰ ਹੈਨਿ, ਤਾਂਤੇ ਤੁਸੀਂ ਦਇਆ ਕਰੋ, ਜੋ ਅਸਾਡੇ ਮਨ ਵਿਖੇ ਗੁਰਾਂ ਉਤੇ ਸਿਦਕੁ ਆਵੈ। ਤਾਂ ਬਚਨੁ ਹੋਇਆ: ਗੁਰੂ ਨਾਨਕ ਜੀ ਪੂਰਨ ਬ੍ਰਹਮ ਰੂਪ

---

* ਇਹ ਗੁਰਬਾਣੀ ਨਹੀਂ ਹੈ।

 www.sikhbookclub.com

ਹੈਸਨਿ, ਜਿਨ੍ਹਾਂ ਦੀ ਬ੍ਰਹਮਾਦਿਕ, ਸਿਵਾਦਿਕ, ਜਨਕਾਦਿਕੁ ਉਸਤਤਿ ਕਰਦੇ ਹੈਨਿ ਅਰੁ ਅੰਤੁ ਨਹੀਂ ਪਾਵਤੇ; ਸਿਖਾਂ ਨੇ ਪੂਰਬਲਿਆਂ ਜਨਮਾਂ ਵਿਖੇ ਅਰਾਧਨਾ ਕੀਤੀ ਸੀ, ਜੋ ਤੁਸੀਂ ਕ੍ਰਿਪਾ ਕਰਕੇ ਗੁਰ ਅਉਤਾਰ ਧਾਰ ਕੇ ਭਾਖਾ ਰੂਪੀ ਬਾਣੀ ਵਿਖੇ ਸਾਰਾ ਤਤੁ ਨਿਰਣੈ ਕਰਕੇ ਕਹੋ ਤਾਂ ਅਸਾਡਾ ਕਲਿਆਣੁ ਹੋਵੈ, ਤਾਂ ਓਨਾਂ ਭਗਤਾਂ ਸਿਖਾਂ ਦੀ ਕਾਮਨਾ ਕਰਕੇ ਭਾਖਾ ਬਾਣੀ ਗ੍ਰੰਥ ਜੀ ਵਿਖੇ ਤਤੁ ਸੁਗਮ ਕਰਕੇ ਕਹਿਆ ਹੈ, ਸੋ ਸਮਝਕੇ ਆਪ ਨੂੰ ਕ੍ਰਿਤਾਰਥ ਕਰਨਾ। ਤਾਂਤੇ ਤੁਸੀਂ ਭੀ ਸਬਦ ਬਾਣੀ ਦੀ ਪ੍ਰੀਤਿ ਕਰਣੀ, ਐਸਾ ਗੁਣ ਹੋਰੁ ਕੋਈ ਨਹੀਂ ਜੈਸਾ ਸਮਝ ਵੀਚਾਰ ਦਾ ਹੈ। ਤਾਂ ਓਨਾਂ ਦਾ ਸਬਦ ਦੀ ਪ੍ਰਤੀਤ ਕਰਕੇ ਕਲਿਆਣੁ ਹੋਇਆ ਤੇ ਗੁਰੂ ਨਾਨਕ ਜੀ ਸੋ ਰੂਪਿ ਹੈਨਿ– "ਵੇਦ ਵਿਰੰਚ ਵਿਚਾਰੁ ਨ ਪਾਵਤ ਚਕ੍ਰਿਤ ਸੇਖ ਸਿਵਾਦ ਭਏ ਹੈਂ। ਸਿਧ ਸਮਾਧਿ ਅਰਾਧਤ ਨਾਰਦ ਸਾਰਦ ਸੁਕ੍ਰ ਸਨਾਤ ਨਏ ਹੈਂ। ਆਦਿ ਅਨਾਦਿ ਅਗਾਧਿ ਅਗੋਚਰ ਨਾਮ ਨਿਰੰਜਨ ਜਾਪ ਜਏ ਹੈਂ। ਸ੍ਰੀ ਗੁਰਦੇਵ ਸਮੇਵ ਸੁ ਸੰਗਤਿ ਪੈਰੀਂ ਪਏ ਭਾਈ ਪੈਰੀਂ ਪਏ ਹੈਂ।" (ਕਬ:ਭਾ:ਗੁ: ੫੫੬)

## -ਤਿਸ ਦਾ ਵੀਚਾਰ-

ਜਿਸ ਨਿਰੰਕਾਰ ਦਾ ਵੀਚਾਰ ਦੇਵਤੇ ਬ੍ਰਹਿਮਾਦਿਕ ਨਹੀਂ ਪਾਇ ਸਕਦੇ ਸੋ ਗੁਰੂ ਨਾਨਕ ਜੀ ਹੈਨਿ॥੪੦॥

## ਸਾਖੀ ਹੋਰ ਚਲੀ {ਗੋਖੂ, ਟੋਡਾ, ਤੋਤਾ, ਮਦੂ}

**ਭਾਈ** ਗੋਖੂ ਤੇ ਭਾਈ ਟੋਡਾ ਮਹਿਤਾ, ਭਾਈ ਤੋਤਾ ਤੇ ਮਦੂ ਚਾਰੇ ਸਿਖ ਗੁਰੂ ਅਰਜਨ ਜੀ ਦੇ ਪਾਸ ਆਏ, ਅਰਦਾਸ ਕੀਤੀ: ਜੀ ਗਰੀਬ ਨਿਵਾਜ ਅਸਾਡਾ ਉਧਾਰੁ ਕਰਨ ਜੋਗ ਤੁਸੀਂ ਹੋ; ਤਾਂ ਬਚਨੁ ਹੋਇਆ: ਭਾਈ ਤੁਸੀਂ ਬੈਠਕੇ ਪਰਸਪਰ ਗੁਰੂ ਕੀ ਬਾਣੀ ਦਾ ਵੀਚਾਰੁ ਕਰਿਆ ਕਰੋ ਤੇ ਜੋ ਕੁਛ ਆਗਿਆ ਹੋਵੇ ਸੋ ਕਮਾਵਣ ਵਿਚ ਲਿਆਵੋ ਤੇ ਜੋ ਕੁਝ ਮਨ੍ਹੇ ਹੋਵੇ ਉਸ ਦਾ ਤਿਆਗ ਕਰੋ। ਤਾਂ ਓਨ੍ਹਾਂ ਨੇ ਕਹਿਆ ਜੀ ਬਾਣੀ ਦਾ ਪਾਠ ਕੀਤਿਆਂ ਕੇਤਾ ਗੁਣ ਹੈ ਤੇ ਵੀਚਾਰ ਕੀਤਿਆਂ ਕੇਤਾ ਗੁਣ ਹੈ ? ਤਾਂ ਬਚਨ ਹੋਇਆ ਜੋ ਪਾਠ ਕਰਨ ਤੇ ਪੁੰਨ ਹੁੰਦਾ ਹੈ ਤੇ ਅੰਤਹਕਰਣ ਸੁਧ ਹੁੰਦਾ ਹੈ। ਜੇ ਨਿਹਕਾਮ ਪਾਠ ਕਰੀਏ ਤਾਂ ਵੀਚਾਰ ਕਰਨ ਕਰਕੇ ਗਿਆਨ ਪ੍ਰਾਪਤ ਹੁੰਦਾ ਹੈ ਤੇ ਜਨਮ ਮਰਨ

ਕਟੀਦਾ ਹੈ। ਜੈਸੇ ਕਾਸਟ ਮੇਂ ਅਗਨ ਹੁੰਦੀ ਹੈ; ਬਿਨਾਂ ਸੰਜਮ ਨਹੀਂ ਨਿਕਲਦੀ ਤੇ ਜਿਨ੍ਹਾਂ ਨੂੰ ਮੰਥਨ ਦਾ ਸੰਜਮ ਹੁੰਦਾ ਹੈ ਸੋ ਮਥਕੇ ਨਿਕਾਲਦੇ ਹੈਨਿ ਤਾਂ ਸਭ ਕਾਸਟ ਅਗਨ ਰੂਪ ਹੋ ਜਾਂਦਾ ਹੈ, ਤੈਸੇ ਗਿਆਨ ਤੇ ਵੀਚਾਰ ਕਰਕੇ ਸਭ ਦੇਹ ਅਭਿਮਾਨੁ ਮਿਟ ਜਾਂਦਾ ਹੈ ਤੇ ਆਤਮ ਗਿਆਨ ਪ੍ਰਾਪਤ ਹੁੰਦਾ ਹੈ। ਤਾਂ ਓਨ੍ਹਾਂ ਦਾ ਸਬਦ ਦੇ ਵੀਚਾਰ ਕਰਨਿ ਕਰਿ ਕਲਿਆਣੁ ਹੋਇਆ॥੪੧॥

## ਸਾਖੀ ਹੋਰ ਚਲੀ {ਝਾਝੂ, ਮੁਕੰਦਾ, ਕਿਦਾਰਾ}

**ਝਾਝੂ** ਤੇ ਮੁਕੰਦਾ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ। ਗਰੀਬ ਨਿਵਾਜ ਜੀ! ਅਸਾਡਾ ਉਧਾਰੁ ਕਿਉਂ ਕਰ ਹੋਵੇ? ਤਾਂ ਬਚਨੁ ਹੋਇਆ: ਤੁਸਾਨੂੰ ਰਾਗਾਂ ਦੀ ਸਮਝ ਹੈ ਤੇ ਕਲਿਜੁਗ ਦੇ ਵਿਚ ਕੀਰਤਨ ਦੇ ਸਮਾਨ ਹੋਰੁ ਕੋਈ ਤਪ ਨਹੀਂ, ਇਹ ਤਾਂ ਸਾਂਤਕੀ ਤਪੁ ਹੈ, ਤੁਸੀਂ ਕੀਰਤਨ ਕੀਤਾ ਕਰੋ। ਤਾਂ ਓਨ੍ਹਾਂ ਅਰਦਾਸ ਕੀਤੀ: ਜੀ ਬਾਣੀ ਦੇ ਪਾਠ ਦਾ ਤੇ ਕਥਾ ਦਾ ਤੇ ਕੀਰਤਨ ਦਾ ਭਿੰਨ ਭਿੰਨ ਫਲੁ ਕਹੀਐ? ਬਚਨੁ ਹੋਇਆ: ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਤੈਸੇ ਬਾਣੀ ਦੇ ਪਾਠ ਦਾ ਫਲੁ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਖੂਹ ਦੀ ਪੈਲੀ ਨਜਦੀਕ ਹੋਵੇ ਤਾਂ ਓਸ ਨੂੰ ਭੀ ਪਹੁੰਚਦਾ ਹੈ, ਪਰੁ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨੁ ਐਸਾ ਹੈ ਜੈਸੇ ਮੇਘੁ ਗਰਜ ਕੇ ਬਰਖਾ ਕਰਦਾ ਹੈ, ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨਿ। ਤੇ ਕਥਾ ਦਾ ਏਹੁ ਫਲੁ ਹੈ ਜੈਸੇ ਮੇਘ ਠਹਿਰਿਆ ਹੋਇਆ ਨਿਰਵਾਤ ਛਿੰਮ ਛਿੰਮ ਵਰਖਾ ਕਰਦਾ ਹੈ। ਅਗੇ ਪੈਲੀਆਂ ਰਾਹੀਆਂ ਹੋਈਆਂ ਸੁਧਾਰੀਆਂ ਹੋਈਆਂ ਹੋਵਨਿ; ਜੋ ਜੋ ਬੂੰਦ ਪਵੈ ਵਿਚਿ ਧਰਤੀ ਦੇ ਸਮਾਵਦੀ ਜਾਵੈ। ਤੈਸੇ ਜੋ ਸਮਝਵਾਨ ਸਿਖ ਹੁੰਦੈ ਹੈਨਿ, ਜੋ ਜੋ ਕਥਾ ਕੀਰਤਨੁ ਕਰਦੇ ਹੈਨਿ ਤੇ ਵਿਚਾਰਦੇ ਹੈਨਿ ਤੇ ਵਾਰਤਾ ਸੁਣਦੇ ਹੈਨਿ ਸੋ ਸੋ ਕਥਾ ਸੁਣਕੈ ਰਿਦੇ ਵਿਚ ਧਾਰਦੇ ਜਾਂਦੇ ਹੈਨਿ। ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ; ਬਹੁੜ ਕਥਾ ਤੇ ਕੀਰਤਨੁ ਦੋਨੋਂ ਮਿਲੇ ਹੋਏ ਸੋਭਾ ਪਾਂਵਦੇ ਹੈਨਿ; ਕਥਾ ਕੀਰਤਨੁ ਦੇ ਮਹਾਤਮ ਨੂੰ ਲਖਾਂਵਦੀ ਹੈ ਤੇ ਕੀਰਤਨ ਮਨ ਵਿਖੇ ਰਾਗੁ ਹਰਖੁ ਉਤਪਤਿ ਕਰਦਾ ਹੈ। ਜੈਸੇ ਮਾਤਾ ਪੁਤ੍ਰਾਂ ਕਰਕੈ ਸੋਭਦੀ ਹੈ ਤੇ ਪੁਤ੍ਰਾਂ ਦੀ ਪਾਲਨਾ ਮਾਤਾ ਕਰ ਹੁੰਦੀ ਹੈ, ਤਾਂਤੇ ਕਥਾ ਮਾਤਾ ਹੈ ਤੇ ਕੀਰਤਨੁ ਪੁਤ੍ਰ ਹੈ। ਤਾਂ ਸਿਖਾਂ ਅਰਦਾਸ ਕੀਤੀ


www.sikhbookclub.com

ਜੀ ਇਸਦਾ ਪਿਤਾ ਕੌਨ ਹੈ? ਤਾਂ ਬਚਨੁ ਹੋਇਆ: ਪ੍ਰੇਮ ਜੋ ਹੈ ਸੋ ਕਥਾ ਦਾ ਭਰਤਾ ਹੈ, ਕੀਰਤਨੁ ਦਾ ਪਿਤਾ ਹੈ। ਪ੍ਰੇਮ ਕਰਕੈ ਦੋਨੋ ਸੋਭਾ ਪਾਵਤੇ ਹੈਨਿ। ਤਾਂ ਓਹੁ ਸਦਾ ਹਜ਼ੂਰ ਕੀਰਤਨੁ ਕਰਨਿ ਤੇ ਨਿਹਕਾਮ ਹੋਇਕੈ, ਕਛੁ ਕਾਮਨਾ ਨਾ ਕਰਨਿ, ਤੇ ਸਰੀਰ ਦਾ ਨਿਰਵਾਹ ਪਰਾਰਬਧ ਦੇ ਅਨੁਸਾਰ। ਹੋਰ ਕੋਈ ਸਿਖ ਸਰਧਾ ਸੰਜੁਗਤਿ ਸੇਵਾ ਕਰੇ ਤਾਂ ਉਸੇ ਥੀਂ ਗੁਜਰਾਨਿ ਕਰਨਿ ਤਾਂ ਉਨ੍ਹਾਂ ਦਾ ਉਧਾਰ ਏਸੇ ਕਰ ਹੋਇਆ॥੪੨॥


www.sikhbookclub.com

# ਪਉੜੀ ਉਨੀਸਵੀਂ ਚਲੀ॥੧੯॥

## ਸਿੱਖਾਂ ਦੇ ਨਾਮ

**ਰੀਗੂ ਨਾਊ ਸਹਗਲਾ ਰਾਮਾ ਧਰਮਾ ਉਦਾ ਭਾਈ।**
**ਜਟੂ ਭਟੂ ਵੇਤਿਆ ਫਿਰਣਾ ਸੂਦੂ ਵਡਾ ਸਤ ਭਾਈ।**
**ਭੋਲੂ ਭੱਟੂ ਜਾਣੀਅਨਿ ਸਨਮੁਖ ਤੇਵਾੜੀ ਸੁਖਦਾਈ।**
**ਡਲਾ ਭਾਗੀ ਭਗਤੁ ਹੈ ਜਾਪੂ ਨਿਵਲਾ ਗੁਰ ਸਰਣਾਈ।**
**ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ।**
**ਰਾਮਦਾਸੁ ਭੰਡਾਰੀਆ ਬਾਲਾ ਸਾਈਂਦਾਸੁ ਧਿਆਈ।**
**ਗੁਰਮੁਖਿ ਬਿਸਨੂ ਬੀਖੜਾ ਮਾਛੀ ਸੁੰਦਰਿ ਗੁਰਮਤਿ ਪਾਈ।**
**ਸਾਧ ਸੰਗਤਿ ਵਡੀ ਵਡਿਆਈ॥੧੯॥**

## ਸਾਖੀ ਹੋਰ ਚਲੀ {ਰੀਗੂ ਨਾਊ ਆਦਿ}

**ਰੀਗੂ** ਤੇ ਨਾਊ ਸਹਗਲੁ ਰਾਮਾ ਤੇ ਧਰਮਾ ਤੇ ਊਦਾ ਗੁਰੂ ਅਰਜਨ ਜੀ ਦੀ ਸ਼ਰਨਿ ਆਏ ਤੇ ਓਨਾਂ ਪ੍ਰਸ਼ਨ ਕੀਤਾ: ਜੀ ਬੇਦਾਂ ਕਤੇਬਾਂ ਤੇ ਅਉਤਾਰਾਂ ਸਭਨਾਂ ਬ੍ਰਹਮ ਨੂੰ ਬਿਅੰਤ ਕਹਿਆ ਹੈ, ਤੇ ਗੁਰੂ ਨਾਨਕ ਜੀ ਤਾਂ ਸਾਖਿਆਤਕਾਰ ਬ੍ਰਹਮ ਕਾ ਰੂਪ ਹੋਏ ਹੈਨ ਤਾਂ ਏਨਾਂ ਨੇ ਕਛੁ ਬ੍ਰਹਮ ਕਾ ਅੰਤੁ ਕਹਿਆ ਹੋਇਗਾ, ਕਿਉਂ ਜੋ ਆਪਣਾ ਅੰਤ ਤਾਂ ਸਭ ਕੋਈ ਜਾਣਦਾ ਹੈ ? ਤਾਂ ਬਚਨੁ ਹੋਇਆ: ਜੇ ਤਾਂ ਕਛੁ ਬ੍ਰਹਮ ਕਾ ਅੰਤ ਹੋਵੈ ਤਾਂ ਕਹੀਐ; ਬਿਅੰਤ ਨੂੰ ਬਿਅੰਤ ਕਹਿਣਾ ਏਹੋ ਉਸਕਾ ਅੰਤ ਪਾਵਣਾ ਹੈ। ਤੇ ਜੇ ਹੋਰ ਕੁਛ ਅੰਤੁ ਕਹਿੰਦੇ ਤਾਂ ਸਭ ਸਾਸਤ੍ਰਾਂ ਨਾਲਿ ਵਿਰੋਧ ਹੁੰਦਾ ਹੈਸੀ। ਤਾਂਤੇ ਗੁਰੂ ਨਾਨਕ ਜੀ ਭੀ ਕਹਿਆ ਹੈ ਬ੍ਰਹਮੁ ਬਿਅੰਤ ਹੈ, ਤਾਂਤੇ ਤੁਸੀਂ ਭੀ ਬ੍ਰਹਮ ਨੂੰ ਬਿਅੰਤ ਜਾਣ ਕੇ ਸਭ ਕਿਸੇ ਨਾਲਿ ਭਾਉ ਭਗਤਿ ਕਰਨੀ। ਅਉਰ ਸਦਾ ਵਾਹਿਗੁਰੂ ਦਾ ਜਾਪ ਕਰਨਾ, ਤੁਸਾਡਾ ਏਸੇ ਕਰ ਕਲਿਆਣੁ ਹੋਵੇਗਾ। ਤਾਂ ਓਨਾਂ ਦਾ ਏਸੇ ਕਰ ਕਲਿਆਣੁ ਹੋਇਆ॥੪੩॥

## ਸਾਖੀ ਹੋਰ ਚਲੀ {ਭਾਈ ਜੱਟੂ ਭੱਟੂ ਫਿਰਣਾ ਆਦਿ}

**ਭਾਈ** ਜੱਟੂ ਤੇ ਭੱਟੂ ਵੇਤੇ ਤੇ ਫਿਰਣਾ ਸੂਦ ਤੇ ਭੋਲੂ ਤੇ ਭੱਟੂ ਤਿਵਾੜੀ ਗੁਰੂ ਅਰਜਨ ਜੀ ਦੀ ਸ਼ਰਨੀ ਆਏ ਤੇ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਅਸੀਂ ਗੰਗਾ ਜੀ ਗਏ ਸਾਂ, ਪੰਡਤਾਂ ਅਸਾਂ ਥੀਂ ਪੁਛਿਆ ਸੀ ਜੋ ਜਿਸ ਨੇ ਸਰੀਰ ਧਾਰਿ ਕੇ ਔਤਾਰ ਧਾਰਿਆ ਹੈ ਸੋ ਸਿਧ ਸਾਧ ਸਭਨਾਂ ਨੇ ਗੁਰੂ ਧਾਰਿਆ ਹੈ ਤੇ ਗੁਰੂ ਨਾਨਕ ਜੀ ਔਤਾਰ ਧਾਰਿਆ ਹੈ, ਏਨ੍ਹਾਂ ਨੇ ਗੁਰੂ ਕੌਨ ਕੀਤਾ ਹੈ? ਤਾਂ ਓਨ੍ਹਾਂ ਨੂੰ ਅਸਾਂ ਕਹਿਆ: ਜੁ ਅਸੀਂ ਪੁੱਛ ਕੇ ਆਣ ਕਹਾਂਗੇ। ਤਾਂ ਬਚਨ ਹੋਇਆ ਗੁਰੂ ਨਾਨਕ ਜੀ ਦਾ ਗੁਰੂ ਨਿਰੰਕਾਰ ਅੰਤਰਜਾਮੀ ਹੈ। ਜਿਸ ਅੰਤਰਗਤਿ ਹੋਇਕੈ ਸਮਝ ਗਿਆਨ ਕੀ ਪ੍ਰੇਰਨਾ ਕੀਤੀ ਹੈ ਤੇ ਦੇਹ ਧਾਰਨ ਦੇ ਕਰਮ ਕਰਿ ਗੁਰੂ ਅੰਗਦ ਜੀ ਦੇ ਅਗੇ ਮੱਥਾ ਟੇਕਿਆ ਹੈ। ਤਾਂ ਓਨ੍ਹਾਂ ਕਹਿਆ: ਜੀ! ਗੁਰੂ ਤਾਂ ਓਸ ਨੂੰ ਕਹਿੰਦੇ ਹੈਨ ਜਿਸ ਦੇ ਮਿਲਣ ਕਰ 'ਗੋ' ਜੋ ਅੰਧਕਾਰ ਹੈ ਤੇ 'ਰੋ' ਜੋ ਪ੍ਰਕਾਸ਼ ਹੈ; ਜਿਸ ਦੇ ਮਿਲਣੇ ਤੇ ਹੋਵੈ ਸੋ 'ਗੁਰੂ' ਕਹੀਦਾ ਹੈ। ਸੋ ਗੁਰੂ ਨਾਨਕ ਜੀ ਤਾਂ ਆਪ ਪ੍ਰਕਾਸ਼ ਰੂਪ ਹੈਨ। ਤਾਂ ਬਚਨ ਹੋਇਆ: ਜਿਸ ਸਮੇਂ ਬ੍ਰਹਮਾ ਬਿਸ਼ਨ ਮਹੇਸ਼ ਤੀਨੋ ਓਅੰਕਾਰ ਥੀਂ ਉਤਪਤ ਹੋਏ ਤਾਂ ਓਨ੍ਹਾਂ ਕੌਣ ਗੁਰੂ ਕੀਤਾ? ਤਾਂ ਓਨ੍ਹਾਂ ਕਹਿਆ ਜੋ ਬ੍ਰਹਮੇ ਬਿਸ਼ਨ ਨੂੰ ਗੁਰੂ ਕੀਤਾ ਤੇ ਸ਼ਿਵ ਭੀ ਬਿਸ਼ਨ ਨੂੰ ਗੁਰੂ ਕੀਤਾ ਤੇ ਬਿਸ਼ਨ ਸ਼ਿਵ ਨੂੰ ਗੁਰੂ ਕੀਤਾ, ਕਿਉਂ ਜੋ ਵਿਸ਼ਨੁ ਸ਼ਾਂਤਕੀ ਸੀ ਤੇ ਸ਼ਿਵ ਤਾਮਸੀ ਸੀ। ਤਾਂ ਸ਼ਾਂਤਕੀ ਸ੍ਵੇਤ ਰੂਪ ਹੁੰਦਾ ਹੈ ਤੇ ਤਾਮਸੀ ਦਾ ਸਿਆਮ ਰੂਪ ਹੁੰਦਾ ਹੈ। ਤਾਂ ਵਿਸ਼ਨ ਸ਼ਿਵ ਦਾ ਧਿਆਨੁ ਕੀਤਾ, ਉਸ ਦਾ ਸਿਆਮ ਰੂਪ ਹੋ ਗਿਆ ਤੇ ਸ਼ਿਵ ਵਿਸ਼ਨੂੰ ਦਾ ਧਿਆਨ ਕੀਤਾ ਉਸ ਦਾ ਰੂਪ ਸ੍ਵੇਤ ਹੋ ਗਇਆ। ਤਾਂ ਸਾਹਿਬ ਬਚਨ ਕੀਤਾ ਜੋ ਵਿਸ਼ਨੂੰ ਅਗੇ ਹੀ ਗਿਆਨ ਰੂਪ ਸੀ ਕਿ ਸ਼ਿਵ ਦੇ ਮਿਲੇ ਉਸ ਨੂੰ ਗਿਆਨ ਹੋਇਆ। ਤਾਂ ਉਨ੍ਹਾਂ ਕਹਿਆ: ਵਿਸ਼ਨ ਗਿਆਨ ਰੂਪ ਸੀ। ਜਗਤ ਦੀ ਮਰਿਯਾਦਾ ਵਾਸਤੇ ਗੁਰੂ ਕੀਤਾ ਹੈ। ਤਾਂ ਬਚਨ ਹੋਇਆ: ਤੈਸੇ ਗੁਰੂ ਨਾਨਕ ਜੀ ਗਿਆਨ ਘਰ ਹੈਸਨ, ਪਰ ਸਰੀਰ ਦੀ ਮਰਿਯਾਦਾ ਕਰਿਕੈ ਗੁਰੂ ਅੰਗਦ ਜੀ ਨੂੰ ਗੁਰੂ ਕੀਤਾ ਹੈ। ਤਾਂ ਤੇ ਸਤਿਗੁਰਾਂ ਤੇ ਪ੍ਰਤੀਤ ਰੱਖਣੀ; ਤੁਸਾਡਾ ਕਲਿਆਣ ਹੋਵੈਗਾ। ਤਾਂ ਓਨ੍ਹਾਂ ਦਾ ਇਸੇ ਕਰ ਉਧਾਰ ਹੋਇਆ॥੪੪॥

## ਸਾਖੀ ਹੋਰ ਚਲੀ {ਡਲਾ ਭਗੀਰਥ ਆਦਿ}

**ਭਾਈ** ਡਲਾ ਤੇ ਭਗੀਰਥ ਤੇ ਜਾਪੂ ਤੇ ਨਿਵਲਾ ਗੁਰੂ ਅਰਜਨ ਜੀ ਦੀ ਸਰਣਿ ਆਏ ਤੇ ਅਰਦਾਸ ਕੀਤੀ: ਗੁਰੂ ਨਾਨਕ ਜੀ ਜੋ ਹੋਏ ਹੈਨਿ ਸਰਗੁਣ ਦੇ ਉਪਾਸਕੀ ਹੋਏ ਹੈਨਿ। ਤਾਂ ਬਚਨ ਹੋਇਆ ਸਰਗੁਣ ਨਿਰਗੁਣ ਤਾਂ ਕਹੀਅਨਿ ਜੋ ਦੋ ਹੋਵਨਿ॥ ਸਲੋਕੁ

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥**

{ਸੁਖਮਨੀ, ਪੰ. ੨੯੦}

ਓਹੀ ਸਰਗੁਣ ਰੂਪ ਮਹਾਰਾਜੁ ਇਛਿਆ ਕਰਕੇ ਧਾਰਦੇ ਹੈਂ। ਦੁਸ਼ਟਾਂ ਦਾ ਨਾਸੁ ਕਰਕੇ ਨਿਰਇਛ ਹੋ ਕੇ ਆਪਣੇ ਨਿਰਗੁਣ ਸਰੂਪ ਵਿਚ ਸਮਾਇ ਜਾਂਦੇ ਹੈਨਿ। ਜੈਸੇ ਰਾਜਾ ਏਕੁ ਹੋਤਾ ਹੈ, ਤੇ ਜਿਸ ਸਮੇਂ ਇਛਾ ਕਰਤਾ ਹੈ ਤਾਂ ਸ਼ਸਤ੍ਰ ਵਸਤ੍ਰ ਪਹਿਰਕੈ ਦੀਵਾਨ ਵਿਚ ਆਇ ਬੈਠਦਾ ਹੈ ਤੇ ਜੇ ਇਛਾ ਤਿਆਗਤਾ ਹੈ ਤਾਂ ਏਕਲਾ ਸ਼ਸਤ੍ਰਾਂ ਬਸਤ੍ਰਾਂ ਕੋ ਭੀ ਤਿਆਗ ਕਰ ਸਿਹਜਾ ਵਿਖੇ ਸੈਨ ਕਰਦਾ ਹੈ। ਤਾਂ ਜੋ ਉਸ ਕਾ ਨਾਮੁ ਲੈਕੇ ਪੁਕਾਰਦਾ ਹੈ ਤਾਂ ਦੀਵਾਨ ਸਮੇਂ ਭੀ ਉਸ ਕੀ ਸਹਾਇਤਾ ਕਰਦਾ ਹੈ ਅਰ ਸੈਣ ਸਮੇਂ ਭੀ ਉਸਕੀ ਸਹਾਇਤਾ ਕਰਦਾ ਹੈ ਤੇ ਜੋ ਉਸ ਕੇ ਸੇਵਕ ਹੈਨਿ ਸੋ ਸਦਾ ਉਸ ਕੀ ਟਹਿਲ ਕਰਦੇ ਹੈਨਿ; ਤੈਸੇ ਗੁਰੂ ਨਾਨਕ ਜੀ ਭੀ ਨਾਮ ਦੇ ਓਪਾਸ਼ਕ ਹੋਏ ਹੈਨਿ। ਜਿਸ ਨਾਮ ਕਰਕੇ ਸਰਗੁਣ ਭੀ ਸਹਾਇਤਾ ਕਰਦਾ ਹੈ ਅਰ ਨਿਰਗੁਣ ਕਾ ਭੀ ਗਿਆਨ ਪ੍ਰਾਪਤਿ ਹੋਤਾ ਹੈ ਅਰੁ ਸਰਗੁਣ ਨਿਰਗੁਣ ਦੀ ਉਪਾਸ਼ਨਾ ਨਾਲੋਂ ਨਾਮ ਕੀ ਉਪਾਸ਼ਨਾ ਵਿਸ਼ੇਖ ਹੈ। ਜੈਸੇ ਸ੍ਰੀ ਰਾਮ ਜੀ ਸਮੁੰਦ੍ਰ ਥੀਂ ਪਾਰ ਉਤਰਨ ਲਗੇ ਹੈਂ ਤਾਂ ਓਹ ਕਰਨ ਕਾਰਨ ਹੈਸਨਿ ਜੋ ਚਾਹਨ ਤਾਂ ਸਮੁੰਦ੍ਰ ਸੁਕਾਇ ਲੈਂਦੇ, ਪਰ ਓਨ੍ਹਾਂ ਨੇ ਵਿਚਾਰਿਆ ਜੋ ਅਸਾਨੂੰ ਕਿਨ੍ਹਾਂ ਵਿਰਲਿਆਂ ਮਿਲਣਾ ਹੈ ਪਰੁ ਨਾਮ ਕਰਕੈ ਅਨੇਕਾਂ ਦਾ ਕਲਿਆਣੁ ਹੁੰਦਾ ਹੈ ਤਾਂਤੇ ਨਾਮ ਦਾ ਮਹਾਤਮ ਆਪ ਤੋਂ ਵਿਸ਼ੇਖ ਕੀਤਾ ਹੈ, ਜੋ ਪਰਬਤਾਂ ਤੇ ਨਾਮੁ ਲਿਖ ਕੇ ਆਪਿ ਪਾਰ ਉਤਰੇ। ਸਰਗੁਣ ਥੌਂ ਤਾਂ ਨਾਮੁ ਇਸ ਪ੍ਰਕਾਰ ਵਿਸ਼ੇਖ ਹੈ। ਬਹੁੜੋ ਨਾਮ ਨਿਰਗੁਣ ਥੀਂ ਭੀ ਵਿਸ਼ੇਖ ਹੈ। ਨਿਰਗੁਣ ਥੀਂ ਨਾਮੁ ਇਸ ਪ੍ਰਕਾਰ ਵਿਸ਼ੇਖ ਹੈ ਜੋ ਸਤਿ ਚਿਤਿ ਅਨੰਦ ਰੂਪ ਸਰੀਰਾਂ ਦੇ ਅੰਤਰ ਬਾਹਰਿ ਇਸ ਕਰ ਬਿਆਪਿਆ ਹੂਆ ਹੈ, ਪਰੁ ਨਾਮੁ ਕੇ ਉਚਾਰਨ ਬਿਨੁ ਅੰਤਹਕਰਣ ਸੁਧ ਨਹੀਂ ਹੋਤਾ, ਤਾਂਤੇ ਜੀਅ ਨਰਕਾਂ ਨੂੰ ਚਲੇ ਜਾਤੇ ਹੈਨਿ।

ਜਿਨ੍ਹਾਂ ਨੇ ਨਾਮ ਕਾ ਉਚਾਰਨ ਕੀਆ ਹੈ ਓਨ੍ਹਾਂ ਦੇ ਅੰਤਹਕਰਣ ਸੁਧ ਹੋਏ ਹੈਨਿ, ਗਿਆਨ ਕੀ ਪ੍ਰਾਪਤੀ ਹੋਈ ਹੈ। ਇਸ ਕਰਕੇ ਜਨਮ ਮਰਨ ਉਨ੍ਹਾਂ ਕਾ ਕੱਟਿਆ ਜਾਂਦਾ ਹੈ, ਤਾਂਤੇ ਨਿਰਗੁਣ ਸਰਗੁਣ ਥੀਂ ਨਾਮੁ ਵਿਸੇਖ ਹੈ। ਤਾਂ ਓਨ੍ਹਾਂ ਨੇ ਅਰਦਾਸ ਕੀਤੀ: ਜੀ ਸਚੇ ਪਾਤਿਸ਼ਾਹਿ ਹਨੂੰਮਾਨ ਤਾਂ ਸਮੁੰਦਰ ਥੀਂ ਕੂਦ ਕੈ ਲੰਘ ਗਇਆ ਹੈਸੀ? ਬਚਨੁ ਹੋਇਆ ਹਨੂੰਮਾਨ ਤਾਂ ਨਾਮ ਦੇ ਜਪਣ ਵਾਲਾ ਹੈਸੀ ਸੋ ਇਸੇ ਵਾਸਤੇ ਨਾਮ ਦਾ ਮਹਾਤਮ ਸਭ ਤੋਂ ਵਿਸ਼ੇਸ਼ ਹੈ। ਤੇ ਦੂਸਰਾ ਇਸਦਾ ਇਹ ਪ੍ਰਯੋਜਨ ਗਿਆਨ ਵਿਖੇ ਜਗਤ ਥੋਂ ਉਲੰਘਣ ਦੀ ਸਮਰੱਥਾ ਹੈ। ਫੇਰ ਬਚਨ ਹੋਇਆ ਕੁੱਦ ਕੇ ਲੰਘਣੁ ਦੀ ਸਮਰੱਥਾ ਥੋੜਿਓਂ ਪਾਸ ਹੋਤੀ ਹੈ ਤੇ ਪੁਲ ਕੇ ਉਪਰ ਨਿਰਬਲ ਸਬਲ ਸਭ ਉਤਰ ਜਾਤੇ ਹੈਨਿ। ਤੈਸੇ ਜੋ ਸਰਬ ਬਿਖਿਆਂ ਕੌ ਨਿਰਸ ਕਰ ਜਾਣੇ ਤੇ ਗਿਆਨ ਕਾ ਅਭਿਆਸ ਕਰੇ ਸੋ ਵਿਰਲੇ ਈ ਹੈਨਿ, ਅਰ ਭਗਤਿ ਕਰਕੇ ਪਾਪੀ ਪੁੰਨੀ ਅਨੇਕਾਂ ਦਾ ਉਧਾਰੁ ਹੋਤਾ ਹੈ, ਤਾਂ ਤੇ ਤੁਸੀਂ ਭੀ ਪਰਮੇਸਰ ਦਾ ਭਜਨੁ ਕਰਨਾ ਅਰੁ ਸਾਧ ਸੰਗਤਿ ਕੀ ਸਰਣਿ ਰਹਿਣਾ। ਤਾਂਤੇ ਓਹ ਸਦਾ ਗੁਰੂ ਕੀ ਸਰਣਿ ਰਹਿਣ ਤੇ ਕਥਾ ਕੀਰਤਨ ਸੁਣਨਿ। ਜਿਸ ਸਮੇਂ ਇਕੰਤ ਹੋਣ ਤਾਂ ਨਾਮ ਦਾ ਭਜਨ ਕਰਨ। ਏਸੇ ਕਰ ਓਨ੍ਹਾਂ ਦਾ ਕਲਿਆਣੁ ਹੋਇਆ॥੪੫॥

## ਸਾਖੀ ਹੋਰ ਚਲੀ {ਮੂਲਾ, ਸੂਜਾ, ਚੰਦੂ ਆਦਿ}

**ਭਾਈ** ਮੂਲਾ ਤੇ ਭਾਈ ਸੂਜਾ ਧਾਵਣੇ ਤੇ ਭਾਈ ਚੰਦੂ ਚਉਝੜਿ, ਭਾਈ ਰਾਮਦਾਸੁ ਭੰਡਾਰੀ, ਭਾਈ ਬਾਲਾ ਤੇ ਭਾਈ ਸਾਈਂ ਦਾਸੁ ਗੁਰੂ ਅਰਜਨ ਜੀ ਦੀ ਸ਼ਰਨਿ ਆਏ। ਤਾਂ ਓਨ੍ਹਾਂ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਇਹੁ ਜੋ ਜੀਵ ਕਰਮ ਕਰਦੇ ਹੈਨਿ ਤੇ ਧਰਮ ਰਾਇ ਦੇ ਪਾਸ ਪਾਪਾਂ ਪੁੰਨਾਂ ਦਾ ਲੇਖਾ ਹੁੰਦਾ ਹੈ ਤਾਂ ਪਾਪਾਂ ਤੇ ਪੁੰਨਾ ਦਾ ਨਿਆਰਾ ਨਿਆਰਾ ਫਲ ਹੁੰਦਾ ਹੈ ਕਿ ਲੇਖਾ ਪਾਪਾਂ ਪੁੰਨਾਂ ਦਾ ਕਰਕੇ ਜਿਸ ਕੇ ਪੁੰਨ ਵਿਸ਼ੇਖ ਹੋਵਨਿ ਤੇ ਪਾਪ ਘੱਟ ਹੋਵਨਿ ਤਾਂ ਪਾਪ ਵਿਚੋਂ ਕਟਕੇ ਤੇ ਵਿਸੇਖ ਪੁੰਨਾਂ ਦਾ ਲੇਖਾ ਓਨ੍ਹਾਂ ਨੂੰ ਸੁਖ ਮਿਲਦਾ ਹੈ? ਏਹ ਅਸਾਨੂੰ ਨਿਰਨੇ ਕਰਕੇ ਦੱਸੋ! ਤਾਂ ਬਚਨੁ ਹੋਇਆ: ਚਾਰ ਪ੍ਰਕਾਰ ਕੇ ਸਿਖ ਹੈਨਿ। ਇਕ ਸਹਕਾਮ ਕਰਮੀ ਹੈਨਿ, ਇਕ ਨਿਹਕਾਮ ਕਰਮੀ ਹੈਨਿ, ਇਕ ਉਪਾਸਨਾਂ ਵਾਲੇ ਹੈਨਿ ਤੇ ਇਕੁ ਗਿਆਨੀ ਹੈਨਿ। ਤੁਸੀਂ ਕਿਸ ਦੀ ਵਾਰਤਾ ਪੁਛਦੇ ਹੋ? ਤਾਂ ਉਨ੍ਹਾਂ ਅਰਦਾਸ ਕੀਤੀ ਅਸਾਨੂੰ ਚੋਹਾਂ ਦੀ ਕਥਾ ਕਿਰਪਾ ਕਰਕੇ

ਦੱਸੀਐ ਤਾਂ ਬਚਨੁ ਹੋਇਆ: ਜੈਸੇ ਰਾਜਾ ਕੀ ਚਾਰ ਪ੍ਰਕਾਰ ਕੀ ਪ੍ਰਜਾ ਹੋਤੀ ਹੈ। ਏਕ ਭਾਵਲੀ ਦੇ ਵੰਡ ਦੇਵਣ ਵਾਲੇ, ਹੋਤੇ ਹੈਂ ਸੋ ਸਦੀਵ ਹੀ ਉਸ ਕੇ ਬੀਚ ਮੁਹਸਲੁ ਹੋਤਾ ਹੈ, ਦਾਣੇ ਸੋ ਦਾਣਾ ਬਾਂਟ ਲੇਤਾ ਹੈ। ਜੋ ਕੁਛ ਖਿਆਨਤ ਕਰੈ ਤਾਂ ਡੰਡ ਉਸ ਕਉ ਦੇਤੇ ਹੈਂ। ਅਰੁ ਏਕ ਪਟਣੀ ਹੋਤੇ ਹੈਨਿ ਉਨ ਕੇ ਪਿਛੇ ਪਿਛਾਈ ਆਦਮੀ ਆਂਵਦਾ ਹੈ, ਓਹੁ ਪਟਾ ਭਰ ਦੇਂਦੇ ਹੈਨਿ। ਅਰੁ ਏਕ ਸੌਗਾਤੀ ਹੋਤੇ ਹੈਨਿ, ਸਰਹੱਦਾ ਕੇ ਉਪਰ ਰਹਿਣ ਵਾਲੇ ਹੋਤੇ ਹੈਨਿ, ਓਹੁ ਬਾਜ ਘੋੜਾ ਸੌਗਾਤ ਦੇ ਦੇਤੇ ਹੈਨਿ ਅਰੁ ਮੁਲਖ ਪਏ ਖਾਤੇ ਹੈਨਿ। ਚੌਥੇ ਮਾਫੀ ਹੋਤੇ ਹੈਨਿ। ਸਾਥ ਹੀ ਮੁਲਖ ਖਾਤੇ ਹੈਨਿ ਅਰੁ ਪਾਤਿਸਾਹਿ ਕੇ ਸਾਥ ਚੜਤੇ ਹੈਨਿ, ਤਾਂ ਖਾਵਣੇ ਕਉ ਭੀ ਲੇਤੇ ਹੈਨਿ। ਸਾਥ ਹੀ ਹੁਕਮ ਕਰਤੇ ਹੈਨਿ। ਤੈਸੇ ਹੀ ਮਹਾਰਾਜ ਕੀ ਚਾਰ ਪ੍ਰਕਾਰ ਕੀ ਸ੍ਰਿਸਟਿ ਹੈ। ਏਹ ਸਹਕਾਮ ਕਰਮੀ ਹੈਨਿ। ਜੋ ਸਦਾ ਕੂੜ ਕੁਸੱਤ ਆਪਣੀ ਕਿਰਿਆ ਮਹਿੰ ਲਗੇ ਰਹਿੰਦੇ ਹੈਨਿ। ਜੋ ਕੁਛ ਤੀਰਥ ਬ੍ਰਤ ਪੁੰਨ ਦਾਨ ਕਰਤੇ ਹੈਨ, ਤੌ ਕਾਮਨਾ ਲੀਏ ਕਰਤੇ ਹੈਨਿ; ਹਮ ਕੋ ਅਮਕੇ ਬ੍ਰਤ ਕਾ ਅਮਕਾ ਫਲੁ ਹੋਵੈ, ਤਾਂ ਉਨ ਕੇ ਊਪਰ ਧਰਮ ਰਾਇ ਕਾ ਸਦਾ ਡੰਡਾ ਰਹਿੰਦਾ ਹੈ। ਇਨ ਕੇ ਪਾਪੋਂ ਕਾ ਫਲੁ ਭਿੰਨ ਭਿੰਨ ਪ੍ਰਾਪਤ ਹੋਤਾ ਹੈ, ਅਰੁ ਪੁੰਨੋਂ ਕਾ ਫਲੁ ਭਿੰਨ ਭਿੰਨ ਭੋਗਤੇ ਹੈਂ। ਅਤੇ ਜੋ ਨਿਹਕਾਮ ਕਰਮੀ ਹੈਨਿ ਸੋ ਧਰਮੁ ਪੁੰਨ ਪ੍ਰਸੰਨ ਹੋਇਕੇ ਕਰਤੇ ਹੈਨਿ ਤੇ ਪਾਪ ਸੁਭਾਵਕ ਉਨਕੇ ਹੋਤੇ ਹੈਂ। ਤਾ ਓਨ੍ਹਾਂ ਕਾ ਪਾਪਾਂ ਪੁੰਨਾਂ ਕਾ ਲੇਖਾ ਏਕਠਾ ਕਰਕੇ ਜੇ ਪੁੰਨ ਹੋਤੇ ਹੈਂ ਬਹੁਤ ਤਉ ਪਾਪ ਵਿਆੜ ਕਰਿ ਪੁੰਨਿ ਭੋਗਾਈਤੇ ਹੈਨਿ, ਅਰੁ ਪਾਪ ਬਹੁਤੇ ਹੋਤੇ ਹੈਂ ਤਉ ਪੁੰਨਿ ਵਿਆੜਿਕੇ ਪਾਪ ਭੋਗਾਈਤੇ ਹੈਨਿ। ਪੁੰਨ ਓਨ੍ਹਾਂ ਦੇ ਬਲੀ ਹੈਨਿ ਪਾਪ ਨਿਰਬਲ ਹੈਂ ਤੇ ਜੋ ਉਪਾਸਕ ਮਹਾਰਾਜ ਦੇ ਹੈਨਿ, ਸੋ ਤੋ ਪਾਪ ਸਰਧਾ ਕਰਕੇ ਕਰਤੇ ਹੀ ਨਹੀਂ। ਅਵੱਸ਼ਮੇਵ ਉਨ ਸੇ ਪਾਪੁ ਹੋਤਾ ਹੈ ਅਰ ਧਰਮ ਸਦਾ ਰੁਚਿ ਕਰਕੇ ਕਰਦੇ ਹੈਨਿ। ਜੋ ਪਾਪ ਕੋਈ ਤੁਛ ਹੋਤਾ ਹੈ ਸੋ ਵਿਆੜਕੇ ਮਹਾਰਾਜ ਦੇ ਨਿਕਟਵਤੀ ਰਹਿਤੇ ਹੈਂ, ਅਰੁ ਫੇਰ ਭੀ ਅਉਤਾਰ ਧਾਰਤੇ ਹੈਂ, ਤਾਂ ਮਹਾਰਾਜ ਦੀ ਭਗਤਿ ਕਰਿ ਗਿਆਨ ਨੂੰ ਪ੍ਰਾਪਤ ਹੋ ਕੇ ਜਨਮੁ ਮਰਨੁ ਤੇ ਰਹਿਤ ਹੋਤੇ ਹੈਂ। ਜੇ ਸਹਿਕਾਂਮੀ ਹੋਤੇ ਹੈਨਿ ਤਾਂ ਪ੍ਰਿਥਮੇ ਸੁਰਗਾਂ ਨੂੰ ਭੋਗਤੇ ਹੈਨਿ। ਬਹੁੜੋ ਧਨਵਾਨ ਦੇ ਘਰ ਉਤਪਤ ਹੋ ਕੇ ਮੁਕਤ ਹੋਤੇ ਹੈਨਿ। ਜੇ ਨਿਹਕਾਮ ਹੋਵੈਂ ਤਾਂ ਫੇਰ ਸਾਧਾਂ ਸੰਤਾਂ ਦੇ ਘਰਿ ਅਉਤਾਰ ਲੈਕੇ ਫੇਰ ਭਗਤਿ ਨੂੰ ਲਗਦੇ ਹੈਨਿ, ਤਾਂ ਉਹਨਾਂ ਦਾ ਉਧਾਰੁ ਹੁੰਦਾ ਹੈ। ਏਹੋ ਉਪਾਸ਼ਨਾ ਦਾ ਫਲੁ ਹੋਤਾ ਹੈ। ਫੇਰ ਸਾਧ


www.sikhbookclub.com

ਸੰਗਤਿ ਨੂੰ ਪ੍ਰਾਪਤਿ ਹੁੰਦੇ ਹੈਨਿ। ਜੈਸੇ ਸੌਗਾਤ ਵਾਲਾ ਘੋੜਾ ਤੇ ਬਾਜ ਦੇਕੇ ਮੁਲਖ ਖਾਂਦਾ ਹੈ, ਤੈਸੇ ਉਹ ਭਜਨ ਕਰਕੈ ਸੁਖੀ ਰਹਿੰਦਾ ਹੈ। ਜੋ ਗਿਆਨੀ ਹੈਨਿ ਓਨਾਂ ਨੇ ਸਰੀਰਾਂ ਨੂੰ ਭੀ ਮਿਥਿਆ ਜਾਤਾ ਹੈ, ਤੇ ਕਰਮਾਂ ਨੂੰ ਭੀ ਝੂਠ ਜਾਤਾ ਹੈ। ਜੈਸੇ ਸੂਰਜ ਕੇ ਨਿਕਟਿ ਨਹੀਂ ਜਾਤਾ ਅੰਧਕਾਰ, ਤੈਸੇ ਓਨਾਂ ਦੇ ਨਿਕਟ ਕਰਮ ਨਹੀਂ ਜਾਤੇ, ਸਦਾ ਜੀਵਨ ਮੁਕਤਿ ਹੈਨਿ। ਤਾਂ ਓਨਾਂ ਅਰਦਾਸ ਕੀਤੀ: ਜੀ ਸੱਚੇ ਪਾਤਿਸਾਹਿ! ਉਨ੍ਹਾਂ ਦੇ ਪਾਪ ਪੁੰਨ ਭੋਗ ਦਿੱਤੇ ਬਿਨਾਂ ਕਹਾਂ ਜਾਤੇ ਹੈਨਿ? ਤੈਸੇ ਗਿਆਨੀ ਜੀਵਨ ਮੁਕਤਿ ਹੋਕੇ ਕੈਸੇ ਵਿਚਰਤੇ ਹੈਨਿ? ਭਾਈ ਕਹਿਆ: ਜੌਨਸੇ ਉਨਕੀ ਸੇਵਾ ਪੂਜਾ ਕਰਦੇ ਹੈਨਿ, ਤਾਂ ਓਨ੍ਹਾਂ ਦੇ ਪੁੰਨ ਲੈ ਕੇ ਸੁਖ ਭੋਗਤੇ ਹੈਨਿ, ਤੇ ਜੋ ਉਨ੍ਹਾਂ ਦੀ ਨਿੰਦਾ ਤੇ ਦੁਖਾਉ ਕਰਦੇ ਹੈਨਿ, ਓਨ੍ਹਾਂ ਦੇ ਪਾਪਾਂ ਨੂੰ ਲੈ ਕੇ ਨਰਕਾਂ ਦੇ ਦੁਖ ਭੋਗਤੇ ਹੈਨਿ। ਜੈਸੇ ਮੁਸਾਹਿਬ ਪਾਤਿਸਾਹਿ ਦੇ ਮੁਲਖ ਇਨਾਮੀ ਖਾਂਦੇ ਹੈਨਿ, ਤੈਸੇ ਗਿਆਨੀ ਜੀਵਨ ਮੁਕਤ ਹੋ ਕੇ ਵਿਚਰਤੇ ਹੈਨਿ॥੪੬॥

## ਸਾਖੀ ਹੋਰ ਚਲੀ {ਬਿਸ਼ਨੂ ਬੀਬੜਾ; ਸੁੰਦਰ}

**ਬਿਸਨੂ** ਬੀਬੜਾ ਤੇ ਸੁੰਦਰ ਮਾਛੀ ਗੁਰੂ ਅਰਜਨ ਜੀ ਦੇ ਹਜ਼ੂਰ ਆਏ: ਜੀ ਅਸਾਡਾ ਉਧਾਰੁ ਕੀਜੈ। ਬਚਨੁ ਹੋਇਆ: ਸੁੰਦਰ ਤੂੰ ਹਜੁਰ ਲਕੜੀਆਂ ਲਿਆਇਆ ਕਰ, ਨਾਲੇ ਪਾਣੀ ਦੀਆਂ ਮਸ਼ਕਾਂ ਲਿਆਇਆ ਕਰੁ, ਤੇ ਬਿਸਨੂੰ ਨੂੰ ਆਗਿਆ ਹੋਈ: ਪਿਛਲੀ ਰਾਤੀ ਪਾਣੀ ਗਰਮੁ ਕਰਕੇ ਸਿਖਾਂ ਨੂੰ ਇਸਨਾਨੁ ਕਰਾਇਆ ਕਰੁ, ਤੇ ਸਿਖਾਂ ਦੇ ਪੈਰਾਂ ਦੀ ਮੈਲ ਧੋਤਾ ਕਰ। ਤਾਂ ਓਨ੍ਹਾਂ ਦਾ ਉਧਾਰੁ ਏਸੇ ਕਰ ਹੋਇਆ॥੪੭॥

# ਪਉੜੀ ਬੀਸਵੀਂ ਚਲੀ॥੨੦॥

## ਸਿੱਖ ਨਾਮਾਵਲੀ

**ਜਟੂ ਭਾਨੂੰ ਤੀਰਥਾ ਚਾਇ ਚਈਲੇ ਚਢੇ ਚਾਰੇ।**
**ਸਣੇ ਨਿਹਾਲੇ ਜਾਣੀਅਹਿ ਸਨਮੁਖ ਸੇਵਕ ਗੁਰੂ ਪਿਆਰੇ।**
**ਸੇਖੜ ਸਾਧ ਵਖਾਣੀਅਹਿ ਨਾਊ ਭੂਲੂ ਸਿਖੁ ਸੁਚਾਰੇ।**
**ਜਟੂ ਭੀਵਾ ਜਾਣੀਅਹਿ ਮਹਾਂ ਪੁਰਖੁ ਮੂਲਾ ਪਰਵਾਰੇ।**
**ਚਤੁਰਦਾਸੁ ਮੂਲਾ ਕਪੂਰੁ ਹਾੜੂ ਗਾੜੂ ਵਿਜ ਵਿਚਾਰੇ।**
**ਫਿਰਣਾ ਬਹਿਲੁ ਵਖਾਣੀਐ ਜੇਠਾ ਚੰਗਾ ਕੁਲ ਨਿਸਤਾਰੇ।**
**ਵਿਸਾ ਗੋਪੀ ਤੁਲਸੀਆ ਭਾਰਦੂਆਜੀ ਸਨਮੁਖ ਸਾਰੇ।**
**ਵਡਾ ਭਗਤੁ ਹੈ ਭਾਈਅੜਾ ਗੋਇੰਦੁ ਘੇਈ ਗੁਰੂ ਦੁਆਰੇ।**
**ਸਤਿਗੁਰਿ ਪੂਰੇ ਪਾਰਿ ਉਤਾਰੇ॥੨੦॥**

## ਸਾਖੀ ਹੋਰ ਚਲੀ {ਜੱਟੂ ਭਾਨੂੰ ਆਦਿ}

**ਭਾਈ** ਜੱਟੂ, ਭਾਈ ਭਾਨੂੰ, ਭਾਈ ਤੀਰਥਾ ਤੇ ਭਾਈ ਨਿਹਾਲੂ ਚਾਰੇ ਜਾਤ ਦੇ ਚੱਢੇ ਗੁਰੂ ਅਰਜਨ ਜੀ ਦੇ ਹਜ਼ੂਰ ਆਏ ਤੇ ਅਰਦਾਸ ਕੀਤੀ: ਗਰੀਬ ਨਿਵਾਜ ਜੀ! ਇਕਥੇ ਤੇਰਾ ਬਚਨੁ ਹੈ, **"ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ"**{ਪੰਨਾ ੨੮੧} ਤੇ ਇਕਥੇ ਤੇਰਾ ਬਚਨੁ ਹੈ, **"ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥ ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥"**{ਪੰਨਾ ੭੦੬} ਜੇ ਆਪ ਹੀ ਕਰਦਾ ਕਰਾਂਵਦਾ ਹੈ ਤਾਂ ਅਸੀਂ ਭਾਵੈ ਕੁਝ ਕਰੀਐ ਅਸਾਨੂੰ ਕੀ ਦੋਸ ਹੈ? ਤੇ ਜੇ ਕਰਮਾਂ ਦਾ ਫਲੁ ਅਸਾਂ ਭੋਗਣਾ ਹੈ ਤਾਂ ਕਰਮੁ ਵੀ ਵੀਚਾਰਕੈ ਕੀਜੈ, ਅਸੀਂ ਕੌਨ ਬਚਨੁ ਮੰਨੀਐ? ਤਾਂ ਬਚਨੁ ਹੋਇਆ: ਗੁਰਾਂ ਦੇ ਗ੍ਰੰਥ ਜੀ ਵਿਚ ਸਭਨਾਂ ਅਧਿਕਾਰਾਂ ਦੇ ਵਚਨ ਹੈਨਿ ਤੇ ਗੁਰੂ ਕੇ ਸਿਖ ਭੀ ਸਭਨਾਂ ਅਧਿਕਾਰਾਂ ਦੇ ਹੈਨਿ; ਇਕ ਕਰਮਾਂ ਦੇ ਅਧਿਕਾਰੀ ਹੈਨਿ, ਇਕ ਉਪਾਸਨਾਂ ਦੇ ਅਧਿਕਾਰੀ ਹੈਨਿ; ਇਕ ਗਿਆਨ ਦੇ ਅਧਿਕਾਰੀ ਹੈਨਿ। ਤੇ ਜੇਹੜੇ ਤਾਂ ਕਰਮਾਂ ਦੇ ਅਧਿਕਾਰੀ ਹੈਨਿ ਉਨ੍ਹਾਂ ਪ੍ਰਤਿ ਤਾਂ

ਏਹੁ ਵਚਨ ਹੈਨਿ, **"ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ"**। **ਜੇਹੜੇ ਉਪਾਸਨਾ ਦੇ ਅਧਿਕਾਰੀ ਹੈਨਿ, ਓਨ੍ਹਾਂ ਪ੍ਰਤਿ ਏਹੁ ਵਚਨੁ ਹੈ: "ਮਾਰੈ ਰਾਖੈ ਏਕੋ ਆਪਿ"**। ਤੇ ਜੋ ਗਿਆਨ ਦੇ ਅਧਿਕਾਰੀ ਹੈਨਿ ਓਨ੍ਹਾਂ ਪ੍ਰਤਿ ਏਹੁ ਵਚਨੁ ਹੈ:- **"ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥"**{ਪੰਨਾ ੧੧} ਜੈਸੇ ਵੈਦ ਕੇ ਘਰ ਸਭ ਅਉਖਧ ਹੋਤੇ ਹੈਨਿ। ਗਰਮੀ ਦੇ ਤਾਪ ਦਾ, ਸਰਦੀ ਦੇ ਤਾਪ ਦਾ, ਕਫ ਦੇ ਤਾਪ ਦਾ ਅਉਖਧ ਭਿੰਨ ਭਿੰਨ ਹੋਤੇ ਹੈਂ। ਸਤਿ ਵੈਦ ਰੋਗੀ ਕੀ ਨਾਟਕਾ ਲਘੀ ਦੇਖ ਕਰਿ ਜੈਸਾ ਤਪੁ ਹੁੰਦਾ ਹੈ ਤੈਸਾ ਅਉਖਧ ਦੇਤੇ ਹੈਂ, ਤਾਂ ਰੋਗੀ ਕਾ ਰੋਗ ਕਟਿਆ ਜਾਤਾ ਹੈ। ਤੇ ਜੋ ਅਜਾਣੁ ਵੈਦ ਹੋਤਾ ਹੈ ਤਾਂ ਰੋਗ ਕਟਿਆ ਨਹੀਂ ਜਾਤਾ, ਰੋਗੁ ਔਰੁ ਹੋਤਾ ਹੈ ਅਰੁ ਔਖਧ ਔਰ ਕਰੇ ਹੈਂ। ਤੈਸੇ ਸੰਤ ਜਨਿ ਜੋ ਹੈਨਿ ਪੁਰਖ ਕੋ ਵਚਨਾ ਦੁਆਰੇ ਕਰਮਾਂ ਦੁਆਰੇ ਪਛਾਣਦੇ ਹੈਨਿ। ਰਸਨਾ ਦੁਆਰੇ ਪਛਾਣਦੇ ਹੈਨ। ਰਸਨਾ ਦੁਆਰੇ ਹਿਰਦੇ ਕਾ ਮਤੁ ਮਲੂੰਮ ਹੁੰਦਾ ਹੈ। ਜੈਸੇ ਨਾਟਕਾਂ ਦੁਆਰੇ ਰੋਗੀ ਕੀ ਪ੍ਰੀਖਿਆ ਹੁੰਦੀ ਹੈ ਤੈਸੇ ਕਰਮਾਂ ਦੁਆਰੇ ਮਨੁੱਖ ਕੀ ਪ੍ਰੀਖਿਆ ਹੁੰਦੀ ਹੈ। ਜੈਸੇ ਲਘੀ ਦੁਆਰੇ ਰੋਗੀ ਦੀ ਪ੍ਰੀਖਿਆ ਹੁੰਦੀ ਹੈ, ਤੈਸੇ ਸੰਤ ਜਨ ਜਗਿਆਸੀ ਦਾ ਅਗਿਆਨੁ ਕਟਦੇ ਹੈਨਿ। ਜੈਸੇ ਜਗਿਆਸੀ ਦਾ ਅਧਿਕਾਰੁ ਦੇਖਦੇ ਹੈਨਿ ਤੈਸੇ ਉਪਦੇਸ਼ ਦੇਂਦੇ ਹੈਨਿ। ਤਾਂ ਤੇ ਤੁਸੀਂ ਭਗਤਿ ਦੈ ਅਧਿਕਾਰੀ ਹੋ। ਸਦਾ ਭਜਨ ਸਿਮਰਨ ਕਰਨਾ ਤੇ ਸਿਖਾਂ ਦੀ ਟਹਿਲ ਕਰਿਆ ਕਰੋ। ਤਾਂ ਉਨ੍ਹਾਂ ਦਾ ਉਧਾਰੁ ਏਸੇ ਕਰਿ ਹੋਇਆ॥੪੮॥

## ਸਾਖੀ ਹੋਰ ਚਲੀ {ਭਾਈ ਨਾਊ, ਭੁੱਲੂ ਆਦਿ}

**ਭਾਈ** ਨਾਊ ਅਰੁ ਭਾਈ ਭੁੱਲੂ ਜਾਤ ਦੇ ਸੇਖੜ ਸਾਧ ਹੈਸਨਿ। ਭਾਈ ਜੱਟੂ ਜਾਤ ਦਾ ਭੀਵਾ ਹੈਸੀ। ਮੂਲਾ ਮਹਾਪੁਰਖ ਹੈਸੀ। ਸੋ ਚਾਰੇ ਗੁਰੂ ਅਰਜਨ ਜੀ ਦੀ ਸਰਨਿ ਆਏ। ਓਨ੍ਹਾਂ ਅਰਦਾਸ ਕੀਤੀ: ਜੀ ਗ਼ਰੀਬ ਨਿਵਾਜ! ਤੁਸਾਡੀ ਬਾਣੀ ਅਨੇਕ ਪ੍ਰਕਾਰ ਦੀ ਹੈ, ਤੇ ਤੁਸਾਡਾ ਬਚਨੁ ਹੈ ਆਪੋ ਆਪ ਦੇ ਅਧਿਕਾਰ ਮੂਜਬ ਬਾਣੀ ਪੜਣੀ ਰਿਦੇ ਵਿਚ ਧਾਰਨੀ। ਸੋ ਅਸੀਂ ਆਪਣਾ ਅਧਿਕਾਰੁ ਨਹੀਂ ਸਮਝ ਸਕਤੇ, ਜੋ ਅਸੀਂ ਕਿਸ ਅਧਿਕਾਰ ਦੇ ਹਾਂ? ਕਰਮ ਕਾਂਡ ਦੇ ਅਧਿਕਾਰੀ ਹਾਂ ਕਿ ਉਪਾਸਨਾਂ ਕਾਂਡ ਦੇ ਅਧਿਕਾਰੀ ਹਾਂ, ਕਿ ਗਿਆਨ ਕਾਂਡ ਦੇ ਅਧਿਕਾਰੀ ਹਾਂ? ਤਾਂ ਬਚਨੁ ਹੋਇਆ: ਜੇ ਸ਼ੁਭ ਬਚਨ ਸੁਣ ਕੇ ਮਨ

ਨੂੰ ਖੋਟੇ ਅਰੁ ਖਰੇ ਕਰਮ ਮਲੂਮ ਹੁੰਦੇ ਹੈਨਿ ਤੇ ਅਸੀਂ ਚਾਹੁੰਦੇ ਹਾਂ ਕਿ ਕਿਵੇਂ ਸੁਭ ਕਰਮ ਕਰੀਐ ਤੇ ਅਸ਼ੁਭ ਕਰਮ ਤਿਆਗੀਐ ਪਰੁ ਵਿਅਸਨੁ ਜੋ ਖੋਟਿਆਂ ਕਰਮਾਂ ਦਾ ਪਇਆ ਹੋਇਆ ਹੈ ਮਿਟਦਾ ਨਹੀਂ, ਤਾਂ ਜਾਣੀਐ ਜੋ ਅਸੀਂ ਕਰਮਾਂ ਦੇ ਅਧਿਕਾਰੀ ਹਾਂ; ਤਾਂ ਸਿਖਾਂ ਦੀ ਟਹਿਲ ਕੀਜੈ ਤੇ ਬਾਣੀ ਨੂੰ ਪ੍ਰੀਤ ਕਰਕੇ ਸੁਣੀਐ ਤੇ ਮਨ ਵਿਚ ਵਸਾਈਐ ਤੇ ਮਨ ਵਿਚੋ ਖੋਟ ਦੂਰਿ ਕੀਜੈ। ਤੇ ਜੇ ਜਾਣੀਐ ਸਬਦ ਨੂੰ ਸੁਣਕੇ ਖੋਟੇ ਕਰਮ ਮਿਟ ਜਾਵਨਿ ਤੇ ਕੋਈ ਬਿਰਲਾ ਹੀ ਰਹਿ ਜਾਵੈ ਤਾਂ ਜਾਣੀਐ ਜੋ ਅਸੀਂ ਉਪਾਸਨਾ ਦੇ ਅਧਿਕਾਰੀ ਹਾਂ, ਤਾਂ ਅੱਠੇ ਪਹਿਰ ਬਾਣੀ ਦਾ ਅਭਿਆਸੁ ਕਰਕੇ ਜੋ ਕੋਈ ਖੋਟਾ ਕਰਮੁ ਰਹਿੰਦਾ ਭੀ ਹੈ ਤਾਂ ਓਸ ਨੂੰ ਭੀ ਮਿਟਾਈਐ ਤੇ ਜੇ ਜਾਣੀਐ ਸਬਦ ਦੇ ਸਮਝਣ ਕਰਿ ਸੁਭ ਅਸੁਭ ਕਰਮ ਮਿਟਿ ਗਏ ਹੈਨਿ ਤੇ ਜਗਤ ਦੇ ਰਸਾਂ ਵੱਲੋਂ, ਅਸ਼ੁਭ ਕਰਮਾਂ ਵਲੋਂ ਰਿਦਾ ਫਿਰਿ ਖਲੋਤਾ ਹੈ, ਤਾਂ ਜਾਣੀਐ ਜੋ ਮੈਂ ਗਿਆਨ ਦਾ ਅਧਿਕਾਰੀ ਹੋਇਆ ਹਾਂ; ਤਾਂ ਆਪਣੇ ਅਧਿਕਾਰ ਮੂਜਬ ਜੋ ਕਰਮ ਅੰਗੀਕਾਰ ਕਰੋ ਤਾਂ ਤੁਸਾਡਾ ਕਲਿਆਣੁ ਹੋਵੈਗਾ। ਕਿਉਂ ਜੋ ਗੁਰੂ ਕੀ ਬਾਣੀ ਵਿਚ ਸਭੇ ਅਧਿਕਾਰ ਹੈਨ ਤੇ ਸਿਖ ਭੀ ਸਭਨਾਂ ਅਧਿਕਾਰਾਂ ਦੇ ਹੈਨਿ। ਤਾਂ ਤੇ ਜੇ ਸੰਤ ਮਿਲਦੇ ਹੈਨਿ ਤਾਂ ਅਧਿਕਾਰ ਮੂਜਬ ਉਪਦੇਸ਼ ਕਰਦੇ ਹੈਨਿ, ਨਹੀਂ ਤਾਂ ਏਸੇ ਪ੍ਰਕਾਰ ਆਪਣਾ ਅਧਿਕਾਰੁ ਸਮਝੀਏਗਾ। ਤਾਂ ਓਨ੍ਹਾਂ ਦੇ ਅਧਿਕਾਰ ਦੇ ਸਮਝਣ ਕਰਿ ਉਧਾਰੁ ਹੋਇਆ॥੪੯॥

## ਸਾਖੀ ਹੋਰ ਚਲੀ {ਚਤੁਰ ਦਾਸ ਮੂਲਾ ਆਦਿ}

**ਚਤੁਰ** ਦਾਸੁ ਤੇ ਮੂਲਾ ਕਪੂਰ ਜਾਤ ਦੇ ਹਾਡੂ ਤੇ ਗਾਡੂ ਗੁਰੂ ਅਰਜਨ ਜੀ ਦੇ ਹਜੂਰ ਆਏ। ਜੋ ਜਿਤਨੇ ਸੰਤਾਂ ਸਾਧਾਂ ਦਾ ਉਪਦੇਸੁ ਹੈ ਜੋ ਜਾਗ੍ਰਤ ਕਰਨੀ, ਭਜਨੁ ਕਰਨਾ: ਸੁਭ ਕਰਮਾਂ ਦਾ ਉਦਮੁ ਕਰਨਾ; ਤੇ ਗ੍ਰੰਥ ਜੀ ਵਿਚ ਸਲੋਕ ਹੈ- **"ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥"** {ਪੰਨਾ ੮੩} ਗਰੀਬ ਨਿਵਾਜ ਜੀ! ਇਸ ਬਚਨ ਦਾ ਤਾਤਪਰਯੁ ਇਉਂ ਜਾਣੀਦਾ ਹੈ ਜੋ ਸੁਤਿਆਂ ਭੀ ਦਾਤਿ ਪ੍ਰਾਪਤ ਹੁੰਦੀ ਹੈ ਤਾਂ ਉਦਮੁ ਕਿਉਂ ਕਰਨਾ ਹੈ ? ਤਾਂ ਬਚਨੁ ਹੋਇਆ: ਭਾਈ ਇਸ ਦਾ ਦੁਇ ਪ੍ਰਕਾਰ ਤਾਤਪਰਯ ਹੈ: ਇਕੁ ਤਾਂ ਜਾਗਦੇ ਭੀ ਦਾਤਿ ਦੇ ਨਾਲਿ ਹੈਨਿ ਤੇ ਸੁਤਿਆਂ ਨੂੰ ਭੀ ਉਠਾਲਿ ਮਿਲਦੀ ਹੈ; ਜੋ ਸਾਧ

ਸੰਗਤਿ ਵਿਚ ਆਵਨਿਗੇ ਤੇ ਪ੍ਰਸਾਦੁ ਵਰਤੇਗਾ ਤਾਂ ਜਾਗਦੇ ਭੀ ਲੈਨਗੇ ਤੇ ਸੁਤਿਆਂ ਨੂੰ ਭੀ ਉਠਾਇਕੇ ਮਿਲੇਗਾ, ਤੇ ਦੂਜਾ ਜੋ ਕਹਿਆ ਹੈ ਜੋ ਜਾਗਦੇ ਨਹੀਂ ਲੈਂਦੇ ਤੇ ਸੁਤਿਆਂ ਨੂੰ ਉਠਾਲਿ ਮਿਲਦੀ ਹੈ, ਏਸ ਦੇ ਭੀ ਦੁਇ ਅਰਥ ਹੈਨਿ। ਇਕੁ ਥਾਂ ਦੁਇ ਸਉਦਾਗਰ ਸੇ; ਓਨ੍ਹਾਂ ਸੁਣਿਆ ਭਲਕੇ ਜਹਾਜੁ ਤੁਰਨਾ ਹੈ, ਥਾਂ ਦੋਵੇਂ ਵਡੀ ਮਜਲ ਕਰਕੈ ਸਮੁੰਦਰ ਦੇ ਕੰਢੇ ਜਾਇ ਪ੍ਰਾਪਤ ਭਏ। ਇਕਿ ਤਾਂ ਵਿਚਿ ਜਹਾਜ ਦੇ ਚੜ ਬੈਠੇ ਤੇ ਇਕੁ ਕੰਢੇ ਤੇ ਉਤਰਿ ਪਏ ਕਿ ਜਿਸ ਵੇਲੇ ਜਹਾਜ ਤੁਰੇਗਾ ਤੇ ਢੋਲੁ ਵਜੇਗਾ ਅਸੀਂ ਤਾਂ ਚੜਾਂਗੇ। ਪਰ ਜਹਾਜੁ ਤੁਰ ਪਇਆ ਓਨ੍ਹਾਂ ਢੋਲੁ ਨਾ ਸੁਣਿਆ। ਜੌਨਸੇ ਜਹਾਜ਼ ਵਿਚ ਚੜੇ ਸੇ ਥਕੇ ਹੋਏ ਸਉਂ ਗਏ। ਪਰ ਵਾਪਾਰੀਆਂ ਓਨ੍ਹਾਂ ਨੂੰ ਉਠਾਲਿਕੇ ਸੌਦਾ ਕੀਤਾ ਤੇ ਜੋ ਨਹੀਂ ਸੋ ਚੜੇ ਤੇ ਜਾਗਦੇ ਰਹੇ ਸੋ ਓਹੁ ਸਖਣੇ ਹੀ ਉਠਿ ਤੁਰੇ। ਰਾਹਿ ਵਿਚ ਚੋਰਾਂ ਥੀਂ ਮੁਹਾਇ ਗਏ। ਤੈਸੇ ਜੋ ਸਾਧ ਸੰਗਤਿ ਵਿਚ ਆਇਕੇ ਬੈਠੇਗਾ ਤਾਂ ਪ੍ਰਸਾਦੁ ਸੁਤਿਆਂ ਨੂੰ ਭੀ ਜਗਾਇਕੈ ਮਿਲੇਗਾ, ਸਬਦੁ ਭੀ ਜਗਾਇਕੇ ਸੁਣੀਈਏਗਾ ਤੇ ਜੋ ਆਪਣੇ ਘਰ ਜਾਗਦੇ ਬੈਠੇ ਹੈਨਿ, ਨਾ ਪ੍ਰਸਾਦ ਲੈਣਗੇ ਨਾ ਸਬਦੁ ਸੁਣਨਗੇ। ਦੂਜਾ ਵਾਹਿਗੁਰੂ ਕੀ ਦਾਤਿ ਮਨਿ ਨੀਵੇਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ ਪਰੁ ਜੋ ਥੋੜਾ ਜੋਗ ਸ੍ਰਵਨ ਗਿਆਨ ਕਰਕੇ ਅਭਿਮਾਨ ਸਮੇਤ ਆਪ ਨੂੰ ਜਾਗਦਾ ਮੰਨਦਾ ਹੈ ਤੇ ਸਭ ਕਾਰਜ ਨਿਧੜਕ ਹੋ ਕੇ ਕਰਦਾ ਹੈ, ਸੋ ਵਾਹਿਗੁਰੂ ਕੀ ਦਾਤਿ ਨੂੰ ਨਹੀਂ ਪ੍ਰਾਪਤ ਹੁੰਦਾ ਤੇ ਜੋ ਅਗਿਆਨੀ ਹੈ ਤੇ ਜਗਿਆਸਾ ਓਸਨੂੰ ਹੋਈ ਹੈ ਤੇ ਨਿਤਾਪ੍ਰਤਿ ਸਾਧ ਸੰਗਤਿ ਵਿਚ ਜਾਇ ਬੈਠਤਾ ਹੈ ਤਾਂ ਅਗਿਆਨ ਦੀ ਨੀਂਦ ਗੁਰੂ ਤੇ ਸੰਤ ਉਸਦੀ ਦੂਰ ਕਰਤੇ ਹੈਨਿ ਤੇ ਸਰੂਪ ਦੇ ਲਾਭ ਨੂੰ ਪ੍ਰਾਪਤ ਹੁੰਦਾ ਹੈ। ਜੈਸੇ ਵਾਪਾਰੀ ਨਿਤ ਲਾਹਾ ਖੱਟਦਾ ਹੈ ਤਾਂ ਧਨੀ ਹੋ ਜਾਂਦਾ ਹੈ, ਤੈਸੇ ਜੋ ਮਨੁ ਨੀਵਾਂ ਕਰਕੇ ਨਿਤ ਸਾਧ ਸੰਗਤਿ ਕਰਦਾ ਹੈ ਤਾਂ ਓਸ ਨੂੰ ਗਿਆਨੁ ਪ੍ਰਾਪਤ ਹੁੰਦਾ ਹੈ। ਤਾਂ ਓਨ੍ਹਾਂ ਦਾ ਮਨੁ ਨੀਵਾਂ ਤੇ ਸਾਧ ਸੰਗਤਿ ਕਰਨਿ ਤੇ ਉਧਾਰੁ ਹੋਇਆ॥੫੦॥

## ਸਾਖੀ ਹੋਰ ਚਲੀ {ਫਿਰਣਾ, ਜੇਠਾ, ਚੰਗਾ}

**ਭਾਈ** ਫਿਰਣਾ ਬਹਿਲੁ ਤੇ ਭਾਈ ਜੇਠਾ ਤੇ ਭਾਈ ਚੰਗਾ ਹਜੂਰ ਗੁਰੂ ਅਰਜਨ ਜੀ ਦੇ ਆਏ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਕਈ ਰਾਮ ਦਾ ਨਾਮ ਜਪਦੇ ਹੈਨ, ਕਈ ਕਿਸ਼ਨ ਜਪਦੇ ਹੈਨ, ਕਈ ਓਅੰ ਜਪਦੇ ਹੈਨ, ਕੇਈ ਸੋਹੰ ਜਾਪ ਜਪਦੇ ਹੈਨਿ ਤੇ ਅਸਾਨੂੰ ਬਚਨ ਹੈ ਜੋ ਵਾਹਿਗੁਰੂ ਦਾ ਜਾਪੁ ਜਪਣਾ, ਕ੍ਰਿਪਾ

ਕਰਕੈ ਬਚਨੁ ਹੋਵੈ ਕੌਨਸਾ ਨਾਮੁ ਜਪੀਐ? ਤਾਂ ਬਚਨ ਹੋਇਆ: ਨਦੀ ਤੇ ਨਾਵਾਂ ਜਿਤਨੀਆਂ ਹੈਨਿ ਸਭ ਪਾਰ ਉਤਾਰਨ ਵਾਲੀਆਂ ਹੈਨਿ, ਪਰੁ ਜੋ ਕਿਸੇ ਬੇੜੀ ਤੇ ਚੜਦਾ ਹੈ ਓਸ ਨੂੰ ਓਸੇ ਨਾਲਿ ਪਰੋਜਨ ਹੈ, ਤੈਸੇ ਮਹਾਰਾਜ ਦੇ ਨਾਮ ਸਭੇ ਉਧਾਰਨਿ ਜੋਗ ਹੈਨਿ ਪਰੁ ਜੋ ਆਪਿ ਗੁਰਾਂ ਨੇ ਸਿਖਾਂ ਨੂੰ ਉਪਦੇਸ ਕੀਤਾ ਹੈ ਉਸ ਕਾ ਉਧਾਰ ਓਸੇ ਕਰਕੇ ਹੈ। ਤੁਸਾਡੇ ਵਾਸਤੇ ਗੁਰੂ ਨਾਨਕ ਜੀ ਨੇ ਨੌ ਜੁਗ ਵਾਸਦੇਵ ਦਾ ਤਪ ਕਰਕੈ ਉਸਥੀਂ 'ਵਵਾ' ਲੀਤਾ ਹੈ ਤੇ ਨੌ ਜੁਗ ਹਰਿ ਕਾ ਜਪਿ ਕਰਿਕੈ ਉਸ ਥੀਂ 'ਹਾਹਾ' ਲੀਤਾ ਹੈ ਤੇ ਨੌ ਜੁਗ ਗੋਬਿੰਦ ਦਾ ਜਪੁ ਕਰਕੈ ਉਸ ਥੀਂ 'ਗਗਾ' ਲੀਤਾ ਹੈ ਤੇ ਨੌ ਜੁਗ ਰਾਮ ਦਾ ਜਪੁ ਕਰਕੈ ਉਸਥੀਂ 'ਰਾਰਾ' ਲੀਤਾ ਹੈ। ਏ ਚਾਰ ਅਖਰ ਇਕਠੇ ਕਰਕੇ 'ਵਾਹਿਗੁਰੂ' ਦਾ ਜਾਪੁ ਕੀਤਾ ਹੈ ਤੇ ਛੱਤੀ ਜੁਗਾਂ ਦਾ ਫਲੁ ਏਨਾ ਚਹੁੰ ਅੱਖਰਾਂ ਵਿਚ ਰਖਿਆ ਹੈ। ਇਕ ਮਨਿ ਹੋਕੇ ਜੋ 'ਵਾਹਿਗੁਰੂ' ਦਾ ਜਾਪੁ ਜਪਣਗੇ ਸੋ ਉਨ੍ਹਾਂ ਦਾ ਜਨਮ ਮਰਨ ਕਟੀਐਗਾ। ਤਾਂ ਉਨ੍ਹਾਂ ਦਾ ਵਾਹਿਗੁਰੂ ਦੇ ਜਾਪ ਕਰਨ ਤੇ ਓਨ੍ਹਾਂ ਦੇ ਕੁਲਾਂ ਦਾ ਉਧਾਰੁ ਹੋਇਆ॥੫੧॥

## ਸਾਖੀ ਹੋਰ ਚਲੀ {ਭਾਈ ਵੇਸਾ ਗੋਪੀ ਆਦਿ}

**ਭਾਈ** ਵੇਸਾ ਤੇ ਭਾਈ ਗੋਪੀ ਤੇ ਭਾਈ ਤੁਲਸੀਆ ਭਾਰਦੁਆਜ ਬ੍ਰਾਹਮਣ ਤੇ ਭਾਈ ਭੀਅੜਾ ਹਜ਼ੂਰਿ ਗੁਰੂ ਅਰਜਨ ਜੀ ਦੇ ਆਏ ਤੇ ਅਰਦਾਸ ਕੀਤੀ ਜੋ ਇਕ ਥੇ ਨਾਮਦੇਵ ਦਾ ਬਚਨੁ ਹੈ: **"ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥ ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥"**{ਪੰਨਾ ੮੭੫} ਤੇ ਬਹੁੜੋ ਉਸੇ ਨਾਮਦੇਵ ਦਾ ਬਚਨੁ ਹੈ:- **"ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ"**{ਪੰਨਾ ੬੭੩} ਤਾਂ ਪਹਿਲਾ ਬਚਨੁ ਸੁਣਕੈ ਔਤਾਰਾਂ ਦੀ ਨਿੰਦਾ ਹੁੰਦੀ ਹੈ, ਤੇ ਦੂਜੇ ਬਚਨਿ ਕਰਿ ਉਪਮਾਂ ਹੁੰਦੀ ਹੈ, ਕਿਉਂ ਕਰਿ ਸਮਝੀਐ ਜੀ? ਤਾਂ ਬਚਨੁ ਹੋਇਆ : ਜੋ* ਇਕ ਸਰਗੁਣ ਦੀ ਉਪਾਸਨਾ ਹੈ, ਇਕੁ ਨਿਰਗੁਣ ਦੀ ਉਪਾਸਨਾ ਹੈ। ਜੈਸੇ ਸਮੁੰਦ੍ਰ ਦੇ ਉਪਰਿ ਕੋਈ ਜਾਵੈ ਤਾਂ ਕਈ ਲਹਿਰਾਂ ਉਸ ਦੇ ਵਿਚੋਂ ਨਿਕਲਦੀਆਂ ਹੈਨਿ ਤੇ ਜੇ ਨਦੀ ਤੇ ਕੋਈ ਜਾਵੈ ਤਾਂ ਏਹਾ ਨਦੀ

---

* ਇਹ ਦੋ ਅੱਖਰ ਨਵੇਂ ਪਾਏ ਹਨ।

ਸਮੁੰਦ੍ਰ ਹੈ, ਏਹਾ ਜਲ ਰੂਪ ਹੈ, ਤੈਸੇ ਸੋਈ ਮਹਾਰਾਜ ਔਤਾਰ ਹੋ ਵਰਤੇ ਹੈਨਿ, ਸੋਈ ਸੰਤ ਸਤਿ ਚਿਤ ਆਨੰਦ ਰੂਪ ਹੋਇਕੇ ਸਭਸ ਨੂੰ ਸੱਤਾ ਦੇ ਰਹੇ ਹੈਨਿ। ਬਹੁੜੋ ਪੰਡਤ ਲੋਕ ਜੋ ਗਿਆਨ ਥੀਂ ਰਹਿਤ ਹੈਨਿ ਤੇ ਸਰਗੁਣ ਦੀ ਪੂਜਾ ਕਰਦੇ ਹੈਨਿ ਤੇ ਸਾਧਾਂ ਸੰਤਾਂ ਦੇ ਨਾਲਿ ਦ੍ਵੈਖ ਕਰਦੇ ਹੈਨਿ, ਤਾਂ ਓਨ੍ਹਾਂ ਦੇ ਪਰਥਾਇ ਕਰਕੈ ਕਹਿਆ ਹੈ ਜੇ ਦੇਹ ਧਾਰੇ ਦਾ ਧਰਮੁ ਹੈ, ਸੋ ਦੁਖ ਸੁਖ ਹੁੰਦਾ ਹੈ ਪਰੁ ਗਿਆਨੀ ਜੇਹਾ ਸਰੀਰ ਨੂੰ ਝੂਠ ਜਾਣਦੇ ਹੈਨਿ ਤੇਹਾ ਦੁਖ ਸੁਖ ਨੂੰ ਝੂਠ ਜਾਣਦੇ ਹੈਨਿ। ਏਕ ਲੱਖਜ ਦੇ ਉਪਾਸਕ ਹੈਨ, ਏਕ ਵਾਚ ਕੇ ਉਪਾਸਕ ਹੈਨਿ। ਲੱਖਜ ਦੇ ਉਪਾਸਕ ਸਭਸ ਵਿਚ ਅਕਾਲ ਪੁਰਖ ਦੀ ਸਤਾ ਜਾਣਦੇ ਹੈਨਿ, ਕਿਸੇ ਨਾਲਿ ਵੈਰ ਵਿਰੋਧ ਨਹੀਂ ਕਰਦੇ ਤੇ ਵਾਚ ਦੇ ਉਪਾਸਕ ਕਿਸ਼ਨ ਦੇ ਉਪਾਸਕ ਰਾਮ ਨਾਲਿ ਦ੍ਵੈਖ ਕਰਦੇ ਹੈਨਿ ਤੇ ਰਾਮ ਦੇ ਉਪਾਸਕ ਕਿਸ਼ਨ ਨਾਲਿ ਦ੍ਵੈਖ ਕਰਦੇ ਹੈਨਿ। ਤੁਸਾਂ ਲੱਖਜ ਦੇ ਉਪਾਸਕ ਹੋਣਾ ਹੈ ਤੇ ਨਿਰਵੈਰ ਹੋਵਣਾ। ਤਾਂ ਉਨ੍ਹਾਂ ਦਾ ਉਧਾਰ ਏਸੇ ਕਰ ਹੋਯਾ॥੫੨॥

## ਪਉੜੀ ਇਕੀਸਵੀਂ ਚਲੀ॥੨੧॥

### ਸੁਲਤਾਨ ਪੁਰੀਏ ਸਿੱਖ

ਕਾਲੂ ਚਾਊ ਬੰਮੀਆ ਮੂਲੇ ਨੋ ਗੁਰੁ ਸਬਦੁ ਪਿਆਰਾ।
ਹੇਮਾ ਵਿਚਿ ਕਪਾਹੀਆ ਗੋਵਿੰਦੁ ਘੇਈ ਗੁਰ ਨਿਸਤਾਰਾ।
ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲ ਤਿਸੁ ਭਾਰਾ।
ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕੁ ਸਾਰਾ।
ਛਜੂ ਭਲਾ ਜਾਣੀਐ ਮਾਈ ਦਿਤਾ ਸਾਧੁ ਵਿਚਾਰਾ।
ਤੁਲਸਾ ਵਹੁਰਾ ਭਗਤੁ ਹੈ ਦਾਮੋਦਰੁ ਆਕੁਲ ਬਲਿਹਾਰਾ।
ਭਾਨਾ ਆਵਲ ਵਿਗਹਮਲੁ ਬੁਧੂ ਛੀਂਬਾ ਗੁਰ ਦਰਬਾਰਾ।
ਸੁਲਤਾਨ ਪੁਰਿ ਭਗਤਿ ਭੰਡਾਰਾ॥੨੧॥

### ਸਾਖੀ ਹੋਰ ਚਲੀ {ਚਾਊ, ਬੰਮੀ ਆਦਿ}

**ਸੁਲਤਾਨਪੁਰ** ਦੀ ਵਾਸੀ ਦੇ ਸਿਖ ਚਾਊ ਤੇ ਬੰਮੀ ਮੂਲਾ ਤੇ ਭਾਈ ਹੇਮਾ ਕਪਾਹੀ ਤੇ ਭਾਈ ਗੋਬਿੰਦ ਘੇਈ ਤੇ ਭਿੱਖਾ ਟੋਡਾ ਭਟ ਤੇ ਭਾਈ ਧਾਰੋ ਸੂਰਮਾ ਤੇ ਭਾਈ ਰਾਮੂ ਕੋਹਲੀ ਤੇ ਭਾਈ ਨਿਹਾਲੂ ਤੇ ਭਾਈ ਛੱਜੂ ਭਲਾ ਤੇ ਸਾਈਂ ਦਿਤਾ ਤੇ ਭਾਈ ਤੁਲਸਾ ਵਹੁਰਾ ਤੇ ਭਾਈ ਦਮੋਦਰ ਤੇ ਭਾਈ ਅਕਾਲੂ ਤੇ ਭਾਈ ਬੁਧੋ ਛੀਂਬਾ ਹੋਰੁ ਸਭ ਵਾਸੀ ਸੁਲਤਾਨਪੁਰ ਦੇ ਗੁਰੂ ਅਰਜਨ ਜੀ ਦੇ ਹਜੂਰਿ ਆਏ, ਤੇ ਅਰਦਾਸ ਕੀਤੀ: ਜੀ ਅਸੀਂ ਤੀਸਰੀ ਪਾਤਿਸਾਹੀ ਦੇ ਸਿਖ ਹੋਏ ਹਾਂ ਤੇ ਅਸਾਨੂੰ ਬਚਨੁ ਹੋਇਆ ਸੀ, ਤੁਸਾਂ ਧਰਮ ਦੀ ਕਿਰਿਤ ਕਰਕੇ ਸਿਖਾਂ ਦੀ ਸੇਵਾ ਕਰਨੀ ਤੇ ਮਨ ਨੀਵਾਂ ਕਰਨਾ ਤੇ ਮਿੱਠਾ ਬੋਲਣਾ, ਤੇ ਪਿਛਲੀ ਰਾਤ ਇਸਨਾਨੁ ਕਰਕੈ ਤੇ ਸਬਦੁ ਪੜਨਾ, ਝਲਾਂਘੇ ਗ੍ਰੰਥ ਜੀ* ਦੀ ਬਾਣੀ ਪੜਿਕੈ ਕਿਰਤ ਨੂੰ ਲਗਣਾ। ਸੋ ਅਸੀਂ ਏਸੇ ਪ੍ਰਕਾਰ ਵਰਤਦੇ ਹਾਂ, ਪਰੁ ਅਸਾਡੇ ਮਨ ਨੂੰ ਸਾਂਤਿ ਨਹੀਂ ਆਂਵਦੀ। ਤੁਸੀਂ ਕ੍ਰਿਪਾ ਕਰਕੈ ਐਸਾ ਉਪਦੇਸ ਕਰੋ ਜੋ

* ਏਥੇ ਵੀ ਲਿਖਾਰੀ ਜੀ ਦੀ ਭੁੱਲ ਪ੍ਰਤੀਤ ਦੇਂਦੀ ਹੈ।


www.sikhbookclub.com

ਸਾਡੇ ਮਨ ਨੂੰ ਸਾਂਤਿ ਆਵੈ। ਤਾਂ ਬਚਨੁ ਹੋਇਆ: ਭਾਈ! ਜੌ ਲਗ ਤੁਸੀਂ ਰਾਜਸੀ ਤਾਮਸੀ ਗੁਣਾਂ ਨੂੰ ਤਿਆਗ ਨ ਕਰੋਗੇ, ਤੇ ਸਾਂਤਕੀ ਗੁਣ ਵਰਤਾਵੋਗੇ ਨਹੀਂ, ਤੌ ਲਗ ਸਾਂਤਿ ਕਿਉ ਕਰ ਆਵੈ? ਤਾਂ ਓਨ੍ਹਾਂ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ! ਅਸੀਂ ਗੁਣਾਂ ਦੀ ਪ੍ਰੀਖਿਆ ਕਿਉਂ ਕਰਿ ਕਰੀਐ? ਤਾਂ ਬਚਨੁ ਹੋਇਆ: ਜੋ ਹਿੰਸਾ ਔ ਕ੍ਰੋਧੁ ਕਰਤੇ ਹੈਨਿ ਸੋ ਤਾਮਸੀ ਹੈਨਿ। ਅਰੁ ਜੋ ਲੋਭੁ ਤੇ ਅਭਿਮਾਨੁ ਕਰਤੇ ਹੈਨਿ ਸੋ ਰਾਜਸੀ ਹੈਨਿ। ਅਰੁ ਜੋ ਮਿੱਠਾ ਬੋਲਣਾ ਤੇ ਨਿੰਮ੍ਰਤਾ ਕਰਦੇ ਹੈਨਿ ਸੋ ਸਾਂਤਕੀ ਹੈਨਿ। ਤਾਂ ਓਨਾਂ ਪੁਛਿਆ: ਏਹ ਤ੍ਰੈ ਗੁਣ ਕੌਣ ਸੇ ਅਹਾਰ ਥੀਂ ਉਤਪਤਿ ਹੁੰਦੇ ਹੈਨਿ? ਤਾਂ ਬਚਨੁ ਹੋਯਾ: ਤਾਮਸੀ ਗੁਣ ਬਾਸੀ ਅਹਾਰ ਖਾਵਣ ਕਰ ਤੇ ਤੁਰਨੇ ਕਰਿ, ਤੇ ਬਹੁਤਾ ਸੌਣੇ ਕਰਿ ਅਰੁ ਮੈਲੇ ਭੇਸ ਹੁੰਦਾ ਹੈ। ਅਰ ਰਾਜਸੀ ਗੁਣ ਮਿਠੇ ਤੇ ਸਲੂਣੇ ਖਾਵਣਿ ਕਰਿ, ਅਰ ਇਸਤ੍ਰੀ ਦੇ ਭੋਗ ਕਰਿ, ਅਰੁ ਆਪ ਨੂੰ ਚੰਗਾ ਕਹਾਵਣ ਕਰਿ ਹੁੰਦਾ ਹੈ। ਅਰੁ ਸਾਂਤਕੀ ਗੁਣ ਇਸਨਾਨ ਕਰ, ਦਾਲ ਚਾਵਲ ਕਰਿ, ਖਿਚੜੀ ਕਰ, ਅਲਪ ਅਹਾਰ ਕਰ, ਬਸਤ੍ਰ ਉੱਜਲ ਰਖਣ ਕਰ ਹੁੰਦਾ ਹੈ। ਏਨ੍ਹਾਂ ਦੀ ਏਹ ਪਰੀਖਿਆ ਹੈ। ਜੇ ਸਬਦ ਦੇ ਸਨਮੁਖਿ ਨੇੜੇ ਤੇ ਸ੍ਰਵਣ ਰਖੀਐ ਜੇ ਤਾਂ ਜਿਉਂ ਦੀ ਤਿਉਂ ਸਮਝ ਆਵੇ ਤੇ ਮਨੁ ਡੋਲੈ ਨਹੀਂ ਤਾਂ ਸਾਂਤਕੀ ਗੁਣ ਜਾਣੀਐ ਤੇ ਜੇ ਮਨੁ ਕਿਸੇ ਸਮੇਂ ਠਹਿਰਾਵੈ ਕਿਸੇ ਸਮੇਂ ਡੋਲ ਜਾਵੈ ਤਾਂ ਰਾਜਸੀ ਗੁਣ ਹੈ। ਜੇ ਸਦਾ ਡੋਲਿਆ ਰਹੇ, ਸਮਝੇ ਕਿਛੁ ਨਹੀਂ ਏਹੁ ਤਾਮਸੀ ਗੁਣ ਹੈ। ਇਕਾਗਰ ਬ੍ਰਿਤਿ ਸਾਂਤਕੀ ਕਰ ਹੁੰਦੀ ਹੈ, ਤਾਂ ਗਿਆਨ ਪ੍ਰਾਪਤ ਹੁੰਦਾ ਹੈ। ਭਾਈ ਧਾਰੋ! ਇਕ ਸੂਰਮੇ ਬਾਹਰਿ ਦੇ ਵੈਰੀਆਂ ਨੂੰ ਜਿਤਦੇ ਹੈਨਿ; ਇਕ ਮਨ ਰੂਪੀ ਵੈਰੀ ਨੂੰ ਜਿਤਦੇ ਹੈਨ, ਜੋ ਬਾਹਰਿ ਦੇ ਵੈਰੀਆਂ ਨੂੰ ਜਿਤਦੇ ਹੈਨਿ ਓਨ੍ਹਾਂ ਦਾ ਜਸੁ ਢਾਢੀ ਗਾਂਵਦੇ ਹੈਨਿ, ਜੋ ਮਨ ਰੂਪੀ ਵੈਰੀ ਨੂੰ ਜਿਤਦੇ ਹੈਨਿ ਓਨਾਂ ਦਾ ਜਸੁ ਸੰਤ ਗਾਂਵਦੇ ਹੈਨਿ। ਭਾਈ ਸਾਈਂ ਦਿਤਾ! ਸਾਧ ਓਹੁ ਹੈਨਿ ਜੋ ਇੰਦ੍ਰੀਆਂ ਨੂੰ ਸਾਧੇ। ਭਾਈ ਤੁਲਸਾ! ਭਗਤੁ ਸੋ ਹੈ ਜਿਸ ਦਾ ਸੁਆਸ ਰਾਮ ਨਾਮ ਬਿਨਾਂ ਬਿਰਥਾ ਨਾ ਜਾਵੈ। ਤੁਸਾਂ ਸਾਂਤਕੀ ਗੁਣ ਵਿਚ ਵਰਤਣਾ; ਤੁਸਾਂ ਨੂੰ ਸਾਂਤਿ ਆਵੈਗੀ। ਪਿਛਲੀ ਰਾਤਿ ਜਗਤ ਦੇ ਮਹਾਂ ਮੋਹ ਦਾ ਜਾਲੁ ਪੌਂਦਾ ਹੈ ਤੇ ਵਾਹਿਗੁਰੂ ਦੇ ਸਿਖ ਜਾਗਦੇ ਹੈਨਿ ਤੇ ਆਪਣੇ ਦੇਸ ਵਿਚ ਕੋਈ ਥੁੜਿਆ ਹੋਇਆ ਅੰਨਿ ਬਸਤ੍ਰ ਦਾ ਕਿਸੈ ਕਾਮਨਾ ਦਾ ਆਵੈ, ਤਾਂ ਉਸ ਦੀ ਕਾਮਨਾ ਇਕੁ ਪੂਰੀ ਕਰਿ ਸਕੇ ਤਾਂ ਇਕਸ ਹੀ ਪੂਰੀ ਕਰ ਦੇਵਣੀ; ਨਹੀਂ ਤਾਂ ਸਭਨਾ

ਮਿਲ ਕੇ ਅਰਦਾਸ ਕਰਕੇ ਉਸ ਦੀ ਕਾਮਨਾ ਪੂਰੀ ਕਰਿ ਦੇਵਣੀ। ਜੋ ਸਾਧ ਸੰਗਤਿ ਇੰਦ੍ਰ ਦੀ ਬਰਖਾ ਨਿਆਈਂ ਨੀਵੀਂ ਹੋਇਕੈ ਬਰਖਾ ਕਰਦੀ ਹੈ, ਤਾਂ ਸਭ ਕਾਮਨਾ ਪੂਰੀਆਂ ਹੁੰਦੀਆਂ ਹੈਨ ਤੇ ਦੁਇ ਵੇਲੇ ਤਿੰਨ ਵੇਲੇ ਸਭਣਾਂ ਧਰਮਸਾਲਾ ਆਵਣਾ ਤੇ ਵੈਸਾਖੀ ਤੇ ਦੀਪ ਮਾਲਾ ਹਜੂਰ ਦਰਸਨ ਨੂੰ ਆਵਣਾ। ਅੰਮ੍ਰਿਤਸਰ ਜੀ ਦਾ ਇਸਨਾਨੁ ਕਰਣਾ ਤੇ ਗੁਰੂ ਕਾ ਦਰਸਨੁ ਕਰਣਾ। ਸੁਲਤਾਨਪੁਰ ਮੇਰਾ ਭਗਤਿ ਭੰਡਾਰ ਹੈ॥੫੩॥


www.sikhbookclub.com

# ਪਉੜੀ ਬਾਈਸਵੀਂ ਚਲੀ॥੨੨॥

## ਮਸੰਦ ਸਿਖ

**ਦੀਪਕੁ ਦੀਪਾ ਕਾਸਰਾ ਗੁਰੂ ਦੁਆਰੈ ਹੁਕਮੀ ਬੰਦਾ।**
**ਪਟੀ ਅੰਦਰਿ ਚਉਧਰੀ ਢਿਲੋਂ ਲਾਲੂ ਲੰਗਾਹੁ ਸੁਹੰਦਾ।**
**ਅਜਬੁ ਅਜਾਇਬੁ ਸੰਙਿਆ ਉਮਰਸਾਹੁ ਗੁਰ ਸੇਵ ਕਰੰਦਾ।**
**ਪੈੜਾ ਛਜਲੁ ਜਾਣੀਐ ਕੰਦੂ ਸੰਘਰੁ ਮਿਲੈ ਹਸੰਦਾ।**
**ਪੁਤ ਸਪੁਤੁ ਕਪੂਰਿ ਦੇਉ ਸਿਖੇ ਮਿਲਿਆ ਮਨਿ ਵਿਗਸੰਦਾ।**
**ਸੰਮਣੁ ਹੈ ਸਾਹਬਾਜ ਪੁਰਿ ਗੁਰ ਸਿਖਾਂ ਦੀ ਸਾਰ ਲਹੰਦਾ।**
**ਜੋਧਾ ਜਲੋ ਤੁਲਸ ਪੁਰਿ ਮੋਹਣ ਆਲਮੁ ਰੰਜਿ ਰਹੰਦਾ।**
**ਗੁਰਮੁਖਿ ਵਡਿਆ ਵਡੇ ਮਸੰਦਾ॥੨੨।**

## ਸਾਖੀ ਹੋਰ ਚਲੀ {ਭਾਈ ਦੀਪਾ ਕਾਸਰਾ}

**ਭਾਈ** ਦੀਪਾ ਕਾਸਰਾ ਗੁਰੂ ਅਰਜਨ ਜੀ ਦੇ ਹਜ਼ੂਰਿ ਸਦਾ ਰਹੇ ਤੇ ਗੁਰਾਂ ਦੀ ਸੇਵਾ ਟਹਿਲ ਕਰੇ ਤੇ ਜੋ ਸਿਖ ਦਰਸਨਿ ਨੂੰ ਆਵਨਿ ਤਿਨ੍ਹਾਂ ਦੇ ਕਾਰਨਿ ਛਤੀ ਅੰਮ੍ਰਿਤ ਉਤਮ ਪ੍ਰਸਾਦੁ ਕਰਿਕੈ ਛਕਾਵੈ ਤੇ ਆਪ ਓਨਾਂ ਦੀ ਜੂਠ ਲੈ ਕੇ ਖਾਵੈ ਤੇ ਸਿਖਾਂ ਦੇ ਪੈਰ ਝਾਵੇਂ ਨਾਲ ਗਰਮ ਪਾਣੀ ਨਾਲਿ ਧੋਵੈ ਤੇ ਥੱਕੇ ਸਿਖ ਨੂੰ ਚਾਂਪੀ ਕਰੈ ਤੇ ਨੰਗੇ ਨੂੰ ਚੁਪ ਕੀਤਾ ਬਸਤ੍ਰ ਉਪਰਿ ਪਾਇ ਜਾਵੈ, ਤੇ ਸਬਦ ਦੀ ਚਰਚਾ ਕਰੈ। ਬਚਨੁ ਹੋਇਆ ਜੈਸੇ ਦੀਪਕ ਪ੍ਰਕਾਸੇ ਹੋਏ ਸੇ ਹੋਰੁ ਦੀਪਕ ਪ੍ਰਕਾਸਤੇ ਹੈਨਿ ਤੇ ਅੰਧਕਾਰ ਦੂਰ ਹੋ ਜਾਂਦਾ ਹੈ ਤੈਸੇ ਮੈਂ ਭਾਈ ਦੀਪੇ ਨੂੰ ਗਿਆਨ ਦਾ ਦੀਪਕ ਪ੍ਰਕਾਸ ਕੀਤਾ ਹੈ, ਜੋ ਇਸ ਨੂੰ ਮਿਲੇਗਾ ਓਸ ਦੇ ਵਿਚ ਗਿਆਨੁ ਪ੍ਰਕਾਸੇਗਾ॥੫੪॥

## ਸਾਖੀ ਹੋਰ ਚਲੀ {ਭਾਈ ਲਾਲਾ, ਲੰਗਾਹ}

**ਭਾਈ** ਲਾਲਾ ਤੇ ਲੰਗਾਹ ਚੌਧਰੀ ਪਟੀ ਦੇ ਜਾਤ ਦੇ ਢਿੱਲੋਂ ਹੈਸਨਿ॥ ਗੁਰੂ ਅਰਜਨ ਜੀ ਦੇ ਹਜ਼ੂਰ ਆਏ। ਤਬ ਅੰਮ੍ਰਿਤਸਰੁ ਤਈਆਰੁ ਹੁੰਦਾ ਸੀ, ਤਾਂ ਓਨ੍ਹਾਂ ਆਪਣੀ ਪ੍ਰੀਤ ਨਾਲਿ ਸਾਥ ਹੀ ਮਾਇਆ ਲਾਵਨਿ; ਸਾਥ ਹੀ ਆਪ

ਸਰੀਰ ਕਰਕੇ ਕਾਰ ਦੀ ਸੇਵਾ ਕਰਨਿ। ਤਾਂ ਬਚਨੁ ਹੋਇਆ ਜੋ ਇਕੁ ਪੋਟ ਕਾਰ ਦੀ ਕਢੈਗਾ ਓਸਦੇ ਸਭ ਕੁਲਾਂ ਦਾ ਉਧਾਰੁ ਹੋਵੇਗਾ। ਜੋ ਗਡਾ ਮਾਤ੍ਰ ਕਢੇਗਾ ਤਿਸਦੇ ਪਿਛੇ ਸਭਸ ਦਾ ਉਧਾਰੁ ਹੋਵੈਗਾ। ਜੋ ਪੌੜੀਆਂ ਦੇ ਉਸਾਰਣ ਦਾ ਉਦਮੁ ਕਰੈਗਾ, ਓਸਦੀ ਗੁਰਾਂ ਦੇ ਦਰਬਾਰਿ ਅਬਿਚਲ ਨੀਵ ਉਸਰੇਗੀ। ਏਹ ਅੰਮ੍ਰਿਤਸਰੁ ਮੈਂ ਮਾਨਸਰੋਵਰ ਕੀਤਾ ਹੈ ਤੇ ਹਰਿਮੰਦਰ ਜੀ ਮੈਂ ਜਹਾਜੁ ਕੀਤਾ ਹੈ। ਜੋ ਇਸਨਾਨ ਕਰੇਗਾ ਓਸਦੇ ਪਿਛਲੇ ਪਾਪ ਕਟੀਅਨਗੇ ਤੇ ਜੋ ਸੰਬਦ ਸੁਣਕੈ ਮਨ ਵਿਚ ਵਸਾਵੈਗਾ ਓਸ ਦੀ ਅਗੇ ਪਾਪਾਂ ਦੀ ਸਰਧਾ ਰਹਿ ਜਾਵੈਗੀ, ਗਿਆਨ ਨੂੰ ਪ੍ਰਾਪਤਿ ਹੋ ਕੈ ਜੀਵਨ ਮੁਕਤ ਹੋ ਵਰਤੈਗਾ। ਭਾਈ ਲਾਲੂ ਤੇ ਲੰਗਾਹ ਢਿਲੋਂ ਹੋਰੁ ਸਭ ਮਸੰਦਾਂ ਤੇ ਸਭਣਾਂ ਦੇਸਾਂ ਦੇ ਸਿਖ ਜਿਸ ਜਿਸ ਉਦਮ ਕੀਤਾ ਤਿਸਦਾ ਉਧਾਰੁ ਹੋਇਆ। ਤਾਂ ਬਚਨੁ ਹੋਇਆ: **"ਉਦਮੁ ਕਰਤ ਮਨੁ ਨਿਰਮਲੁ ਹੋਆ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ॥ ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ॥"**{ਪੰਨਾ ੯੯}

## -ਤਿਸ ਦਾ ਵੀਚਾਰ-

**ਜੋ** ਅੰਮ੍ਰਿਤਸਰ ਜੀ ਦੇ ਮਾਰਗਿ ਤੁਰ ਆਵਨਿ ਦਾ ਅਥਵਾ ਬਣਾਵਣ ਦਾ ਉਦਮੁ ਕਰਨਗੇ ਤਾਂ ਓਨ੍ਹਾਂ ਦੇ ਅੰਤਹਕਰਣ ਸੁੱਧ ਹੋਵਨਿਗੇ। ਤੇ ਗੁਰੂ ਕੇ ਮਾਰਗਿ ਤੁਰ ਆਵਨ ਦਾ ਅਥਵਾ ਗੁਰਾਂ ਦੇ ਵਚਨਾਂ ਉਪਰ ਤੁਰਨ ਦਾ ਉੱਦਮੁ ਕਰਨਗੇ, ਤਾਂ ਓਨ੍ਹਾਂ ਦਾ ਭ੍ਰਮੁ ਦੂਰਿ ਹੋਵੈਗਾ। ਬਹੁੜੋ ਵਾਹਿਗੁਰੂ ਦਾ ਨਾਮੁ ਸਭਨਾਂ ਨਿਧਾਂ ਦਾ ਘਰੁ ਹੈ; ਹੋਰਿ ਨਿਧਾਂ ਏਥੇ ਹੀ ਰਹਿੰਦੀਆਂ ਹੈਨਿ ਤੇ ਏਹੁ ਨਾਮੁ ਜੀਉ ਕੇ ਨਾਲਿ ਨਿਭਦਾ ਹੈ, ਸੋ ਏਹੁ ਸਤਿਗੁਰਾਂ ਤੇ ਪਾਈਦਾ ਹੈ ਤਾਂ ਤੇ ਅਗਿਆਨ ਰੂਪੀ ਰੋਗੁ ਮਿਟ ਜਾਂਦਾ ਹੈ, ਸੋਗੁ ਭੀ ਦੂਰਿ ਹੋ ਜਾਂਦੇ ਹੈਨਿ॥੫੫॥

## ਸਾਖੀ ਹੋਰ ਚਲੀ {ਅਜਬ, ਅਜਾਇਬ ਉਮਰਸਾਹ}

**ਅਜਬੁ** ਤੇ ਅਜਾਇਬ ਤੇ ਉਮਰ ਸਾਹਿ ਸੰਘੇ ਮਸੰਦ ਹੈਸਨਿ ਤੇ ਗੁਰੂਦੁਆਰੇ ਸੇਵਾ ਕਰਦੇ ਹੈਸਨਿ ਤੇ ਅੰਮ੍ਰਿਤਸਰ ਦੀ ਭੀ ਤਿਆਰੀ ਕਰਦੇ ਸਨ। ਤੇ ਜੋ ਸਿਖ ਓਨ੍ਹਾਂ ਦੀ ਸੇਵਾ ਕਰਨਿ ਓਸ ਨਾਲਿ ਗੁਜਰਾਨ ਕਰਨਿ। ਇਕ ਦਿਨ ਸਾਹਿਬ ਪੁਛਿਆ: ਤੁਸੀਂ ਗੁਰੂ ਦੀ ਕੌਡੀ ਕੀਕਰ ਜਾਣਦੇ ਹੋ? ਤਾਂ ਓਨ੍ਹਾਂ

ਕਹਿਆ: ਜੈਸੇ ਸਿਵ ਨਿਰਮਾਇਲੁ, ਜੈਸੇ ਵਿਖੁ ਤੈਸੇ ਜਾਣਦੇ ਹਾਂ। ਤਾਂ ਬਚਨੁ ਹੋਇਆ: ਏਤੇ ਕਰ ਤੁਸਾਡਾ ਉਧਾਰੁ ਹੋਵੈਗਾ। ਇਕ ਦਿਨ ਓਨ੍ਹਾਂ ਅਰਦਾਸ ਕੀਤੀ: ਜੀ ਗਰੀਬ ਨਿਵਾਜ! ਤੇਰਾ ਜੋ ਬਚਨੁ ਹੈ ਜੋ **"ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥"**{ਪੰਨਾ ੨੭੭} ਗਰੀਬ ਨਿਵਾਜ ਜੀ! ਸਾਸਾਂ ਥੀਂ ਬਿਨਾਂ ਕੋਈ ਰਹਿ ਨਹੀਂ ਸਕਿਆ। ਇਕ ਸੁਣਿਆ ਹੈ ਜੋ ਭੀਖਮ ਪਿਤਾਮਾ ਸਾਂਤਲ ਦਾ ਪੁਤ੍ਰ ਸੀ ਤੇ ਓਸ ਨੂੰ ਪਿਤਾ ਦਾ ਵਰੁ ਸੀ, ਓਹੁ ਸੁਛੰਦ ਮ੍ਰਿਤ ਸੀ, ਜਿਸ ਸਮੇਂ ਓਸ ਦੇ ਪ੍ਰਾਣਾਂ ਦਾ ਅੰਤੁ ਹੋਇਆ ਹੈਸੀ ਤਾਂ ਸੂਰਜੁ ਦਖਣਾਇਣ ਹੈਸੀ। ਓਸ ਸੂਰਜ ਉਤ੍ਰਾਇਣ ਜਾਂਦਿਆਂ ਤੀਕਰ ਪ੍ਰਾਣ ਰਖੇ ਤੇ ਸਭਨਾਂ ਪਾਂਡਵਾਂ ਨੂੰ ਧਰਮ ਦਾ ਉਪਦੇਸੁ ਕੀਤਾ ਸੋ ਭੀ ਤਾਂ ਪ੍ਰਾਣ ਓਸਦੇ ਵਿਚ ਹੈਸਨਿ। ਤੁਸੀਂ ਕਿਰਪਾ ਕਰਿ ਕੇ ਕਹੋ ਜੋ ਬਿਨਾਂ ਸਾਸਾਂ ਥੀਂ ਕੌਣ ਜੀਂਵਦਾ ਹੈ? ਤਾਂ ਬਚਨੁ ਹੋਇਆ: ਏਹੁ ਸਮਰੱਥਤਾ ਈਸ਼ਰ ਦੀ ਵਰਨੀ ਹੈ। ਜੈਸੇ ਪਰਬਤ ਤੇ ਬ੍ਰਿਛ ਸਾਸਾਂ ਬਿਨਾਂ ਹੀ ਵਰਧਮਾਨ ਹੋਤੇ ਹੈਨਿ ਤੇ ਬਾਲਕ ਮਾਤਾ ਦੇ ਗਰਭ ਵਿਚ ਛੇ ਮਹੀਨੇ ਵਰਧਦਾ ਜਾਤਾ ਹੈ ਤੇ ਛਿਵੇਂ ਮਹੀਨੇ ਉਸ ਦੇ ਵਿਚ ਸੁਆਸ ਪੈਂਦੇ ਹੈਨਿ ਤਾਂ ਐਸਾ ਈਸਰੁ ਸਮਰਥੁ ਹੈ। ਤੇ ਦੂਜਾ ਏਹੁ ਅਰਥੁ ਹੈ, ਸਵਾਸ ਉਹੋ ਸਫਲੁ ਹੈਨਿ ਜੋ ਵਾਹਿਗੁਰੂ ਦੇ ਗੁਣ ਗਾਂਵਦੇ ਹੈਨਿ। ਹੋਰੁ ਸਾਸ ਐਸੇ ਹੈਨਿ ਜੈਸੇ ਲੁਹਾਰਾਂ ਠਠਿਆਰਾਂ ਦੀਆਂ ਖੱਲਾਂ ਹੁੰਦੀਆਂ ਹੈਨਿ। ਤੁਸਾਂ ਭੀ ਵਾਹਿਗੁਰੂ ਦੇ ਭਜਨ ਬਿਨਾਂ ਸੁਆਸ ਨਹੀਂ ਬੀਤਾਵਣੇ। ਤੁਸਾਡਾ ਉਧਾਰੁ ਏਸੇ ਕਰ ਹੋਵੈਗਾ॥੫੬॥

## ਸਾਖੀ ਹੋਰ ਚਲੀ {ਭਾਈ ਪੈੜਾ ਸੰਘਰ}

**ਭਾਈ** ਪੈੜਾ ਛਜਲੁ ਜਾਤ ਦਾ ਤੇ ਕੰਦੂ ਜਾਤ ਦਾ ਸੰਘਰੁ ਗੁਰੂ ਅਰਜਨ ਜੀ ਦੀ ਸਰਨਿ ਆਏ। ਜੋ ਅਸਾਡਾ ਉਧਾਰੁ ਕਿਉਂ ਕਰਿ ਹੋਵੈ ਜੀ? ਤਾਂ ਬਚਨੁ ਹੋਇਆ: ਜੋ ਅੰਮ੍ਰਿਤਸਰ ਜੀ ਕਾ ਇਸਨਾਨੁ ਕੀਤਾ ਕਰੋ ਤੇ ਸ਼ਬਦ ਦਾ ਵੀਚਾਰੁ ਕੀਤਾ ਕਰੋ, ਤੇ ਸਿਖਾਂ ਦੀ ਟਹਿਲ ਕੀਤਾ ਕਰੋ। ਏਹੁ ਅੰਮ੍ਰਿਤਸਰੁ ਆਦਿ ਤੀਰਥੁ ਹੈ ਪਰ ਜੁਗਾਂ ਦੇ ਪ੍ਰਭਾਉ ਕਰਿ ਲੋਪੁ ਹੋ ਗਇਆ ਸੀ। ਇਕ ਸਮੇਂ ਸਾਹਿਬ ਤੀਸਰੀ ਪਾਤਿਸਾਹੀ ਗੁਰੂ ਜੀ ਪ੍ਰਸੰਨ ਹੋ ਕੈ ਚੌਥੇ ਪਾਤਸਾਹਿ ਗੁਰੂ ਰਾਮਦਾਸ ਜੀ ਨੂੰ ਬਚਨੁ ਹੋਇਆ: ਪੁਰਖਾ! ਕਲਿਜੁਗ ਦੇ ਜੀਆਂ ਦੀਆਂ ਆਰਜਾਂ ਛੋਟੀਆਂ ਹੋਵਨਿਗੀਆਂ, ਤੇ ਬੁਧਾਂ ਮੋਟੀਆਂ ਹੋਵਨਗੀਆਂ, ਤੇ ਪਦਾਰਥ

ਤੇ ਹੀਨ ਹੋਵਨਗੇ; ਤਬ ਤੀਰਥ ਦਾ ਇਸ਼ਨਾਨ ਤੇ ਦਾਨੁ ਵਿਧਿ ਸੰਜੁਗਤਿ ਨਾ ਕਰ ਸਕਨਗੇ। ਤਾਂਤੇ ਕੋਈ ਤੀਰਥ ਏਥੇ ਮਦ੍ਰ ਦੇਸ਼ ਵਿਚ ਕਰੀਏ, ਜੋ ਤ੍ਰਿਲੋਕੀ ਦੇ ਸਭਨਾਂ ਤੀਰਥਾਂ ਦਾ ਫਲੁ ਹੋਵੈ ਜਿਸਦੇ ਇਸ਼ਨਾਨ ਕਰਨ ਦੇ ਫਲ ਤੇ। ਤਾਂ ਗੁਰੂ ਰਾਮਦਾਸ ਜੀ ਕਹਿਆ: ਗਰੀਬ ਨਿਵਾਜ ਜਿਥੇ ਅਮਰੁ ਹੋਵੈ! ਤਾਂ ਇਕੁ ਥੇਹੁ ਪਇਆ ਹੈਸੀ। ਗੁਰੂ ਅਮਰਦਾਸ ਜੀ ਬਚਨੁ ਕੀਤਾ: ਏਥੇ ਹੀ ਉਦਮੁ ਕਰੋ, ਤਾਂ ਚੌਥੇ ਪਾਤਿਸਾਹ ਤਾਲੁ ਖੁਦਾਇਕੈ ਤਿਆਰੁ ਕੀਤਾ। ਤਾਂ ਬਚਨੁ ਹੋਇਆ ਅਗੇ ਪੰਜਵੀਂ ਪਾਤਿਸਾਹੀ ਪੱਕਾ ਕਰਵਾਨਗੇ, ਤੇ ਅੰਮ੍ਰਿਤਸਰ ਨਾਮੁ ਰਖਿਆ। ਤੇ ਗੁਰੂ ਜੀ ਅਰਦਾਸ ਕੀਤੀ ਜੀ ਤੀਰਥ ਦਾ ਨਾਮੁ ਕਿਆ ਰਖਣਾ ਕੀਤਾ ਹੈ? ਤਾਂ ਬਚਨੁ ਹੋਇਆ ਅੰਮ੍ਰਿਤਸਰ ਨਾਉਂ ਰਖਣਾ, ਬਡਾ ਤੀਰਥੁ ਹੋਵੈਗਾ। ਕਾਂਸੀ ਥੀਂ ਆਦਿ ਲੈਕਰਿ ਸਭੇ ਤੀਰਥ ਇਸ ਦੀ ਸਰਨਿ ਰਹਿਣਗੇ। ਕਲਿਜੁਗ ਹੋਰੁ ਕਿਸੇ ਦੀ ਸੱਤਿਆ ਛਡੇਗਾ ਨਹੀਂ। ਇਸ ਦੀ ਸਰਨਿ ਸਭ ਤੀਰਥ ਤੇ ਸਭ ਦੇਹੁਰੇ ਤੇ ਸਭੇ ਧਰਮ ਤੇ ਤਪ ਤੀਰਥ ਸਭ ਏਥੇ ਹੀ ਆਇ ਨਿਵਾਸ ਕਰਨਗੇ: ਇਹੁ ਜਗਨ ਨਾਥ ਹੋਵੈਗਾ। ਜਿਸ ਸਮੇਂ ਗੰਗਾ ਲੋਪ ਹੋਵੈਗੀ। ਤਿਤ ਸਮੇਂ ਬਾਰਹ ਕੋਸ ਪਰਜੰਤ ਚੌਫੇਰੇ ਇਸਦੇ ਰਿਖਾਂ ਦੇ ਆਸ਼ਰਮ ਹੋਵਨਿਗੇ ਤੇ ਸੰਤੋਖਸਰੁ ਤਿਸ ਦੇ ਨਿਕਟਿ ਔਰ ਤਾਲੁ ਕੀਤਾ। ਤਾਂ ਬਚਨੁ ਹੋਇਆ ਜੋ ਇਥੇ ਇਸਨਾਨੁ ਕਰੇਗਾ, ਓਸ ਦੇ ਪਾਪ ਨਾਸ ਹੋਵਨਿਗੇ, ਸੰਤੋਖ ਨੂੰ ਪ੍ਰਾਪਤ ਹੋਵੈਗਾ॥੫੭॥

## ਸਾਖੀ ਹੋਰ ਚਲੀ {ਭਾਈ ਕਪੂਰ ਦੇਵ}

**ਭਾਈ** ਕਪੂਰ ਦੇਵ ਵਡਾ ਸਿਖ ਹੈਸੀ। ਸਣੇ ਪੁਤ੍ਰਾਂ ਦੇ ਸਣੇ ਇਸਤ੍ਰੀ ਤੇ ਬਹੂਆਂ ਸਮੇਤ ਸਿਖਾਂ ਨੂੰ ਪ੍ਰਸੰਨ ਹੋ ਕੇ ਮਿਲਦਾ ਸੀ ਤੇ ਬਹੁਤੀ ਟਹਲ ਸੇਵਾ ਸਿਖਾਂ ਦੀ ਕਰਦਾ ਸੀ। ਇਕ ਦਿਨ ਗੁਰੂ ਅਰਜਨ ਜੀ ਥੀਂ ਪੁਛਿਆ: ਗ੍ਰੀਬ ਨਿਵਾਜ! ਤੁਸਾਨੂੰ ਜੋ ਸਿਖ ਪਿਆਰੇ ਹੈਨਿ ਓਨ੍ਹਾਂ ਦਾ ਦਰਸਨੁ ਸਾਨੂੰ ਕਰਵਾਵਹੁ। ਤਾਂ ਬਚਨੁ ਹੋਇਆ: ਭਾਈ ਸੰਮਣੁ ਸ਼ਹਿਬਾਜ਼ ਪੁਰ ਵਿਚ ਰਹਿੰਦਾ ਹੈ, ਓਸਦਾ ਦਰਸਨੁ ਕਰਿ ਆਵਹੁ। ਤਾਂ ਕਪੂਰ ਦੇਵ ਭਾਈ ਸੰਮਣੁ ਦੇ ਘਰ ਨੂੰ ਗਇਆ। ਆਗੇ ਭਾਈ ਸੰਮਣੁ ਆਇ ਮਿਲਿਆ ਤੇ ਓਨ੍ਹਾਂ ਬਹੁਤੀ ਟਹਲ ਸੇਵਾ ਕੀਤੀ ਤੇ ਲਕੜੀਆਂ ਮੁੱਲ ਬਹੁਤੀਆਂ ਲਿਆਇਆ, ਤੇ ਤੱਪੜ ਤੇ ਸਤਰੰਜੀਆਂ ਟੁੱਟੀਆਂ ਹੋਈਆਂ ਗੰਢਦਾ ਰਹਿਆ, ਤੇ ਭਾਈ ਕਪੂਰ ਦੇਵ ਕਹਿਆ ਮੈਨੂੰ ਤੁਸਾਡੇ


www.sikhbookclub.com

ਦਰਸ਼ਨ ਨੂੰ ਸਾਹਿਬਾ ਭੇਜਿਆ ਹੈ, ਤੁਸੀਂ ਨਿਕੰਮਿਆ ਕੰਮਾਂ ਵਿਚ ਕੀ ਪਰਚੇ ਹੋ? ਤਾਂ ਓਨ੍ਹਾਂ ਕਹਿਆ : ਭਾਈ ਜੇ ਏਹ ਭੀ ਕੰਮੁ ਹੈਸੀ, ਤੇ ਰਾਤ ਨੂੰ ਅਸੀਂ ਤੁਸਾਡੇ ਪਾਸ ਰੁਜੂ ਹੋਵਾਂਗੇ। ਤਾਂ ਰਾਤ ਸਾਰੀ ਦੋਨੋਂ ਪਿਉ ਪੁਤ੍ਰ ਕੀਰਤਨ ਕਰਦੇ ਰਹੇ, ਤੇ ਦਿਨੇ ਓਸ ਗਾਉਂ ਦੀਆਂ ਗਊਆਂ ਚੋਰ ਹੱਕ ਲੈ ਗਏ। ਪਿਛੇ ਗੁਹਾਰ ਪਈ, ਸੰਮਣੁ ਦਾ ਪੁਤ੍ਰ ਭੀ ਪਿਛੇ ਗਇਆ, ਓਸ ਨੂੰ ਗੋਲੀ ਲਗੀ, ਓਹ ਮਰ ਗਇਆ। ਜੇਹੜੀਆਂ ਲਕੜੀਆਂ ਤਿਆਰ ਹੈਸਨਿ ਓਹ ਚਿਖਾ ਵਾਸਤੇ ਲੈ ਗਇਆ, ਤੇ ਓਸ ਨੂੰ ਖੱਫਨ ਦੇਕੇ ਬਿਬਾਣ ਵਿਚ ਪਾਇਕੈ ਅਗੇ ਭਾਈ ਸੰਮਣ ਕੀਰਤਨੁ ਕਰਦਾ ਆਵੈ। ਫੇਰਿ ਸਿਖ ਜੋ ਅਗੇ ਪਰਚਾਵਣੀ ਆਏ ਤਿਨ੍ਹਾਂ ਨੂੰ ਸਤਰੰਜੀਆਂ ਵਿਛਾਇ ਦਿਤੀਆਂ, ਕਹਿਆ ਜੋ ਅਗੇ ਹੀ ਮੈਂ ਏਸੇ ਵਾਸਤੇ ਤਿਆਰ ਕਰ ਰਖੀਆਂ ਹੈਸਨਿ। ਤਾਂ ਭਾਈ ਕਪੂਰ ਦੇਵ ਕਹਿਆ: ਜੇ ਤੁਸੀਂ ਜਾਣਦੇ ਸੇ ਤਾਂ ਗੁਰੂ ਜੀ ਥੀਂ ਬਖਸਾਇ ਲੈਣੇ ਆਹਿ ਜੋ ਇਸ ਦੀ ਆਰਜਾ ਵਡੀ ਹੋਵੈ। ਤਾਂ ਭਾਈ ਸੰਮਣੁ ਕਹਿਆ: ਸਰੀਰ ਤਾਂ ਅਸਤਿ ਹੈ, ਏਨਾਂ ਦੇ ਮਰਨ ਦਾ ਤਾਂ ਅਚਰਜ ਨਹੀਂ; ਏਨਾਂ ਦਾ ਜੀਵਣਾ ਹੀ ਵਡਾ ਅਚਰਜ ਹੈ। ਸੋਈ ਮੂਰਖ ਹੈਨਿ, ਜੋ ਸਰੀਰ ਦਿਆਂ ਬਿਨਸਿਆਂ ਸੋਕ ਕਰਦੇ ਹੈਨਿ। ਗੁਰੂ ਥੀਂ ਮਾਂਗੀਐ ਤਾਂ ਨਾਮੁ ਮਾਂਗੀਐ ਜੋ ਨਾਲ ਇਸ ਦੇ ਸਹਾਇਤਾ ਕਰੈ। ਨਾ ਕੋਈ ਕਿਸੇ ਦਾ ਪਿਤਾ ਹੈ; ਨਾ ਪੁਤ੍ਰ ਹੈ, ਚਾਰ ਦਿਨ ਦੀ ਖੇਲ ਹੈ। ਪੰਚ ਤਤ ਵਿਰੋਧੀਏ ਕੱਠੇ ਕਰਕੈ ਈਸਰ ਸਰੀਰ ਰਚੇ ਹੈਨਿ, ਅਪਣੀ ਮਰਿਜਾਦਾ ਭੋਗਕੈ ਫੇਰ ਭਿੰਨ ਹੋ ਜਾਂਦੇ ਹੈਨਿ। ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ ਹੈ। ਏਹ ਜੀਉ ਆਪਣੇ ਸਰੂਪ ਨੂੰ ਭੁਲਾਇਕੈ ਦੁਖ ਪਇਆ ਭੋਗਦਾ ਹੈ। ਜੇ ਗੁਰੂ ਕੇ ਬਚਨ ਮੰਨੈ, ਸਮਝੈ ਤਾਂ ਜਨਮ ਮਰਨ ਥੀਂ ਰਹਿਤ ਹੁੰਦਾ ਹੈ। ਸਾਹਿਬੁ ਦਾ ਬਚਨੁ ਹੈ: **"ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤ ਆਪ ਹੀ ਕਰੈ॥"**{ਪੰਨਾ ੨੮੧} ਜੈਸੇ ਘਟ ਮਟ ਕੇ ਉਪਜਣ ਤੇ ਅਕਾਸ ਜਨਮਤਾ ਨਹੀਂ, ਤੇ ਉਨ੍ਹਾਂ ਦੇ ਬਿਨਸਨ ਤੇ ਬਿਨਸਦਾ ਨਹੀਂ, ਤੈਸੇ ਸਰੀਰਾਂ ਦੇ ਉਪਤ ਖਪਤ ਤੇ ਜੀਉ ਨਿਆਰਾ ਹੈ॥੫੮॥

## ਸਾਖੀ ਹੋਰ ਚਲੀ {ਭਾਈ ਜੋਧਾ ਜਲੋ ਆਦਿ}

**ਭਾਈ** ਜੋਧਾ ਤੇ ਭਾਈ ਜਲੋ ਮਸੰਦ ਤੁਲਸਪੁਰ ਵਿਚ ਰਹਿੰਦੇ ਸਨਿ। ਤੇ ਭਾਈ ਮੋਹਣ ਤੇ ਆਲਮ ਚੰਦ ਲਹੌਰ ਦੇ ਗੰਜ ਵਿਚ ਰਹਿੰਦੇ ਸਨਿ; ਪੰਜਵੀਂ

ਪਾਤਿਸ਼ਾਹੀ ਦੇ ਹਜ਼ੂਰ ਟਹਿਲ ਕਾਰ ਭੇਟ ਸਿਖਾਂ ਥੀਂ ਲਿਆਇਕੇ ਅੰਮ੍ਰਿਤਸਰ ਤੇ ਲਾਵਨਿ ਤੇ ਗੁਰੂ ਕੀ ਕੌਡੀ ਆਪਿ ਨਾ ਖਾਵਨਿ, ਕਹਨਿ: ਜੈਸੇ ਮੱਖੀ ਭੋਜਨੁ ਵਿਚ ਪੈ ਕੇ ਸਾਰਾ ਭੋਜਨੁ ਉਕਲੇਦ ਕਰਾਂਵਦੀ ਹੈ, ਤੈਸੇ ਗੁਰੂ ਕੀ ਭੇਟ ਦੀ ਕੌਡੀ ਸਿਖਾਂ ਦੇ ਸਾਰੇ ਪਦਾਰਥਾਂ ਦਾ ਭੀ ਨਾਸੁ ਕਰਦੀ ਹੈ, ਤੇ ਦੇਹ ਭੀ ਖੀਣ ਕਰਦੀ ਹੈ। ਇਕ ਦਿਨ ਗੁਰੂ ਕੇ ਹਜ਼ੂਰ ਰਥ ਪਰ ਚੜ੍ਹੇਂ ਆਂਵਦੇ ਹੈਸਨਿ; ਤਾਂ ਸਰਪੁ ਕਾਲਾ ਵਡਾ ਰਥ ਦੇ ਸਾਹਮਣੇ ਆਇਆ। ਆਪਣੀ ਫਣ ਉੱਚੀ ਚੁਕ ਕੈ ਜਿਧਰ ਰਥ ਜਾਵੇ ਓਹ ਸਾਮਣੇ ਹੀ ਆਵੈ। ਤਾਂ ਭਾਈ ਮੋਹਣ ਰਥ ਤੌਂ ਉਤਰਿਕੈ ਇਕ ਦੇਗਾ ਉਸ ਦੇ ਅਗੇ ਰਖ ਦਿਤਾ, ਤੇ ਕਹਿਆ ਜੇ ਗੁਰੂ ਕੇ ਹਜ਼ੂਰ ਚਲਦਾ ਹੈਂ ਤਾਂ ਇਸ ਦੇਗੇ ਵਿਚ ਪਰਵੇਸੁ ਕਰਿ। ਤਾਂ ਸਰਪ ਦੇਗੇ ਵਿਚ ਪਰਵੇਸ਼ ਕੀਤਾ। ਉਪਰ ਉਸ ਦੇ ਛੰਨਾਂ ਰਖਕੈ ਗੁਰੂ ਕੇ ਹਜ਼ੂਰ ਆਏ, ਮੱਥਾ ਟੇਕਿਆ ਤਾਂ ਬਚਨੁ ਹੋਇਆ: ਕਿਤਨੇ ਮਸੰਦ ਤੁਸੀਂ ਆਏ ਹੋ? ਗਰੀਬ ਨਿਵਾਜ! ਚਾਰ ਸਿਖ ਆਏ ਹਾਂ। ਤਾਂ ਬਚਨੁ ਹੋਇਆ: ਏਨ੍ਹੂੰ ਪੰਜਾਂ ਸਿਖਾਂ ਦਾ ਪ੍ਰਸਾਦ ਦੇਹੁ। ਪੰਜਵਾਂ ਸਰਪ ਜੋ ਤੁਸਾਡੇ ਨਾਲ ਆਇਆ ਹੈ, ਉਹ ਭੀ ਮਸੰਦ ਹੈ। ਓਨ੍ਹਾਂ ਅਰਦਾਸ ਕੀਤੀ: ਜੀ ਓਸਨੇ ਸਰਪ ਕੀ ਦੇਹਿ ਕਿਉਂ ਪਾਈ ਹੈ? ਬਚਨੁ ਹੋਇਆ ਸਿਖਾਂ ਦੇ ਅਗੇ ਮੱਥਾ ਨਹੀਂ ਸੀ ਟੇਕਦਾ, ਇਸ ਵਾਸਤੇ ਤਾਂ ਫਣ ਉਚੀ ਹੋਈ ਹੈ, ਤੇ ਗੁਰੂ ਕੀ ਅਰਦਾਸ ਛਪਾਈ ਸੀ ਏਸੇ ਵਾਸਤੇ ਸਰਪੁ ਵਿਖ ਵਾਲਾ ਹੋਇਆ ਹੈ। ਤਾਂ ਬਚਨੁ ਹੋਇਆ ਉਸ ਨੂੰ ਭੀ ਹਜ਼ੂਰ ਲਿਆਵੋ, ਤਾਂ ਦੇਗਾ ਉਠਾਲ ਕੇ ਵਿਚ ਦੀਵਾਨ ਦੇ ਤਿਨ੍ਹਾਂ ਆਨਿ ਉਘਾੜਿਆ, ਤਾਂ ਓਹ ਫਣ ਉਠਾਇ ਕੈ ਘੜੇ ਵਿਚੋਂ ਬਾਹਰਿ ਆ ਖੜਾ ਹੋਇਆ। ਬਚਨੁ ਹੋਇਆ ਇਸਨੂੰ ਅੰਮ੍ਰਿਤਸਰ ਦਾ ਅੰਮ੍ਰਿਤੁ ਆਨਿ ਛਿਟਕੋ। ਜਦ ਉਨ੍ਹਾਂ ਅੰਮ੍ਰਿਤ ਓਸ ਦੇ ਸਰੀਰ ਤੇ ਪਾਇਆ, ਤਾਂ ਸਰਪ ਦੇਹ ਤਿਆਗ ਕੈ ਦੇਵ ਰੂਪ ਧਾਰਿ ਕੈ ਅਕਾਸ਼ ਨੂੰ ਚੜਿ ਗਇਆ। ਤਾਂ ਬਚਨੁ ਹੋਇਆ: ਅੰਮ੍ਰਿਤਸਰ ਦੇ ਦਰਸਨ ਮਾਤ੍ਰ ਤੇ ਸਭ ਪਾਪ ਨਸ਼ਟ ਹੋ ਜਾਤੇ ਹੈਨਿ॥੫੯॥

# ਪਉੜੀ ਤੇਈਸਵੀਂ ਚਲੀ॥੨੩॥

## ਅਤਿ ਸਨਮੁਖ ਸਿੱਖ

ਢੇਸੀ ਜੋਧੁ ਹੁਸੰਗੁ ਹੈ ਗੋਇੰਦੁ ਗੋਲਾ ਹਸਿ ਮਿਲੰਦਾ।
ਮੋਹਣੁ ਕੂਕੁ ਵਖਾਣੀਐ ਧੁਟੇ ਜੋਧੇ ਜਾਮੁ ਸੁਹੰਦਾ।
ਮੇਵੂ ਪੈਨੂ ਪਰਵਾਣੁ ਹੈ ਪੀਰਾਣਾ ਗੁਰ ਭਾਇ ਚਲੰਦਾ।
ਹਮਜਾ ਜਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ।
ਨਿਰਮਲੁ ਨਾਨੋ ਓਹਰੀ ਨਾਲਿ ਸੂਰੀ ਚਉਧਰੀ ਰਹੰਦਾ।
ਪਰਬਤਿ ਕਾਲਾ ਮੇਹਰਾ ਨਾਲਿ ਨਿਹਾਲੂ ਸੇਵ ਕਰੰਦਾ।
ਕਕਾ ਕਾਲਉ ਸੂਰਮਾ ਕਦੂ ਰਾਮਦਾਸ ਬਚਨ ਮੰਨਦਾ।
ਸੇਠ ਸੁਭਾਗਾ ਚੂਹਣੀਅਹੁ ਆਰੋੜੇ ਭਾਗ ਉਗਵੰਦਾ।
ਸਨਮੁਖ ਇਕਦੂ ਇਕ ਚੜੰਦਾ॥੨੩॥

## ਸਾਖੀ ਹੋਰ ਚਲੀ {ਭਾਈ ਢੇਸੀ ਜੋਧ}

**ਭਾਈ** ਢੇਸੀ ਤੇ ਭਾਈ ਜੋਧ ਜਾਤ ਦੇ ਸੰਗਰ ਬ੍ਰਾਹਮਣ ਗੁਰੂ ਅਰਜਨ ਜੀ ਦੀ ਸਰਨਿ ਆਏ, ਤੇ ਓਨ੍ਹਾਂ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ! ਸਾਨੂੰ ਪੰਡਤ ਲੋਗ ਪੰਗਤ ਵਿਚ ਬਹਿਣ ਨਹੀਂ ਦੇਂਦੇ, ਜੋ ਤੁਸੀਂ ਖਤ੍ਰੀ ਦੇ ਸਿਖ ਹੋਏ ਹੋ, ਤੇ ਗੰਗਾ ਤੇ ਕਾਂਸੀ ਆਦਿ ਤੀਰਥ ਜੋ ਸਿਵ ਪੁਰੀ ਤੇ ਬਿਸਨ ਪੁਰੀ ਹੈਂ ਓਨ੍ਹਾਂ ਦਾ ਸੇਵਨ ਛਡਿ ਕੇ ਅੰਮ੍ਰਿਤਸਰ ਕ੍ਰਿਤਮੀ ਤੀਰਥ ਸੇਂਵਦੇ ਹੋ, ਤੇ ਵੇਦਾਂ ਦੀ ਬ੍ਰਹਮ ਬਾਣੀ ਤਿਆਗ ਕੇ ਤੁਸੀਂ ਭਾਖਾ ਬਾਣੀ ਗੁਰੂ ਸ਼ਬਦ ਗਾਂਵਦੇ ਹੋ, ਤੇ ਜਨਮ ਅਸਟਮੀ ਤੇ ਸ਼ਿਵਰਾਤ ਤੇ ਇਕਾਦਸੀ ਬ੍ਰਤ ਤਿਆਗ ਕੈ ਸਿਖਾਂ ਦਾ ਉਚਿਸ਼ਟ ਅੰਨ ਭੋਜਨ ਕਰਦੇ ਹੋ, ਤੇ ਗਾਇਤ੍ਰੀ ਤਰਪਣ ਸੰਧਿਆ ਪਿੰਡ ਪਤਲ ਜਨਮ ਮਰਨ ਦੀ ਕ੍ਰਿਆ ਤਿਆਗਿ ਕੈ ਅਰਦਾਸਾਂ ਤੇ ਕੜਾਹ ਮ੍ਰਿਤਕ ਤੇ ਖਾਂਵਦੇ ਹੋ। ਅਸੀਂ ਤੇਰੀ ਸਰਨਿ ਆਏ ਹਾਂ, ਅਸਾਡਾ ਤਾਂ ਤੁਸਾਂ ਉਪਾਰ ਕੀਤਾ ਹੈ, ਜੋ ਬ੍ਰਾਹਮਣ ਦਾ ਅਭਿਮਾਨੁ ਅਸਾਂ ਦਾ ਦੂਰ ਹੋਇਆ ਹੈ, ਤੇ ਤੇਰੇ ਸਿਖਾਂ ਦਾ, ਤੇਰੀ ਰਸਨਾਂ ਦਾ ਸੀਤ ਪ੍ਰਸਾਦਿ ਅਸਾਂ ਨੂੰ ਪ੍ਰਾਪਤ ਹੋਇਆ ਹੈ, ਅਸੀਂ ਓਨ੍ਹਾਂ ਨੂੰ ਕੌਣ

ਉਤਰ ਦੇਈਏ ? ਤਾਂ ਬਚਨ ਹੋਇਆ : ਇਹੁ ਅੰਮ੍ਰਿਤਸਰ ਨਿਰੰਕਾਰ ਦੀ ਪੁਰੀ ਹੈ। ਜਿਥੇ ਬ੍ਰਹਮੇ ਅਰੁ ਵਿਸ਼ਨ ਅਰੁ ਸ਼ਿਵ ਦੀ ਪੁਰੀ ਔਰੁ ਤੀਰਥ ਸਭ ਹੀ ਪਵਿਤ੍ਰ ਹੋਤੇ ਹੈਂ; ਜੋ ਪ੍ਰਿਥਮੇ ਇਸ ਦੀ ਚਰਨਿ ਧੂਰਿ ਵਿਚ ਨਿਵਾਸ ਕਰਦੇ ਹੈਨਿ। ਏਥੇ ਸਾਥ ਹੀ ਜਲ ਕਾ ਤੀਰਥੁ ਹੈ, ਸਾਥ ਹੀ ਸਭ ਸਾਧ ਸੰਤ ਭਜਨ ਕਰਨੇ ਵਾਲੇ ਏਥੇ ਹੀ ਨਿਵਾਸੁ ਕਰਦੇ ਹੈਨਿ। **"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥"**{ਪੰਨਾ ੧੨੬੩}

## -ਤਿਸ ਦਾ ਵਿਚਾਰ-

ਹੋਰ ਪਾਪੀ ਜੀਵ ਜੋ ਤੀਰਥਾਂ ਵਿਚ ਇਸਨਾਨੁ ਕਰਦੇ ਹੈਨਿ, ਓਨ੍ਹਾਂ ਦੇ ਵਿਚ ਪਾਪਾਂ ਦੀ ਮੈਲੁ ਤਿਆਗ ਆਂਵਦੇ ਹੈਨਿ। ਸਿਖਾਂ ਦੇ ਚਰਨ ਦੀ ਧੂੜ ਓਨ੍ਹਾਂ ਦੇ ਉਪਰਿ ਪੌਂਦੀ ਹੈ, ਜੇੜ੍ਹੇ ਤੀਰਥ ਅੰਮ੍ਰਿਤਸਰ ਪਰ ਆਂਵਦੇ ਹੈਨਿ, ਤੇ ਕਥਾ ਕੀਰਤਨ ਕੀ ਧੁਨਿ ਓਨ੍ਹਾਂ ਦੇ ਸ੍ਰਵਨਿ ਪੌਂਦੀ ਹੈ ਓਹ ਤੀਰਥ ਏਥੇ ਪਵਿਤ੍ਰ ਹੋ ਜਾਂਦੇ ਹੈਨਿ। ਤਾਂ ਓਨ੍ਹਾਂ ਕਹਿਆ : ਜੀ ਮੈਲੁ ਤਾ ਜਲ ਨਾਲਿ ਧੋਈ ਦੀ ਹੈ; ਧੂੜਿ ਨਾਲ ਮੈਲੁ ਕਿਉਂ ਕਰ ਧੋਈਦੀ ਹੈ ? ਤਾਂ ਬਚਨੁ ਹੋਇਆ : ਬਸਤ੍ਰ ਵਿਚ ਭੀ ਮੈਲੁ ਹੁੰਦੀ ਹੈ, ਤੇ ਸੱਜੀ ਸਬੂਣ ਭੀ ਮੈਲੁ ਰੂਪ ਹੈ, ਪਰ ਬਸਤਰਾਂ ਦੀ ਮੈਲੁ ਗਵਾਵਣ ਨੂੰ ਸਮਰੱਥੁ ਹੈ, ਤੈਸੇ ਸੰਤਾਂ ਦੀ ਧੂਰ ਪਾਪਾਂ ਦੀ ਮੈਲੁ ਗਵਾਵਣ ਨੂੰ ਸਮਰੱਥ ਹੈ। ਤੇ ਵਚਨਾਂ ਦੀ ਧੁਨਿ ਦੀ ਜੋ ਧੂੜ ਹੈ ਸੋ ਏਹ ਪ੍ਰੇਮਾ ਭਗਤਿ ਉਤਪਤਿ ਕਰਦੀ ਹੈ। ਤਾਂ ਹੋਰਥੇ ਇਕੁ ਜਲ ਦਾ ਹੀ ਤੀਰਥੁ ਹੈ, ਏਥੇ ਸਾਥ ਹੀ ਜਲ ਦਾ ਤੀਰਥ ਹੈ ਤੇ ਸਾਥ ਹੀ ਨਾਮ ਦਾ ਤੀਰਥ ਹੈ। ਸਿਖਾਂ ਨੇ ਪੁੱਛਿਆ ਸੀ ਜੋ ਹਰਿਮੰਦਰ ਕੈਸਾ ਰਚੀਐ ? ਤਾਂ ਬਚਨੁ ਹੋਇਆ : ਜੈਸਾ ਜਹਾਜੁ ਹੋਵੈ, ਜੋ ਸਰਧਾ ਕਰਕੈ ਆਵੈ ਤੇ ਸਬਦੁ ਸੁਣੈ ਓਸ ਦਾ ਪਾਰ ਉਤਾਰਾ ਹੋਵੈ। ਹਰਿਮੰਦਰੁ ਜੀ ਜਹਾਜੁ ਹੈ ਤੇ ਹਰਿ ਨਾਮੁ ਮੁਹਾਣਾ ਹੈ।

**"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ"॥**

{ਪੰਨਾ ੬੮੭}

 www.sikhbookclub.com

### -ਤਿਸਦਾ ਵਿਚਾਰ-

ਰੀਗਾ ਆਦਿਕ ਜੋ ਤੀਰਥੁ ਹੈਨਿ ਤੇ ਜੋ ਓਨ੍ਹਾਂ ਦੇ ਬੀਚ ਪ੍ਰਵੇਸੁ ਕਰਤਾ ਹੈ ਉਸ ਕੋ ਸਮੁੰਦਰ ਮੈਂ ਜਾਇ ਪ੍ਰਾਪਤਿ ਕਰਤੇ ਹੈਨਿ* ਤੇ ਬਾਣੀ ਦਾ ਵੀਚਾਰੁ ਜੋ ਤੀਰਥੁ ਹੈ ਸੋ ਸ੍ਰੀ ਗੁਰੂ ਜੀ ਕੀ ਰਸਨਾ ਥੀਂ ਉਤਪਤਿ ਹੋਇਆ ਹੈ ਤੇ ਵੀਚਾਰਨੇ ਕਰ ਨਰਾਇਣ ਦੇ ਚਰਨਾਂ ਵਿਚ ਤੇ ਸਰੂਪ ਵਿਖੇ ਜਾਇ ਪ੍ਰਾਪਤ ਕਰਦਾ ਹੈ। ਸੋ ਏਥੇ ਦੋਨਾਂ ਅੰਮ੍ਰਿਤਾਂ ਕਰ ਏਹੁ ਸਰੁ ਭਰਪੂਰ ਹੈ।

ਤੇ ਗੁਰੂ ਕੇ ਸਿਖ ਸਦਾ ਸੰਜਮ ਨਾਲਿ ਜੋ ਅਹਾਰੁ ਕਰਦੇ ਹੈਨਿ ਸਦਾ ਓਨਾਂ ਦੇ ਪਾਸ ਬ੍ਰਤ ਰਹਿੰਦਾ ਹੈ; ਪਰ ਇਕ ਦਿਨ ਜਗਤ ਨੂੰ ਤਾਂ ਇਕਾਦਸ਼ੀ ਆਂਵਦੀ ਹੈ, **"ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥ ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ॥"**{ਪੰਨਾ ੭੧੮} ਜਿਨ੍ਹਾਂ ਨੂੰ ਮਹਾਰਾਜ ਦੇ ਨਾਮ ਦੀ ਪ੍ਰਤੀਤ ਹੈ ਤਿਨ੍ਹਾਂ ਨੂੰ ਸਭ ਤੀਰਥਾਂ ਤੇ ਬ੍ਰਤਾਂ ਦਾ ਫਲੁ ਪ੍ਰਾਪਤਿ ਹੁੰਦਾ ਹੈ। ਬ੍ਰਾਹਮਣਾਂ ਦਾ ਅਭਿਮਾਨ ਦੇਹ ਤੇ ਹੈ ਸੋ ਅਗਿਆਨ ਕਰਕੇ ਹੈ, ਤੇ ਗੁਰੂ ਕੇ ਸਿਖਾਂ ਨੂੰ ਆਤਮ ਗਿਆਨੁ ਹੁੰਦਾ ਹੈ। ਆਤਮ ਰੂਪ ਆਪ ਨੂੰ ਜਾਣਦੇ ਹੈਨਿ। ਜੋ ਦੇਹਿ ਅਭਿਮਾਨ ਕਰ ਸਮਝਦੇ ਹੈਨਿ ਸੋਈ ਚੰਡਾਲ ਹੈਨਿ; ਤੇ ਬ੍ਰਾਹਮਣ ਜੋ ਹੈਨਿ ਜੋ ਪਰਮਾਤਮਾ ਨੂੰ ਸਭ ਘਟ ਵਿਖੇ ਪੂਰਨ ਦੇਖਦੇ ਹੈਨਿ, ਅਰੁ ਕਿਸੇ ਨਾਲ ਵੈਰ ਵਿਰੋਧ ਨਹੀਂ ਕਰਤੇ। ਕਿਉਂ ਜੋ ਚੰਡਾਲ ਦੇ ਘਰ ਹੱਡ ਚੰਮ ਲੋਹੂ ਮਾਸ ਹੁੰਦਾ ਹੈ। ਤੈਸੇ ਇਸ ਦੇਹਿ ਮਹਿੰ ਹੱਡ ਚੰਮ ਲੋਹੂ ਮਾਸ ਹੁੰਦਾ ਹੈ।

**"ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਮਹਣੁ ਕਹੀਅਤੁ ਹੈ ਹਮਾਰੈ॥"**

{ਪੰਨਾ ੩੨੪}

### -ਤਿਸਦਾ ਵਿਚਾਰ-

ਬ੍ਰਹਮਣੁ ਸੋਈ ਹੈ ਜਿਸੁ ਨੇ ਬ੍ਰਹਮ ਨੂੰ ਪਛਾਤਾ ਹੈ। ਤਾਂਤੇ ਤੁਸੀਂ ਸਬਦ ਨੂੰ ਚੀਨੋ ਤੇ ਆਪਣਾ ਸਰੂਪ ਵੀਚਾਰੋ। ਤੇ ਗਾਇਤ੍ਰੀ ਤਰਪਣ ਪਿੰਡ

* ਵਜੰਗ ਹੈ ਕਿ ਸਾਰੀ ਸ੍ਰਿਸ਼ਟੀ ਵਿਚ ਤੀਰਥ ਬੀ ਈਸ਼ਰ ਰਚਨਾ ਦੇ ਹੀ ਹਨ, ਉਸ ਤੋਂ ਹੀ ਉਪਜੇ ਹਨ, ਤੇ ਤੀਰਥ ਸੇਵਨ ਦਾ ਅੰਤ ਓਥੇ ਲੀਨਤਾ ਹੈ, ਜਿਥੇ ਏਹ ਆਪ ਲੀਨ ਹੁੰਦੇ ਹਨ, ਸੋ ਸਮੁੰਦਰ ਹੈ। ਤਾ ਤੇ ਤੀਰਥ ਸੇਵਿਆ ਸਮੁੰਦਰ ਮਿਲੇਗਾ, ਮੁਕਤੀ ਨਹੀਂ ਮਿਲੇਗੀ।

ਪਤਲ ਕਰਕੇ ਪਿਤ੍ਰਲੋਕ ਨੂੰ ਪ੍ਰਾਪਤਿ ਹੋਈਦਾ ਹੈ ਤੇ ਨਾਮ ਦੇ ਜਪਣ ਕਰ ਵਾਹਿਗੁਰੂ ਦੇ ਚਰਨਾਂ ਤੇ ਜਾਇ ਪ੍ਰਾਪਤਿ ਹੋਈਦਾ ਹੈ। ਇਹ ਪਿਤ੍ਰ ਲੋਕ ਨੂੰ ਵਾਹਿਗੁਰੂ ਦੇ ਸਿਖ ਕਦ ਚਾਂਹਦੇ ਹੈਨ। ਜੈਸੇ ਪ੍ਰਿਥੀ ਪਤਿ ਰਾਜਾ ਇਕੁ ਪਿੰਡ ਤੇ ਰਾਜੀ ਨਹੀਂ ਹੁੰਦਾ, ਤੇ ਗਰੀਬ ਰਾਜੀ ਹੋਂਦਾ ਹੈ, ਤੈਸੇ ਨਰਕੀ ਜੀਵ ਪਿਤ੍ਰ ਲੋਕ ਤੇ ਰਾਜੀ ਹੁੰਦੇ ਹੈਨਿ, ਤੇ ਗੁਰੂ ਕੇ ਸਿਖ ਸੁਰਗ ਦੀ ਭੀ ਚਾਹ ਨਹੀਂ ਕਰਦੇ॥੯੦॥

## ਸਾਖੀ ਹੋਰ ਚਲੀ {ਭਾਈ ਗੋਇੰਦ ਗੋਲਾ ਆਦਿ}

**ਭਾਈ** ਗੋਇੰਦ ਤੇ ਗੋਲਾ ਤੇ ਮੋਹਣ ਜਾਤ ਦੇ ਕੁੱਕ ਗੁਰੂ ਅਰਜਨ ਜੀ ਦੀ ਸ਼ਰਨਿ ਆਏ: ਅਸਾਡਾ ਉਧਾਰ ਕਿਉਂ ਕਰ ਹੋਵੈ? ਸੋਈ ਉਪਦੇਸ਼ ਕਰੋ। ਤਾਂ ਬਚਨੁ ਹੋਇਆ: ਨਾਲੇ ਰਾਮ ਨਾਮ ਜਪਣਾ, ਨਾਲੇ ਸਾਥ ਹੀ ਮਰਨੁ ਚਿਤ ਰਖਣਾ। ਮਰਣੁ ਚਿਤਾਰਣ ਥੀਂ ਪਾਪ ਨਾ ਕਰੋਗੇ ਤੇ ਰਾਮ ਨਾਮ ਭਜਨ ਥੀਂ ਪਿਛਲੇ ਪਾਪ ਨਾਸ਼ ਹੋਵਨਿਗੇ, ਤੁਸਾਡਾ ਉਧਾਰੁ ਹੋਵੈਗਾ॥੯੧॥

## ਸਾਖੀ ਹੋਰ ਚਲੀ {ਜੋਧਾ ਤੇ ਜਾਮੂ ਧੁੱਟੇ}

**ਜੋਧਾ** ਤੇ ਜਾਮੂ ਧੁਟੇ ਗੁਰੂ ਅਰਜਨ ਜੀ ਦੀ ਸਰਣਿ ਆਏ: ਤੁਸਾਡਾ ਬਚਨੁ ਹੈ ਜੋ ਮਨ ਇਕਾਗਰ ਕਰਕੈ ਭਜਨੁ ਕਰਣਾ, ਸੋ ਅਸਾਡਾ ਮਨੁ ਇਕਾਗਰ ਨਹੀਂ ਹੁੰਦਾ। ਤਾਂ ਬਚਨੁ ਹੋਇਆ: ਅਗੇ ਤਾਂ ਤੁਸੀਂ ਮਨ ਦੇ ਸੁਭਾਵ ਨੂੰ ਨਹੀਂ ਸੇ ਜਾਣਦੇ, ਤੇ ਹੁਣ ਤਾਂ ਵਾਕਫ ਹੋਏ ਹੋ, ਜਿਵੇਂ ਮਨ ਨਿਕਲੈ ਤਿਵੈਂ ਫੇਰਿ ਆਣਿ ਜੋੜਨਾ। ਆਪੇ ਮਨ ਇਕਾਗਰ ਹੋਵੈਗਾ। ਤੁਸਾਡਾ ਕਲਿਆਣੁ ਹੋਵੈਗਾ ਤਾਂ ਓਨ੍ਹਾਂ ਦਾ ਏਸੇ ਕਰਕੈ ਕਲਿਆਣੁ ਹੋਇਆ॥੯੨॥

## ਸਾਖੀ ਹੋਰ ਚਲੀ {ਭਾਈ ਮੰਞ, ਪੁੰਨੂੰ, ਪੀਰਾਣਾ}

**ਭਾਈ** ਮੰਞ, ਪੁੰਨੂੰ ਤੇ ਭਾਈ ਪੀਰਾਣਾ ਗੁਰੂ ਅਰਜਨ ਜੀ ਦੀ ਸ਼ਰਨੀ ਆਏ। ਸੋ ਅਸਾਨੂੰ ਸਿਖੀ ਬਖਸ਼ੋ! ਤਾਂ ਬਚਨੁ ਹੋਇਆ: ਤੁਸੀਂ ਸਰਵਰ ਦੇ ਮੁਰੀਦ ਹੋ, ਤੇ ਸਿਖੀ ਦੁਰਲੱਭ ਹੈ। ਤੁਸੀਂ ਸਿਖੀ ਕਮਾਇ ਨਹੀਂ ਸਕੋਗੇ। ਤਬ ਓਨ੍ਹਾਂ ਅਰਦਾਸ ਕੀਤੀ: ਜੋ ਜੀ ਜਦ ਦਾ ਤੁਸਾਡਾ ਦਰਸਨੁ ਕੀਤਾ ਹੈ ਤੇ ਬਚਨ ਸੁਣੇ ਹੈਨਿ, ਤਦ ਦਾ ਅਸਾਡਾ ਮਨੁ ਸਰਵਰ ਥੀਂ ਮੁੜ ਗਇਆ ਹੈ; ਜੇ ਹਿੰਦੂ ਹੋ ਕੇ

ਅਸੀਂ ਮੁਸਲਮਾਨ ਨੂੰ ਮੰਨਦੇ ਹਾਂ, ਅਸਾਡਾ ਧਰਮੁ ਲੋਪ ਹੋਇ ਗਇਆ ਹੈ; ਜੋ ਤੁਸਾਡੀ ਸਰਨਿ ਆਈਐ ਤਾਂ ਅਸਾਡਾ ਕਲਿਆਣੁ ਹੋਵੈਗਾ। ਤਾਂ ਬਚਨੁ ਹੋਇਆ: ਜੋ ਪ੍ਰਿਥਮੈ ਤੁਸੀਂ ਮੁਕਾਮੁ ਸਰਵਰ ਦਾ ਢਾਹਿ ਆਵੋਗੇ ਤਾਂ ਬਹੁੜੋ ਏਥੇ ਆਵਣਾ। ਤਾਂ ਭਾਈ ਮੰਞ ਤੇ ਪਿਰਾਣਾਂ ਘਰ ਜਾਇਕੇ ਸਰਵਰ ਦਾ ਮੁਕਾਮੁ ਢਾਹਿ ਕੇ ਫੇਰ ਘਰਿ ਥੀਂ ਹਜ਼ੂਰ ਆਇ ਸ਼ਰਨਿ ਪਏ। ਤਾਂ ਬਚਨੁ ਹੋਇਆ ਏਥੇ ਪ੍ਰਿਥਮੇ ਸੇਵਾ ਟਹਿਲ ਸਿਖਾਂ ਦੀ ਕਰੋ, ਜੋ ਤੁਸਾਡੇ ਅੰਤਹਿਕਰਣ ਸੁਧ ਹੋਵਨਗੇ, ਤਾਂ ਤੁਸਾਂ ਨੂੰ ਉਪਦੇਸੁ ਦੇਵਾਂਗੇ। ਭਾਈ ਪਿਰਾਣੇ ਨੂੰ ਆਗਿਆ ਹੋਈ: ਤੁਸਾਂ ਲੰਗਰ ਦੇ ਜਲ ਦੀ ਟਹਿਲ ਕਰਨੀ; ਤੇ ਲੰਗਰ ਦੇ ਚੁਲ੍ਹੇ ਝੋਕਣੇ, ਤੇ ਭਾਈ ਮੰਞ ਨੂੰ ਆਗਿਆ ਹੋਈ ਜੋ ਤੁਸਾਂ ਲਕੜੀਆਂ ਹਜ਼ੂਰ ਦੇ ਲੰਗਰ ਦੀਆਂ ਲਿਆਵਣੀਆਂ, ਤੇ ਸਿਖਾਂ ਦੇ ਬਰਤਨ ਧੋਵਣੇ, ਤੇ ਦੁਇ ਵੇਲੇ ਤੁਸਾਂ ਕਥਾ ਗ੍ਰੰਥ ਜੀ ਦੀ ਪ੍ਰੀਤ ਕਰਕੈ ਸੁਨਣੀ; ਬਹੁੜੋ ਆਪਸ ਅੰਦਰ ਬੈਠ ਕੇ ਮਨਨ ਕਰਨਾ। ਤਾਂ ਸਦੀਵ ਓਹੁ ਏਸੇ ਪ੍ਰਕਾਰ ਸੇਵਾ ਕਰਨ, ਤੇ ਪ੍ਰਸਾਦੁ ਹਜ਼ੂਰ ਦੇ ਲੰਗਰ ਥੀਂ ਛਕਣ। ਤਾਂ ਇਕ ਦਿਨ ਸਾਹਿਬ ਪੁਛਿਆ: ਭਾਈ ਮੰਞ! ਤੁਸੀਂ ਪਰਸਾਦੁ ਕਿਥੋਂ ਖਾਂਵਦੇ ਹੋ? ਤਾਂ ਓਨ੍ਹਾਂ ਕਹਿਆ: ਅਸੀਂ ਲੰਗਰ ਥੀਂ ਪਰਸਾਦੁ ਖਾਂਦੇ ਹਾਂ। ਤਾਂ ਬਚਨੁ ਹੋਇਆ: ਜੇਹੀ ਟਹਿਲ ਕਰਕੇ ਪ੍ਰਸਾਦੁ ਖਾਧਾ ਸੋ ਤਾਂ ਮਜੂਰੀ ਹੋਈ! ਤਾਂ ਪ੍ਰਸਾਦੁ ਓਹੁ ਸਿਖਾਂ ਥੀਂ ਖਾਵਨਿ ਤੇ ਟਹਿਲ ਹਜ਼ੂਰ ਦੀ ਕਰਨਿ। ਤਾਂ ਬਚਨੁ ਹੋਇਆ: ਹੁਣ ਪ੍ਰਸਾਦੁ ਕਿਥੋਂ ਖਾਂਦੇ ਹੋ? ਤਾਂ ਓਨ੍ਹਾਂ ਕਹਿਆ: ਸਿਖਾਂ ਥੀਂ ਖਾਂਦੇ ਹਾਂ। ਤਾਂ ਬਚਨੁ ਹੋਇਆ: ਜੋ ਸਿਖੁ ਸ਼ਰਧਾ ਨਾਲਿ ਆਣਿ ਦੇਵੈ ਤਿਸ ਦੇ ਵਿਚੋਂ ਭੀ ਇਕੁ ਪ੍ਰਸਾਦੀ ਆਪ ਖਾਵਣੀ ਹੋਰੁ ਵਰਤਾਇ ਦੇਵਣਾ। ਤਾਂਤੇ ਓਨ੍ਹਾਂ ਦੇ ਸਰੀਰ ਖੀਣ ਹੋ ਗਏ। ਤਾਂ ਇਕ ਦਿਨ ਓਨ੍ਹਾਂ ਨੂੰ ਖ਼ਬਰ ਆਈ ਜੋ ਤੁਸਾਡੀਆਂ ਮਹੀਆਂ ਚੋਰ ਛਪਾ ਕੇ ਲੈ ਗਏ ਹੈਨਿ। ਤਾਂ ਬਚਨ ਹੋਇਆ: ਭਾਈ ਮੰਞ! ਭਾਈ ਪਿਰਾਣਾ! 'ਖੇਤੀ ਖਸਮਾਂ ਸੇਤੀ' ਤੁਸੀਂ ਘਰ ਦੀ ਖਬਰ ਲਹੋ, ਲੋਕ ਕਹਿੰਦੇ ਹੈਨਿ ਜੋ ਸਰਵਰੁ ਦਾ ਮੁਕਾਮ ਏਨ੍ਹਾਂ ਢਾਹਿਆ ਹੈ, ਤਾਂਤੇ ਏਨ੍ਹਾਂ ਦੇ ਪਦਾਰਥ ਖੀਣ ਹੋ ਗਏ ਹੈਨਿ, ਤੇ ਨਾਲੇ ਤੁਸਾਡੇ ਘਰ ਮੁਗਲਾਂ ਜਪਤ ਕੀਤੇ ਹੈਨਿ। ਤਾਂ ਓਨ੍ਹਾਂ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ! ਜੋ ਸੁਪਨੇ ਦਾ ਧਨ ਜਾਵੇ ਤਾਂ ਕਿਆ ਘਟਿ ਜਾਂਦਾ ਹੈ, ਤੁਸਾਡੀ ਕ੍ਰਿਪਾ ਤੇ ਅਸਾਨੂੰ ਸੱਚਾ ਧਨੁ ਵਾਹਿਗੁਰੂ ਕਾ ਨਾਮੁ ਪ੍ਰਾਪਤ ਹੋਇਆ ਹੈ। ਤਾਂ ਬਚਨ ਹੋਇਆ: ਤੁਸੀਂ ਸ੍ਵਾਸ ਸ੍ਵਾਸ ਵਾਹਿਗੁਰੂ ਕਾ ਨਾਮੁ ਜਪਿਆ ਕਰੋ। ਤੇ ਓਨ੍ਹਾਂ ਨੂੰ ਚਰਨਾਂ ਦੀ ਪਾਹੁਲ

ਦਿਤੀ ਤੇ ਸਿਖ ਕੀਤੇ। ਫੇਰ ਸਭ ਧਨ ਧਾਮ ਪੂਰਨ ਹੋ ਗਏ। ਤਾਂ ਓਨ੍ਹਾਂ ਅਰਦਾਸ ਕੀਤੀ: ਜੀ ਅਸਾਡਾ ਘਰ ਤੁਸਾਡੇ ਚਰਨਾਂ ਵਿਚ ਹੋਵੇ! ਇਕ ਦਿਨ ਭਾਈ ਮੰਞ ਲਕੜੀਆਂ ਨੂੰ ਗਇਆ ਸੀ ਤੇ ਅੰਧੀ ਆਈ, ਅਗੇ ਖੂਹ ਵਿਚ ਭਾਈ ਮੰਞ ਗਿਰ ਪੜਿਆ, ਪਰੁ ਲਕੜੀਆਂ ਸਿਰ ਥੀਂ ਨਾਂ ਉਤਾਰੀਆਂ, ਮਤ ਭਿਜ ਜਾਂਦੀਆਂ ਹੋਵਨਿ। ਤਾਂ ਸਾਹਿਬ* ਸ਼ਿਕਾਰ ਚੜ੍ਹੇ ਸੇ, ਤਿਸੀ ਖੂਹ ਤੇ ਆਏ। ਤਾਂ ਬਚਨੁ ਹੋਇਆ ਇਸ ਖੂਹ ਵਿਚ ਕੇਹੀ ਅਵਾਜ ਆਂਵਦੀ ਹੈ? ਤਾਂ ਸਿਖਾਂ ਪੁੱਛਿਆ, ਵਿਚੋਂ ਭਾਈ ਮੰਞ ਬੋਲਿਆ, ਤਾਂ ਸਿਖਾਂ ਬਾਗਡੋਰਾਂ ਵਹਾਈਆਂ, ਤਾਂ ਓਹੁ ਬੋਲਿਆ: ਪਹਿਲੇ ਲਕੜੀਆਂ ਬਾਹਰਿ ਕਢੋ, ਜੋ ਭਿੱਜਣ ਨਹੀਂ, ਪਿਛੋਂ ਮੈਂ ਨਿਕਲਾਂਗਾ। ਤਾਂ ਓਨ੍ਹਾਂ ਅਗੋਂ ਲਕੜੀਆਂ ਕਢੀਆਂ, ਤਾਂ ਪਿਛੋਂ ਭਾਈ ਮੰਞ ਨਿਕਲਿਆ, ਤਾਂ ਸਾਹਿਬ ਬਹੁਤ ਪ੍ਰਸੰਨ ਹੋਏ। ਓਹ ਚਰਨਾਂ ਤੇ ਗਿਰ ਪਇਆ, ਤਾਂ ਸਾਹਿਬ ਉਠਾਇਕੇ ਅੰਗ ਲਾਇਆ। ਓਸ ਨੂੰ ਤੀਨ ਕਾਲ ਦੀ ਸੋਝੀ ਹੋਇ ਆਈ। ਤਾਂ ਬਚਨ ਹੋਇਆ: ਪੁਰਖਾ ਕਿਛੁ ਮੰਗੁ! ਓਸ ਨੇ ਅਰਦਾਸ ਕੀਤੀ: ਗਰੀਬ ਨਿਵਾਜ ਜੋ ਕਿਛੁ ਤੁਸਾਂ ਦੇਣਾ ਹੈ ਸੋ ਦੇ ਰਹੇ ਹੋ; ਅਬ ਅਸਾਨੂੰ ਏਹੁ ਦਾਨ ਦੇਹੋ ਜੀ ਜੋ ਅਸਾਡੀ ਮੰਗਣ ਦੀ ਬ੍ਰਿਤ ਨਾਂ ਉਪਜੇ। ਤਾਂ ਬਚਨੁ ਹੋਇਆ: ਏਹ ਭੀ ਪ੍ਰਾਪਤਿ ਹੋਵੈਗਾ, ਕਛੁ ਹੋਰ ਭੀ ਮੰਗ! ਤਾਂ ਓਸ ਕਹਿਆ: ਜੋ ਫੇਰ ਸਿਖਾਂ ਨੂੰ ਇਤਨੀ ਤਾੜਨਾ ਨਾਂ ਕਰਵਾਈਐ ਜੀ ਕਲਿਜੁਗ ਦਾ ਸਮਾਂ ਹੈ। ਬਚਨੁ ਹੋਇਆ: ਉਹ ਭੀ ਕਰਾਂਗੇ, ਹੋਰੁ ਕਿਛੁ ਮੰਗੁ! ਤਾਂ ਓਸ ਅਰਦਾਸ ਕੀਤੀ: ਗਰੀਬ ਨਿਵਾਜ! ਸਿਦਕ ਦਾਨੁ ਦਿਚੈ, ਤਾਂ ਬਚਨੁ ਹੋਇਆ **"ਮੰਞ ਪਿਆਰਾ ਗੁਰੂ ਨੂੰ ਗੁਰ ਮੰਞ ਪਿਆਰਾ॥ ਮੰਞ ਗੁਰੂ ਕਾ ਬੋਹਿਥਾ ਜਗੁ ਲਘਣ ਹਾਰਾ॥"** ਭਾਈ ਮੰਞ ਤੇ ਪੀਰਾਣਾ! ਤੁਸਾਨੂੰ ਸਿਦਕੁ ਹੋਵੈਗਾ, ਨਾਲੇ ਤੁਸਾਡੀਆਂ ਮਿਲਿਆਂ ਹੋਰਨਾਂ ਨੂੰ ਸਿਦਕੁ ਹੋਵੈਗਾ॥੯੩॥

## ਸਾਖੀ ਹੋਰ ਚਲੀ {ਭਾਈ ਹਮਜਾ ਜੱਜਾ ਆਦਿ}

**ਭਾਈ** ਹਮਜਾ ਜੱਜਾ, ਭਾਈ ਬਾਲਾ ਮਰਵਾਹਾ, ਤੇ ਭਾਈ ਨਾਨੋ ਓਹਰੀ ਤੇ ਭਾਈ ਸੂਰੀ ਚਉਧਰੀ ਗੁਰੂ ਅਰਜਨ ਜੀ ਦੀ ਸਰਨਿ ਆਏ, ਤੇ ਅਰਦਾਸ ਕੀਤੀ: ਜੀ ਸਚੇ ਪਾਤਿਸ਼ਾਹਿ ਸ਼ਾਸਤ੍ਰ ਵਿਚ ਸੁਣਿਆ ਹੈ, ਜੋ ਕਾਂਸੀ ਪੁਰੀ ਦੀ

* ਏਥੇ ਲਿਖਾਰੀ ਦੀ ਕੁਛ ਉਕਾਈ ਪ੍ਰਤੀਤ ਦੇਂਦੀ ਹੈ।

 www.sikhbookclub.com

ਵੱਡੀ ਉਪਮਾਂ ਹੋਈ ਹੈ ਜੋ ਇਸਥਾਵਰ ਜੰਗਮ ਜਗਤ ਦੇ ਜੀਵ ਜੋ ਓਥੇ ਪ੍ਰਾਣ ਤਿਆਗਦੇ ਹੈਨਿ ਸੋ ਸ਼ਿਵਪੁਰੀ ਨੂੰ ਸਭ ਜਾਇ ਪ੍ਰਾਪਤਿ ਹੁੰਦੇ ਹੈਨਿ ਤੇ ਅਸੀਂ ਤੁਸਾਡੀ ਰਸਨਾਂ ਥੀ ਅੰਮ੍ਰਿਤਸਰ ਦੀ ਉਪਮਾਂ ਸੁਣੀ ਚਾਂਹਦੇ ਹਾਂ। ਤਾਂ ਬਚਨੁ ਹੋਇਆ: ਭਾਈ ਇਸ ਅੰਮ੍ਰਿਤਸਰ ਜੀ ਦੇ ਦੁਆਲੇ ਦੁਆਦਸ ਕੋਸ ਪਰਜੰਤ ਸਭ ਤੀਨ ਲੋਕ ਕੇ ਤੀਰਥ ਕਲਜੁਗ ਥੀਂ ਭੈਮਾਨ ਹੋਕਰ ਆਇ ਨਿਵਾਸ ਕੀਤਾ ਹੈ। ਪ੍ਰਿਥਮੇ ਅਸੀਂ ਤਰਨ ਤਾਰਨ* ਤੀਰਥ ਬਣਾਵਦੇ ਸੇ, ਤਾਂ ਗੁਰਮੁਖਿ ਸਿਖੁ ਸਦਾ ਕਿਰਤ ਕਰਕੈ ਆਪਣੀ ਕਮਾਈ ਵਿਚੋਂ ਇਕੁ ਰੁਪਯਾ ਮੇਲੇ ਦੇ ਮੇਲੇ ਲਿਆਂਵਦਾ ਸੀ! ਤੇ ਤਰਨੁ ਤਾਰਨ ਤੇ ਆਇਆ ਤਾਂ ਅੱਧਾ ਰੁਪਯਾ ਭੇਟ ਰਖਿਆ ਤੇ ਅੱਧਾ ਰੁਪਯਾ ਪੱਲੇ ਬੰਨ੍ਹ ਕੇ ਕਾਰ ਤਰਨ ਤਾਰਨ ਦੀ ਕਰਨ ਲਗਾ। ਤਾਂਤੇ ਅਸਾਡੇ ਮਨ ਵਿਚ ਵੀਚਾਰੁ ਆਇਆ ਜੋ ਅਸੀਂ ਅਧਾ ਤੀਰਥੁ ਏਹੁ ਰਚੀਏ। ਤੌ ਲਗ ਨੂਰਦੀ ਦੇ ਠਾਣੇ ਵਾਲੇ ਲੋਕ ਆਵੇ ਵਿਚੋਂ ਇੱਟਾਂ ਉਠਾਇਕੇ ਲੈ ਗਏ, ਤਾਂ ਅਸਾਂ ਬਚਨੁ ਕੀਤਾ ਜਿਸ ਸਮੇਂ ਏਨਾਂ ਦੇ ਐਰੇ ਪੱਟਕੇ ਏਹੁ ਇੱਟਾਂ ਲੈ ਆਵਾਂਗੇ ਤਿਸ ਸਮੇਂ ਉਸਰਾਂਗੇ। ਤੌ ਲਗੁ ਇਕੁ ਇਸਤ੍ਰੀ ਤੇ ਪੁਰਖ ਆਏ, ਜੋ ਗਰੀਬ ਨਿਵਾਜ ਜੀ! ਅਮਕੇ ਧਨੀ ਦੀ ਮੈਂ ਬੇਟੀ ਹਾਂ ਤੇ ਮੇਰੇ ਪਰ ਪਿਤਾ ਕੋਪ ਹੋਇਕੈ ਇਕੁ ਕੁਸਟੀ ਨਾਲਿ ਵਿਵਾਹੁ ਮੇਰਾ ਕੀਤਾ ਹੈ, ਤੇ ਮੈਂ ਇਸ ਨੂੰ ਖਾਰੇ ਵਿਚ ਪਾਇਕੇ ਲਈ ਫਿਰਦੀ ਸਾਂ, ਤਾਂਤੇ ਅੰਮ੍ਰਿਤਸਰ ਦੀ ਬੇਰ ਤਲੈ ਇਸ ਦਾ ਖਾਰਾ ਰਖਕੈ ਮੈਂ ਤੁੰਗੀਂ ਭਿਛਿਆ ਨੂੰ ਗਈ ਸਾਂ, ਉਸੀ ਠੌਰ ਵਿਸਾਖੀ ਕਾ ਦਿਨ ਸੀ ਤੇ ਕਾਂਉਂ ਉਸ ਜਲ ਵਿਚ ਇਸਨਾਨੁ ਕਰਕੈ ਸੁਫੇਦੁ ਹੋਇ ਗਇਆ, ਤੇ ਏਹੁ ਪੁਰਖ ਭੀ ਉਸ ਕੇ ਬੀਚ ਇਸਨਾਨੁ ਕਰਿਕੈ ਅਰੋਗੁ ਹੋਇਆ ਹੈ। ਸਭੇ ਪਤੇ ਇਸ ਦੇ ਮੈਂ ਪਛਾਣਦੀ ਹਾਂ ਪਰੁ ਮੈਨੂੰ ਪਰਤੀਤ ਨਹੀਂ ਆਂਵਦੀ; ਤੁਸੀਂ ਕ੍ਰਿਪਾ ਕਰਕੈ ਦੱਸੋ। ਤਾਂ ਅਸਾਂ ਅੰਤਰਿ ਧਿਆਨ ਹੋਇਕੈ ਦੇਖਿਆ ਤਾਂ ਅਸਾਨੂੰ ਸਤਿਗੁਰਾਂ ਦੀ, ਸਾਹਿਬ ਤੀਸਰੀ ਪਾਤਿਸਾਹੀ ਦੀ, ਆਗਿਆ ਹੋਈ ਜੋ ਇਸ ਇਸਤ੍ਰੀ ਦਾ ਭਰਤਾ ਏਹੀ ਪੁਰਖੁ ਹੈ, ਅਰੁ ਅਸਾਂ ਬਾਵਲੀ ਜੀ ਪ੍ਰਿਥਮ ਤੀਰਥੁ ਗੋਇੰਦਵਾਲ ਜੀ ਰਚਿਆ ਹੈ, ਓਸ ਦੀਆਂ ਚੌਰਾਸੀ ਪੌੜੀਆਂ ਕੀਤੀਆਂ ਹੈਨਿ, ਜੋ ਜਪੁਜੀ ਦਾ ਭੋਗ ਇਕ ਮਨ ਹੋ ਕੇ ਪਉੜੀਆਂ ਤੇ ਭੋਗੁ ਪਾਏਗਾ ਸੋ ਚੌਰਾਸੀ

* ਲਿਖਾਰੀ ਦੀ ਉਕਾਈ ਜਾਪਦੀ ਹੈ, ਇਥੇ ਸੰਤੋਖ ਸਰ ਚਾਹੀਏ। ਤਰਨ ਤਾਰਨ ਅੰਮ੍ਰਿਤ ਸਰਵੋਰ ਤੋਂ ਪਿਛੋਂ ਬਣਿਆ ਇਤਿਹਾਸ ਦੱਸਦੇ ਹਨ।

ਥੀਂ ਬਚੇਗਾ, ਤੇ ਏਹੁ ਅੰਮ੍ਰਿਤਸਰ ਤੀਰਥ ਤੁਸਾਂ ਰਚਨਾ ਤੇ ਬੀਚ ਹਰਿਮੰਦਰ ਰਚਣਾ ਤੇ ਬੀਚ ਗ੍ਰੰਥ ਜੀ ਰਖਣਾ। ਜੋ ਈਹਾਂ ਇਸਨਾਨੁ ਕਰਿਕੈ ਤੇ ਧਿਆਨੁ ਲਾਇਕੈ ਗ੍ਰੰਥ ਜੀ ਸੁਣੇਗਾ ਉਸ ਦੇ ਸਭ ਪਿਤਰਾਂ ਦਾ ਉਧਾਰੁ ਹੋਵੈਗਾ। ਤੇ ਬਚਨੁ ਹੋਇਆ: ਜਿਸ ਅਸਥਾਨੁ ਗੁਰੂ ਰਾਮਦਾਸ ਦਾ ਸਰੀਰ ਹੋਮਿਆ ਹੈ ਓਥੇ ਹੀ ਹਰਿਮੰਦਰ ਖੜਾ ਕਰਨਾ। ਗੁਰੂ ਰਾਮਦਾਸ ਜੀ ਵਿਸਨ ਰੂਪ ਹੈਸਨਿ ਤੇ ਵਿਸਨ ਕਾ ਨਾਮੁ ਹਰਿ ਭੀ ਕਹਿੰਦੇ ਹਨ, ਤਾਂਤੇ ਇਸ ਕਾ ਨਾਮੁ ਹਰਿਮੰਦਰ ਹੈ। ਬਹੁੜੋ ਨਾਮ ਤੇ ਨਾਮੀ ਭੇਦੁ ਕਛੁ ਨਾਹੀਂ। ਸੋ ਅਠੇ ਪਹਿਰ ਈਹਾਂ ਨਾਮ ਕਾ ਉਚਾਰ ਹੋਵੈਗਾ। ਤਾਂਤੇ ਭੀ ਹਰਿਮੰਦਰ ਨਾਮੁ ਹੋਵੈ। ਜੈਸੇ ਸਾਰੀ ਗੰਗਾ ਥੀਂ ਹਰਿ ਦੁਆਰ ਦਾ ਮਹਾਤਮ ਵਿਸ਼ੇਖ ਹੈ ਤੈਸੇ ਹਰਿਮੰਦਰ ਕੇ ਬੀਚ ਹਰਿ ਕੀਆ ਪਉੜੀਆਂ ਰਚਣੀਆਂ। ਓਸ ਜਗਾ ਦੇ ਇਸਨਾਨ ਦਾ ਫਲੁ ਸਭ ਥੀਂ ਅਧਿਕ ਹੋਵੈਗਾ। ਤਬ ਅਸਾਂ ਅਰਦਾਸ ਕੀਤੀ: ਏਹੁ ਤਰਨ ਤਾਰਨ ਜੋ ਤੀਰਥ ਰਚਿਆ ਹੈ? ਤਾਂ ਆਗਿਆ ਹੋਈ: ਏਹੁ ਤੀਰਥੁ ਭੀ ਨਾਲੇ ਸਿਖਾਂ ਦੇ ਰੋਗ ਗਵਾਏਗਾ, ਸਾਥ ਹੀ ਪਰਲੋਕ ਦੀ ਗਤਿ ਦੇਵੈਗਾ ਤੇ ਸਮਾਂ ਪਾਇਕੇ ਪੱਕਾ ਹੋਵੈਗਾ ਤੇ ਉਮੱਸਿਆ ਦੇ ਇਸਨਾਨ ਦਾ ਈਹਾਂ ਬਡਾ ਮਹਾਤਮੁ ਹੋਵੈਗਾ। ਅਬ ਤੁਮ ਅੰਮ੍ਰਿਤਸਰੁ ਤਿਆਰੁ ਕਰੋ ਤੇ ਜੋ ਥੇਹੁ ਅੰਮ੍ਰਿਤਸਰ ਦੇ ਪਾਸ ਹੈ ਓਸ ਨੂੰ ਖੋਦਣਾ ਓਥੇ ਇਕੁ ਜੋਗੀ ਬੈਠਾ ਹੈ, ਓਸ ਨੂੰ ਤੁਸਾਂ ਥੀਂ ਗਿਆਨੁ ਹੋਵੈਗਾ, ਤਾਂ ਅਸੀਂ ਅੰਮ੍ਰਿਤਸਰ ਜੀ ਆਏ ਤੇ ਥੇਹੁ ਖੋਦਿਆ ਤੇ ਏਸ ਦੇ ਵਿਚੋਂ ਇਕੁ ਮਟੁ ਨਿਕਲਿਆ। ਇਕੁ ਜੋਗੀ ਬੈਠਾ ਸੀ ਸਮਾਧਿ ਲਾਇਕੈ, ਤਾਂ ਓਸ ਦੇ ਚਰਨਾਂ ਤੇ ਪੁਟਣੀਆਂ ਤੇ ਮੱਖਣ ਤੇ ਕਸਤੂਰੀ ਮਲਕੇ ਸੁਚੇਤੁ ਕੀਤਾ, ਤਾਂ ਓਸ ਨੇ ਦਰਸਨੁ ਕੀਤਾ। ਤਾਂ ਜੋਗੀ ਕਹਿਆ: ਜੋ ਅਸਾਡਾ ਜਨਮੁ ਸਫਲੁ ਹੋਇਆ। ਈਹਾਂ ਦੁਆਦਸ ਕੋਸ ਪਰਜੰਤ ਅੰਮ੍ਰਿਤਸਰ ਹੈ। ਸਭ ਤੀਰਥ ਏਸੇ ਜਗਾ ਨਿਵਾਸ ਕਰਨਗੇ ਤੇ ਕੋਸ ਭਰ ਚਉਫੇਰੇ ਇਸਦਾ ਮਧਿਆਨ ਹੈ। ਏਥੇ ਹੀ ਹੈ ਤਾਲੁ ਜੋ ਗੁਰੂ ਰਾਮਦਾਸ ਜੀ ਦਿਵਾਇਆ ਹੈ, ਇਸਦੀ ਅਬਚਲ ਨੀਵ ਕਰਨੀ ਹੈ ਤੇ ਇਸ ਦੇ ਬੀਚ ਭੀ ਤੇ ਉਦਾਲੇ ਭੀ ਨਿਰੰਕਾਰ ਕੇ ਨਾਮ ਕੀ ਸੋਭਾ ਸਦਾ ਹੋਵੇਗੀ। ਮੈਂ ਤ੍ਰੇਤੇ ਜੁਗ ਸਮੇਂ ਰਾਜੇ ਜਨਕ ਦਾ ਸਿਖ ਥਾ ਤੇ ਮੁਝੇ ਗਿਆਨੁ ਦ੍ਰਿੜ ਨਹੀਂ ਸੀ ਹੂਆ ਤਾਂ ਮੈਨੂੰ ਓਸ ਸਮੇਂ ਰਾਜੇ ਜਨਕ ਜੀ ਕਹਿਆ: ਤੂੰ ਈਹਾਂ ਹੀ ਬੈਠ, ਜੋਗ ਸਾਧਨਾ ਕਰੁ; ਕਲਿਜੁਗ ਦੇ ਸਮੇਂ ਗੁਰੂ ਨਾਨਕ ਜੀ ਦਾ ਔਤਾਰੁ, ਪੰਜਵਾਂ ਔਤਾਰੁ, ਗੁਰੂ ਅਰਜਨ ਜੀ ਦਾ ਤੁਸਾਂ ਨੂੰ ਉਪਦੇਸ਼ ਦੇਵੇਗਾ; ਤਾਂ ਤੇ ਮੈਂ

ਤੁਸਾਡੇ ਦਰਸ਼ਨ ਹੀ ਕਰ ਮੁਕਤ ਹੋਇਆ ਹੌਂ ਅਰੁ ਪ੍ਰਸ਼ਨ ਕਰਤਾ ਹੌਂ, ਜੋ ਜਗਤੁ ਸਚੁ ਹੈ ਕਿ ਝੂਠ ਹੈ? ਜੇ ਝੂਠ ਹੈ ਤਾਂ ਪਰਤਖ ਕਿਉਂ ਭਾਸਤਾ ਹੈ? ਜੇ ਸਚੁ ਹੈ ਤਾਂ ਗਿਆਨਵਾਨਾਂ ਦਾ ਦੂਰ ਕਿਉਂ ਹੋਇ ਜਾਂਦਾ ਹੈ? ਤਾਂ ਬਚਨੁ ਹੋਇਆ: ਜੈਸੇ ਸੁਪਨੇ ਦੀ ਸਮਗ੍ਰੀ ਸੁਪਨੇ ਵਿਖੇ ਸਚੁ ਭਾਸਤੀ ਹੈ ਤੇ ਜਾਗ੍ਰਤ ਸਮੇਂ ਨਸ਼ਟ ਹੋ ਜਾਤੀ ਹੈ; ਤੈਸੇ ਜਗਤ ਭੀ ਤੇ ਸਰੀਰ ਭੀ ਅਗਿਆਨ ਕਾਲ ਮੌਂ ਸਚੁ ਹੈ ਤੇ ਗਿਆਨ ਕੋ ਪ੍ਰਾਪਤਿ ਹੋਇਆਂ ਦੂਰ ਹੋ ਜਾਂਦਾ ਹੈ। ਸੂਹੀ ਮੈ ਸਬਦੁ ਹੈ:-

**"ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥ ਸਾਂਗੁ ਉਤਾਰਿ ਥੰਮਿਓ ਪਾਸਾਰਾ॥ ਤਬ ਏਕੋ ਏਕੰਕਾਰਾ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥੧॥ਰਹਾਉ॥ ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥੨॥ ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥"**

{ਪੰਨਾ ੭੩੬}

ਤਾਂ ਬਚਨੁ ਹੋਇਆ: ਜੈਸੇ ਬਾਜੀਗਰ ਦੀ ਬਾਜੀ ਝੂਠੀ ਹੈ ਤੇ ਬਾਜੀਗਰੁ ਸਚ ਹੈ। ਜੈਸੇ ਪੁਤ੍ਰੀਆਂ ਕੋ ਖਿਲਾਵਤਾ ਹੈ ਤੈਸੇ ਖੇਲਤੀਆਂ ਹੈਨਿ। ਤਾਂ ਜੋਗੀ ਨੇ ਕਿਹਾ: ਤਾਂਤੇ ਜਗਤੁ ਅਭੰਭਵਾਦ ਹੋਇਆ। ਜੋ ਬਾਜੀਗਰੁ ਕਿਸੇ ਅਸਥਾਨ ਥੀਂ ਕਾਠੁ ਲੀਤਾ ਹੈ, ਕਿਸੇ ਅਸਥਾਨ ਥੀਂ ਹਥੀਆਰ ਪੁਤਰੀਆਂ ਘੜਨ ਵਾਲੇ ਲੀਤੇ ਹੈਨਿ ਤੇ ਪੁਤ੍ਰੀਆਂ ਬਣਾਈਆਂ ਹੈਨਿ ਤੇ ਪ੍ਰਣਾਮਵਾਦੁ ਕੰਚਨ ਕੇ ਭੂਖਨ ਨਾਨਾ ਪ੍ਰਕਾਰ ਕੇ ਹੋਤੇ ਹੈਨਿ: ਸੋਈ ਕੰਚਨੁ ਪ੍ਰਣਾਮਕੇ ਭੂਖਨ ਹੋ ਜਾਤਾ ਹੈ, ਤੈਸੇ ਬ੍ਰਹਮ ਹੀ ਪ੍ਰਣਾਮਕੇ ਜਗਤੁ ਹੋ ਗਇਆ ਹੈ। ਤਾਂ ਬਚਨੁ ਹੋਇਆ: ਪ੍ਰਣਾਮਵਾਦੁ ਸੋ ਹੋਤਾ ਹੈ ਜੋ ਆਪਣੇ ਸਰੂਪ ਨੂੰ ਤਿਆਗ ਜਾਤਾ ਹੈ, ਤਾਂਤੇ ਕੰਚਨ ਭੂਖਨਾਂ ਸਮੇਂ ਭੀ ਭੂਖਨ ਸੂਰਨ ਹੀ ਹੈ ਤੇ ਤਰੰਗ ਜਲ ਕੇ ਸਮੇਂ ਭੀ ਜਲ ਹੈ। ਤਾਂਤੇ ਵਿਵਰਤਵਾਦੁ ਹੈ। ਸੁਇਨੇ ਕੇ ਭੂਖਨ ਭੀ ਸਵਰਨ ਹੀ ਹੈਨਿ ਤੇ ਜਲ ਕੇ ਤਰੰਗ ਭੀ ਜਲੁ ਹੀ ਹੈਂ, ਤੈਸੇ ਜਗਤੁ ਬ੍ਰਹਮ ਹੀ ਰੂਪ ਹੈ। ਜਿਨ੍ਹਾਂ ਨੇ ਇਸ ਪ੍ਰਕਾਰ ਜਗਤ ਨੂੰ ਪਛਾਤਾ ਹੈ ਸੋਈ ਜੀਵਨ ਮੁਕਤ ਹੈਨਿ। ਜੈਸੇ ਅਕਾਸ ਮੇਂ ਸਹੰਸ ਘਟ ਮਟ ਹੋਤੇ ਹੈਨਿ ਤੇ ਅਕਾਸ ਘਟਾ ਦੇ ਬਣਾਵਣ ਥੀਂ ਬਨਿਆ ਨਹੀਂ ਤੇ ਬਿਨਸਨ ਤੇ ਬਿਨਸਿਆ ਨਾਹੀਂ। ਤੈਸੇ ਬ੍ਰਹਮੁ ਜਗਤ ਕੇ ਉਪਜਨ ਤੇ ਉਪਜਿਆ ਨਹੀਂ

ਅਰੁ ਬਿਨਸਨ ਤੇ ਬਿਨਸਤਾ ਨਹੀਂ। ਏਕ ਹੀ ਬੀਜੁ ਸਭਨੋਂ ਫਲੋਂ ਵਿਖੇ ਹੋਤਾ ਹੈ। ਤੈਸੇ ਏਕ ਹੀ ਬ੍ਰਹਮ ਸਭ ਅਸਥਾਵਰ ਜੰਗਮ ਵਿਖੇ ਵਿਆਪਕ ਵਿਵਰਤਵਾਦੁ ਹੈ। ਭਰਮ ਕਰ ਭਾਸਤਾ ਹੈ। ਤਾਂਤੇ ਜੋਗੀ ਬੋਲਿਆ: ਅਬ ਮੇਰੀ ਨਿਸਚਾ ਭਈ ਹੈ; ਜੋ ਕੁਛ ਮੈਂ ਜਾਣਨਾ ਥਾ ਸੋ ਮੈਂ ਜਾਤਾ ਹੈ, ਅਬ ਮੈਂ ਸਰੀਰ ਤਿਆਗਦਾ ਹਾਂ। ਤਾਂਤੇ ਸੰਤੋਖਸਰ ਦੇ ਉਪਰ ਜੋਗੀ ਨੇ ਮਿੱਟੀ ਲੀਤੀ। ਤਾਂ ਸਾਹਿਬ ਆਇਕੇ ਅੰਮ੍ਰਿਤਸਰ ਜੀ ਦੀ ਤਿਆਰੀ ਕੀਤੀ। ਪੌੜੀਆਂ ਚਉਫੇਰੇ ਮਸੰਦਾਂ ਨੂੰ ਬਾਹੀਆਂ ਵੰਡਿ ਦਿੱਤੀਆਂ। ਤਾਂ ਬਚਨੁ ਹੋਇਆ ਜੇ ਪੱਕੀਆਂ ਬਾਹੀਆਂ ਕਰੋਗੇ ਤਾਂ ਤੁਸਾਡੀਆਂ ਧੂਨੀਆਂ ਪੱਕੀਆਂ ਹੋਵੈਂਗੀ, ਜੇ ਪੋਲੀਆਂ ਬਣਾਵਹੁਗੇ ਤਾਂ ਤੁਸਾਡਾ ਪੋਲੁ ਉੱਘੜ ਜਾਵੈਗਾ। ਬਹੁੜੋ ਹਰਿਮੰਦਰ ਦੇ ਅਸਥਾਨ ਖਲੋਇਕੈ ਸਬਦ ਉਚਾਰਿਆ:

**ਸੋਰਠਿ ਮਹਲਾ ੫॥**

**ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥ ਮਜਨੁ ਗੁਰ ਆਂਦਾ ਰਾਸੇ॥ ਜਪਿ ਹਰਿ ਹਰਿ ਕਿਲਵਿਖ ਨਾਸੇ॥੧॥ ਸੰਤਹੁ ਰਾਮਦਾਸ ਸਰੋਵਰੁ ਨੀਕਾ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥੧॥ਰਹਾਉ॥ ਜੈ ਜੈ ਕਾਰੁ ਜਗੁ ਗਾਵੈ॥ ਮਨਿ ਚਿੰਦਿਅੜੇ ਫਲ ਪਾਵੈ॥ ਸਹੀ ਸਲਾਮਤਿ ਨਾਇ ਆਏ॥ ਅਪਣਾ ਪ੍ਰਭੂ ਧਿਆਏ॥੨॥ ਸੰਤ ਸਰੋਵਰ ਨਾਵੈ॥ ਸੋ ਜਨੁ ਪਰਮਗਤਿ ਪਾਵੈ॥ ਮਰੈ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥੩॥ ਇਹੁ ਬ੍ਰਹਮ ਬਿਚਾਰੁ ਸੁ ਜਾਨੈ॥ ਜਿਸੁ ਦਇਆਲੁ ਹੋਇ ਭਗਵਾਨੈ॥ ਬਾਬਾ ਨਾਨਕ ਪ੍ਰਭ ਸਰਣਾਈ॥ ਸਭ ਚਿੰਤਾ ਗਣਤ ਮਿਟਾਈ॥੪॥** {ਪੰਨਾ ੬੨੩}

**-ਤਿਸ ਦਾ ਵੀਚਾਰ-**

ਜਿਸ ਸਮੇਂ ਈਸ਼ੁਰ ਦਾ ਧਿਆਨੁ ਧਾਰਿਆ ਤਾਂ ਈਸਰੁ ਪ੍ਰਤੱਖ ਹੋਇਆ। ਤਾਂ ਆਗਿਆ ਹੋਈ ਜੋ ਮੈਂ ਸਰਗੁਣ ਰੂਪ ਧਾਰਿ ਕੇ ਇਸ ਬੀਚ ਚਰਨ ਧਾਰੈ ਹੈਨਿ, ਔਰ ਨਿਰਗੁਣ ਰੂਪ ਮੇਰਾ ਨਾਮੁ ਹੈ। ਸੋ ਮੈਂ ਦੋਨੋਂ ਰੂਪ ਇਸ ਮੈਂ ਵਰਤੋਂਗਾ। ਜੋ ਇਸਨਾਨ ਕਰੈਗਾ ਉਸਕੇ ਮਜਨ ਸਿਮਰਨਿ ਤੇ ਸਭ ਕਿਲਵਿਖ ਨਾਸ਼ ਹੋਵਨਿਗੇ। ਤੇ ਸੰਤ ਜਨਾ ਹੇ! ਏਹੁ ਰਾਮਦਾਸੁ ਸਰੋਵਰੁ ਬਹੁਤ ਨੀਕਾ ਹੋਵੈਗਾ, ਜੋ

ਇਸਨਾਨੁ ਕਰੈਗਾ ਉਸ ਦੇ ਕੁਲਾਂ ਦਾ ਉਧਾਰੁ ਹੋਵੈਗਾ। ਜੋ ਜੈ ਜੈ ਕਾਰ ਦੇ ਸਬਦ ਗਾਵੈਗਾ ਉਸਦੇ ਮਨ ਬਾਂਛਤ ਕਾਰਜ ਸਿਧ ਹੋਵਨਿਗੇ, ਨਾਮੁ ਧਿਆਵਨਿਗੇ ਸੋ ਸਲਾਮਤਿ ਰਹਨਿਗੇ, ਗਿਆਨ ਨੂੰ ਪ੍ਰਾਪਤ ਹੋਵਨਿਗੇ। ਤੇ ਜੋ ਇਸ ਦੀ ਸਰਨਿ ਸਦਾ ਰਹਿਨਗੇ, ਸੋ ਤੀਨ ਤਾਪ ਥੀਂ, ਚਿੰਤਾ ਥੀਂ ਨਿਵਰਿਤ ਹੋਵਨਿਗੇ। ਜੋ ਸੰਤ ਸਰੋਵਰ ਹੈ ਤਿਸ ਵਿਚ ਜੋ ਇਸਨਾਨੁ ਕਰੇਗਾ ਸੋ ਮਨੁਖ ਪਰਮਗਤਿ ਨੂੰ, ਮੁਕਤਿ ਨੂੰ ਪ੍ਰਾਪਤ ਹੋਵੇਗਾ। ਜੋ ਇਸ ਬਿਖੈ ਨਾਮ ਦਾ ਮਹਾਤਮੁ ਹੈ ਤਿਸ ਵਿਖੇ ਜੋ ਜੋ ਮਨ ਨੂੰ ਇਸਨਾਨੁ ਕਰਾਵਨਿਗੇ ਸੋ ਜਨਮ ਮਰਨ ਥੀਂ ਰਹਤ ਹੋਵਨਗੇ; ਜੋ ਸਾਥ ਹੀ ਇਸਨਾਨ ਕਰਨਗੇ, ਸਾਥ ਹੀ ਨਾਮ ਦਾ ਉਚਾਰੁ ਕਰਨਿਗੇ। ਤੇ ਜੇ ਇਸ ਜਗਾ ਸਰੀਰ ਦਾ ਤਿਆਗੁ ਕਰਨਿਗੇ ਸੋ ਮੇਰੇ ਪਰਮਪਦ ਕੋ ਪਰਾਪਤਿ ਹੋਵਨਿਗੇ। ਅਸਥਾਵਰ ਜੰਗਮ ਜੋ ਏਥੇ ਸਰੀਰੁ ਤਿਆਗੇਗਾ ਸੋ ਮੇਰੀ ਭਗਤਿ ਓਸ ਨੂੰ ਮਿਲੇਗੀ। ਇਸ ਦੇ ਦੁਆਲੇ ਚਰਨ ਚਰਨ ਸੌ ਸੌ ਤੀਰਥ ਇਸਥਿਤ ਹੋਵੈਗਾ॥੬੪॥

## ਸਾਖੀ ਹੋਰ ਚਲੀ {ਭਾਈ ਕਾਲਾ ਤੇ ਨਿਹਾਲੂ}

**ਕਾਲਾ** ਮੇਹਰਾ ਤੇ ਨਿਹਾਲੂ ਪਰਬਤਾਂ ਵਿਚ ਰਹਿੰਦੇ ਸੇ ਤੇ ਆਇਆਂ ਸਿਖਾਂ ਦੀ ਬਹੁਤ ਸੇਵਾ ਕਰਦੇ ਸੇ, ਤੇ ਹਜ਼ੂਰ ਦਰਸ਼ਨ ਨੂੰ ਆਏ ਹੈਸਨਿ। ਤਿਨ੍ਹਾਂ ਪ੍ਰਸ਼ਨ ਕੀਤਾ: ਜੋ ਗਰੀਬ ਨਿਵਾਜ ਜੀ! ਜੋ ਏਥੇ ਅੰਮ੍ਰਿਤਸਰ ਤਾਮਸੀ ਪਾਪੀ ਰਹਨਗੇ ਓਨ੍ਹਾਂ ਦੀ ਗਤਿ ਕਿਉਂ ਕਰ ਹੋਵੈਗੀ? ਤਾਂ ਬਚਨੁ ਹੋਇਆ: ਤਾਮਸੀ ਭੂੰਡਾਂ ਤੇ ਕਾਕਾਂ ਤੇ ਪ੍ਰੇਤਾਂ ਤੇ ਕੂਕਰਾਂ ਤੇ ਚੂਹਿਆਂ ਤੇ ਸਰਪਾਂ ਦੀ ਜੂਨਾਂ ਭੋਗਨਿਗੇ ਪਰੁ ਜੋ ਏਸੇ ਇਸਥਾਨ ਬਾਰੰਬਾਰ ਸਰੀਰ ਨੂੰ ਤਿਆਗਨਗੇ ਓਹ ਭੀ ਮੇਰੀ ਭਗਤਿ ਨੂੰ ਪ੍ਰਾਪਤਿ ਹੋਵਨਿਗੇ। ਚੌਰਾਸੀ ਥੀਂ ਛੁਟਨਿਗੇ॥੬੫॥

## ਸਾਖੀ ਹੋਰ ਚਲੀ {ਭਾਈ ਕਕਾ ਕਾਲਊ}

**ਕਕਾ** ਜਾਤ ਦਾ ਕਾਲਊ ਸੀ, ਬਡਾ ਸੂਰਮਾ ਸੀ, ਓਸ ਅਰਦਾਸ ਕੀਤੀ ਜੀ ਸੂਰਮੇ ਨੂੰ ਕਿਆ ਪਦਵੀ ਪ੍ਰਾਪਤ ਹੁੰਦੀ ਹੈ? ਤਾਂ ਬਚਨੁ ਹੋਇਆ: ਜੋ ਧਰਮ ਦੇ ਜੁੱਧ ਤੇ ਸਰੀਰੁ ਤਿਆਗਦੇ ਹੈਨ ਤੇ ਅੰਤ ਕਾਲਿ ਵਾਹਿਗੁਰੂ ਦਾ ਨਾਮੁ ਸਿਮਰਨ ਕਰਦੇ ਹੈਨਿ ਸੋ ਪਰਮਗਤਿ ਨੂੰ ਪ੍ਰਾਪਤਿ ਹੁੰਦੇ ਹੈਨਿ। ਤੇ ਮਾਰ ਮਾਰ ਕਰਕੈ ਜੋ ਸਰੀਰ ਤਿਆਗਦੇ ਹੈਨਿ ਸੋ ਭੀ ਸ੍ਵਰਗ ਦੀਆਂ ਬਰੰਗਨਾਂ ਨੂੰ ਵਰ ਕੈ ਫੇਰ ਮਾਨੁਖ ਔਤਾਰ ਧਾਰਿਕੈ ਰਾਜੇ ਆਣਿ ਹੁੰਦੇ ਹੈਨਿ॥੬੬॥

## ਸਾਖੀ ਹੋਰ ਚਲੀ {ਭਾਈ ਸੱਦੂ ਤੇ ਰਾਮਦਾਸ}

**ਭਾਈ** ਸਦੂ ਤੇ ਭਾਈ ਰਾਮਦਾਸ ਗੁਰਾਂ ਦੇ ਬਚਨਿ ਮੰਨਦੇ ਸਨ। ਓਨ੍ਹਾਂ ਨੇ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ! ਅਸੀਂ ਤਾਂ ਅੰਮ੍ਰਿਤਸਰ ਹੀ ਰਹਾਂਗੇ ਤੇ ਸਰੀਰੁ ਤਿਆਗਾਂਗੇ॥੬੭॥

## ਸਾਖੀ ਹੋਰ ਚਲੀ {ਭਾਈ ਸਭਾਗਾ ਤੇ ਉਗਵੰਦਾ}

**ਸੇਠ** ਸਭਾਗਾ ਤੇ ਉਗਵੰਦਾ ਅਰੋੜੇ ਚੂਹਣੀਆਂ ਵਿਚ ਰਹਿੰਦੇ ਸਨ ਤੇ ਸਿਖਾਂ ਦੀ ਸੇਵਾ ਟਹਿਲ ਕਰਨ ਤੇ ਰਾਤ ਦਾ ਜਾਗ੍ਰਣ ਕਰਣ ਤੇ ਉਤਮ ਪ੍ਰਸਾਦੁ ਸਿਖਾਂ ਨੂੰ ਖਵਾਵਨਿ ਤੇ ਬਸਤ੍ਰ ਸਿਖਾਂ ਨੂੰ ਪਹਿਰਾਵਣਿ॥੬੮॥

 www.sikhbookclub.com

## ਪਉੜੀ ਚੌਬੀਸਵੀਂ ਚਲੀ॥੨੪॥

### ਪੰਜਾਬ ਦੇ ਹੀ ਸਿੱਖ

**ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਰ ਕਮਾਈ।**
**ਲਟਕਣੁ ਘੂਰਾ ਜਾਣੀਐ ਗੁਰਦਿਤਾ ਗੁਰਮਤਿ ਗੁਰ ਭਾਈ।**
**ਕਾਟਾਰਾਉ ਸਰਾਫ ਹੈ ਭਗਤ ਵਡਾ ਭਗਵਾਨ ਸੁਭਾਈ।**
**ਸਿਖ ਭਲਾ ਰਵਿਤਾਸ ਵਿਚਿ ਧਉਣੁ ਮੁਰਾਰੀ ਗੁਰ ਸਰਣਾਈ।**
**ਆਡਿਤ ਸੁਇਨੀ ਸੂਰਮਾ ਚਰਣ ਸਰਣਿ ਚੂਹੜੁ ਜੇ ਸਾਈਂ।**
**ਲਾਲਾ ਸੇਠੀ ਜਾਣੀਐ ਜਾਨ ਨਿਹਾਲੂ ਸਬਦਿ ਲਿਵਲਾਈ।**
**ਰਾਮਾ ਝੰਝੀ ਆਖੀਐ ਹੇਮੂ ਸੋਈ ਗੁਰਮਤਿ ਪਾਈ।**
**ਜਟੂ ਭੰਡਾਰੀ ਭਲਾ ਸਾਹਦਰੈ ਸੰਗਤਿ ਸੁਖਦਾਈ॥**
**ਪੰਜਾਬੈ ਗੁਰ ਦੀ ਵਡਿਆਈ॥੨੪॥**

### ਸਾਖੀ ਹੋਰ ਚਲੀ {ਪੈੜਾ ਤੇ ਜੇਠਾ}

**ਪੈੜਾ** ਚੰਡਾਲੀਆ ਤੇ ਜੇਠਾ ਸੇਠੀ ਗੁਰੂ ਅਰਜਨ ਜੀ ਦੀ ਸਰਣਿ ਗਏ: ਜੋ ਤੁਸਾਡੇ ਬਚਨਿ ਕਰਕੇ ਅਸੀਂ ਕਿਰਤ ਕਰੈ ਪ੍ਰਸਾਦੁ ਸਿਖਾਂ ਨਾਲ ਬਰਤਾਇ ਖਾਂਦੇ ਹਾਂ, ਪਰ ਅਸਾਨੂੰ ਬ੍ਰਹਮਣ ਕਹਿੰਦੇ ਹੈਨਿ ਜੋ ਪਹਿਲੇ ਚੱਕੀ ਪੀਸਣ ਵਿਚ ਜੀਵ ਹਿੰਸਾ ਹੁੰਦੀ ਹੈ, ਤੇ ਬਹੁੜੋ ਉਖਲੀ ਕੁਟਣ ਵਿਚ, ਚੁੱਲ੍ਹੇ ਦੇ ਤਪਾਵਣ ਵਿਚ, ਝਾੜੂ ਦੇ ਫੇਰਿਨ ਕਰਿ, ਆਟੇ ਦੇ ਛਾਨਣ ਕਰ ਜੀਵ ਹਿੰਸਾ ਹੁੰਦੀ ਹੈ। ਅਗੋਂ ਦੇ ਅਸੀਂ ਦੇਵਤਿਆਂ ਦਾ ਹੋਮੁ ਅਹੂਤੀ ਅਗਨ ਵਿਚ ਡਾਲਦੇ ਹਾਂ, ਪਿਛੋਂ ਪ੍ਰਸਾਦੁ ਖਾਂਦੇ ਹਾਂ ਤੇ ਤੁਸੀਂ ਅਹੂਤੀ ਨਹੀਂ ਕਰਦੇ। ਤੁਸਾਡਾ ਪ੍ਰਸਾਦੁ ਪਵਿਤ੍ਰ ਕਿਉਂ ਕਰਿ ਹੁੰਦਾ ਹੈ? ਤਾਂ ਬਚਨੁ ਹੋਇਆ ਤੁਸੀਂ ਪ੍ਰਿਥਮੇ ਜੋ ਗਰੀਬ ਸਿਖ ਨੂੰ ਪ੍ਰਸਾਦੁ ਛਕਾਵੋਗੇ ਤੇ ਆਪ ਭੀ ਅਰਦਾਸ ਕਰਕੈ ਵਾਹਿਗੁਰੂ ਕਾ ਨਾਮੁ ਲੈ ਕੇ ਮੁਖ ਪਾਵਹੁਗੇ ਤਾਂ ਵਾਹਿਗੁਰੂ ਤੁਸਾਡੇ ਪਰ ਪ੍ਰਸੰਨ ਹੋਵੇਗਾ॥੬੯॥

## ਸਾਖੀ ਹੋਰ ਚਲੀ {ਲਟਕਣ ਘੂਰਾ ਆਦਿ}

**ਭਾਈ** ਲਟਕਣ ਘੂਰਾ ਤੇ ਭਾਈ ਗੁਰਦਿਤਾ ਤੇ ਕਟਾਰਾ ਸਰਾਫੁ ਤੇ ਭਾਈ ਭਗਵਾਨਾਂ ਗੁਰੂ ਅਰਜਨ ਜੀ ਦੀ ਸ਼ਰਨਿ ਆਏ, ਜੋ ਅਸੀਂ ਕੌਨਸਾ ਨਾਮੁ ਜਪੀਐ? ਤਾਂ ਬਚਨੁ ਹੋਇਆ: ਨਾਮ ਸਭੇ ਮਹਾਰਾਜ ਦੇ ਉਧਾਰ ਕਰਤੇ ਹੈਨਿ ਤੇ ਤੁਸਾਡੇ ਵਾਸਤੇ ਗੁਰੂ ਨਾਨਕ ਜੀ ਨੇ ਚਤੁਰ ਵਜੂਹ ਸੈਨ ਦੇ ਚਾਰ ਅਖਰ ਕੀਤੇ ਹੈਨ; ਜੋ 'ਵਾਹਿਗੁਰੂ' ਦਾ ਜਾਪੁ ਜਪਣਗੇ ਓਨ੍ਹਾਂ ਦਾ ਉਧਾਰੁ ਹੋਵੈਗਾ। ਇਹ ਕਲਿਜੁਗ ਵਿਚ ਜਹਾਜੁ ਹੈ। ਜਿਨ੍ਹਾਂ ਨੇ ਨਾਮ ਦਾ ਮਹਾਤਮੁ ਜਾਤਾ ਹੈ, ਓਨ੍ਹਾਂ ਸਭਨਾਂ ਦਾ ਉਧਾਰੁ ਹੋਇਆ ਹੈ॥੭੦॥

## ਸਾਖੀ ਹੋਰ ਚਲੀ {ਮੁਰਾਰੀ ਧੌਣ}

**ਮੁਰਾਰੀ** ਧੌਣ ਰਵਤਾਸ ਵਿਚ ਰਹਿੰਦਾ ਸੀ। ਗੁਰੂ ਅਰਜਨ ਜੀ ਦੀ ਸ਼ਰਨਿ ਆਇਆ ਤੇ ਅਰਦਾਸ ਕੀਤੀ: ਜੋ ਜੀ ਸਦੀਵ ਤੇਰੀ ਬਾਣੀ ਪੜ੍ਹਦੇ ਭੀ ਹਾਂ, ਤੇ ਸੁਣਦੇ ਭੀ ਹਾਂ, ਤੇ ਵੀਚਾਰਦੇ ਭੀ ਹਾਂ, ਪਰ ਅਸਾਡੀ ਦੁਰਮਤਿ ਨਹੀਂ ਜਾਂਦੀ, ਇਹ ਕੀ ਵਾਸਤਾ ਹੈ? ਤਾਂ ਬਚਨ ਹੋਇਆ: ਜੋ ਬਸਤ੍ਰ ਉਜਲ ਨੂੰ ਰੰਗੁ ਤੁਰਤ ਚੜ ਜਾਤਾ ਹੈ ਤੇ ਮਲੀਨ ਨੂੰ ਨਹੀਂ ਚੜਤਾ, ਪਰ ਜੇ ਮਲੀਨ ਬਸਤ੍ਰ ਨੂੰ ਧੋਈਐ, ਉਜਲੁ ਕਰੀਐ ਤਾਂ ਪਿਛੋਂ ਰੰਗੁ ਚੜ੍ਹਦਾ ਹੈ। ਤਾਂ ਓਨ੍ਹਾਂ ਕਹਿਆ: ਮਨੁ ਤਾਂ ਸੂਖਮ ਹੈ, ਇਸ ਨੋ ਕਿਉਂ ਕਰ ਧੋਈਐ? ਤਾਂ ਬਚਨੁ ਹੋਇਆ: ਜਪੁਜੀ ਸਾਹਿਬ ਵਿਚ ਸਿਧਾਂ ਭੀ ਏਹੋ ਪ੍ਰਸ਼ਨ ਗੁਰੂ ਨਾਨਕ ਜੀ ਥੀਂ ਪੁਛਿਆ ਸੀ ਤਾਂ ਆਗਿਆ ਹੋਈ ਸੀ: "**ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**"{ਜਪੁਜੀ ਪੰਨਾ ੪}

### -ਤਿਸ ਦਾ ਵੀਚਾਰ-

**ਜੈਸੇ** ਅਸਥੂਲ ਸਰੀਰੁ ਅਸਥੂਲ ਜਲ ਸਾਥਿ ਧੋਈਦਾ ਹੈ ਤੇ ਬਸਤ੍ਰ ਭੀ ਅਸਥੂਲ ਹੈਨਿ ਤੇ ਜਲ ਸਾਬੂਣ ਬੀ ਅਸਥੂਲ ਕਰ ਹੀ ਧੋਈਦਾ ਹੈ ਪਰ ਮਤ ਸੂਖਮ ਹੈ ਤੇ ਪਾਪ ਭੀ ਸੂਖਮ ਹੈਨਿ; ਪਾਪਾਂ ਕਰ ਮਨੁ ਨੂੰ ਮੈਲੁ ਲਗੀ ਹੈ ਤੇ ਮਹਾਰਾਜ ਦਾ ਨਾਮੁ ਭੀ ਸੂਖਮ ਹੈ, ਨਾਮੁ ਇਸ ਦੇ ਪਾਪਾਂ ਦੀ ਮੈਲੁ ਨੂੰ ਧੋਂਦਾ


www.sikhbookclub.com

ਹੈ ਤੇ ਬਹੁੜੋ ਪਰਮੇਸਰ ਦੀ ਪ੍ਰੀਤ ਦਾ ਰੰਗੁ ਲਾਂਵਦਾ ਹੈ। ਤਾਂ ਤੁਸੀਂ ਭੀ ਸੁਣਦੇ ਪੜ੍ਹਦੇ ਰਹੋ; ਪ੍ਰਿਥਮੈਂ ਤੁਸਾਡੀ ਮੈਲੁ ਕਟੀਐਗੀ, ਫੇਰ ਮਹਾਰਾਜ ਦੀ ਭਗਤਿ ਪ੍ਰਾਪਤ ਹੋਵੈਗੀ॥੭੧॥

## ਸਾਖੀ ਹੋਰ ਚਲੀ {ਆਡਿਤ ਸੁਇਨੀ}

**ਆਡਿਤੁ** ਸੁਇਨੀ ਸੂਰਮਾਂ ਗੁਰੂ ਅਰਜਨ ਜੀ ਦੀ ਸ਼ਰਨ ਆਏ, ਜੋ ਅਸੀਂ ਸ਼ਸਤ੍ਰ ਬੰਧਦੇ ਹਾਂ ਤੇ ਜੁੱਧ ਕਰਦੇ ਹਾਂ, ਅਸਾਡਾ ਉਧਾਰੁ ਕਿਉਂ ਕਰਿ ਹੋਵੈਗਾ? ਤਾਂ ਬਚਨੁ ਹੋਇਆ ਤੁਸਾਂ ਜੁੱਧ ਦੇ ਸਮੇਂ ਧਿਆਨੁ ਮਹਾਰਾਜ ਦਾ ਕਰਨਾ, ਜੋ ਸਾਰੰਗ ਧਨੁ ਕਰਕੈ ਦੈਂਤਾਂ ਦਾ ਸੰਘਾਰੁ ਕਰਦੇ ਹੈਨਿ। ਤੇ ਧਰਮ ਦਾ ਜੁੱਧ ਕਰਨਾ, ਜੋ ਗਰੀਬਾਂ ਨੂੰ ਰੰਵਾਣੇ ਓਸ ਨਾਲਿ ਜੁਧ ਕਰਨਾ। ਜਿਸਦਾ ਲੂਣ ਖਾਵਣਾ ਓਸ ਨੂੰ ਪਰਮੇਸਰ ਰੂਪ ਕਰਿ ਜਾਨਣਾ; ਤੁਸਾਡੀ ਬਿਜੈ ਭੀ ਹੋਵੈਗੀ ਤੇ ਮੁਖ ਭੀ ਉਜਲਾ ਹੋਵੈਗਾ॥੭੨॥

## ਸਾਖੀ ਹੋਰ ਚਲੀ {ਚੂਹੜ, ਲਾਲਾ, ਨਿਹਾਲੂ}

**ਭਾਈ** ਚੂਹੜ ਤੇ ਸਾਈਂ ਤੇ ਲਾਲਾ ਸੇਠੀ ਤੇ ਭਾਈ ਨਿਹਾਲੂ ਗੁਰੂ ਅਰਜਨ ਜੀ ਦੀ ਸਰਨਿ ਆਏ ਤੇ ਸਬਦਿ ਨੂੰ ਲਿਵ ਲਾਇਕੇ ਗਾਵਨਿ, ਤੇ ਗਿਆਨੁ ਕਰਨਿ ਲਿਵ ਲਾਇਕੇ, ਤੇ ਜਿਸ ਸਮੇਂ ਵੀਚਾਰ ਕਰਨਿ ਸਭਨਾਂ ਦੇ ਮਨਿ ਕੋਮਲ ਹੋ ਜਾਵਨਿ। ਓਨ੍ਹਾਂ ਦੀ ਛਾਇਆ ਸਭਨਾਂ ਤੇ ਪੈ ਜਾਵੇ। ਮਹਾਂ ਖੋਟੇ ਭੀ ਖਰੇ ਹੋਵਨਿ। ਤਾਂ ਬਚਨ ਹੋਇਆ: ਭਾਈ! ਭਲੀਆਂ ਕਰਤੂਤਾਂ ਕੀਤੀਆਂ ਚਾਹੀਦੀਆਂ ਹੈਨਿ। ਜੈਸਾ ਮੁਖੋਂ ਪੜਦਾ ਹੈ ਜੇ ਤੇਹੀਆਂ ਕਰਤੂਤਾਂ ਕਰਦਾ ਹੈ ਤਾਂ ਓਸ ਦੀ ਛਾਇਆ ਸਭਨਾਂ ਪਰ ਪੈ ਜਾਂਦੀ ਹੈ। **"ਪਹਿਲੋ ਦੇ ਜੜ ਅੰਦਰਿ ਜੰਮੇ ਤਾ ਊਪਰਿ ਹੋਵੈ ਛਾਉ"**{ਪੰਨਾ ੧੨੯੮} ਤਾਂ ਤੇ ਜੋ ਪੜ ਕੇ ਆਪ ਨਹੀਂ ਕਮਾਉਂਦੇ ਓਨ੍ਹਾਂ ਦੀ ਛਾਇਆ ਨਹੀਂ ਪਉਂਦੀ॥੭੩॥

## ਸਾਖੀ ਹੋਰ ਚਲੀ {ਰਾਮਾ, ਹੇਮੂ, ਜੱਟੂ}

**ਰਾਮਾ** ਝੰਝੀ ਤੇ ਹੇਮੂ ਸੋਇਨੀ ਤੇ ਜਟੂ ਭੰਡਾਰੀ ਸ਼ਾਹਦਰੇ ਵਿਚ ਰਹਿੰਦੇ ਸਨ ਗੁਰੂ ਅਰਜਨ ਜੀ ਦੀ ਸ਼ਰਨਿ ਆਏ ਤੇ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ! ਨਾਮ ਸੁਣਦੇ ਤਾਂ ਹਾਂ ਪਰ ਰਿਦੇ ਵਿਚ ਕਿਉਂ ਨਹੀਂ ਠਹਿਰਦਾ? ਤਾਂ ਬਚਨੁ

ਹੋਇਆ: ਪ੍ਰਿਥਮੈ ਸ੍ਰਵਨਿ ਕਰੈ ਬਹੁੜ ਮਨਨ ਕਰੈ ਅਰੁ ਬਹੁੜੋ ਨਿਧਿਆਸਨ ਕਰੈ। ਜੇ ਤਿੰਨੇ ਇਕਠੇ ਹੁੰਦੇ ਹੈਨਿ ਤਾਂ ਰਿਦੇ ਵਿਚ ਠਹਿਰਦਾ ਹੈ। ਸ੍ਰਵਣ ਦੁਇ ਪ੍ਰਕਾਰ ਦਾ ਹੈ: ਇਕੁ ਤਾਂ ਏਹੁ ਸ੍ਰਵਣ ਹੈ ਜੋ ਮਨੁ ਹੋਰ ਧਿਰ ਹੋਵੈ ਤੇ ਸ੍ਰਵਨਿ ਕਰੀਐ, ਤਾਂ ਪ੍ਰੇਤਾਂ ਦੀ ਅਗਨਿ ਸਮਾਨਿ ਹੈ। ਕਛੁਕ ਪੁੰਨ ਹੁੰਦਾ ਹੈ, ਪਰੁ ਸਰਬਦਾ ਪਾਪ ਨਹੀਂ ਦਗਧ ਹੁੰਦੇ। ਤੇ ਇਕ-ਮਨਿ ਹੋਇਕੇ ਸੁਣਿਆਂ ਜੈਸੇ ਚੁੱਲ੍ਹੇ ਦੀ ਅਗਨਿ ਸਭ ਕਾਰਜ ਸਵਾਰਤੀ ਹੈ ਤੈਸੇ ਸਭ ਕਾਰਜ ਸਵਾਰਤਾ ਹੈ, ਪਰੁ ਜੇ ਬਹੁੜੋ ਓਸ ਪਰ ਜਲੁ ਪਾਇ ਦੇਈਦਾ ਹੈ, ਤਾਂ ਬੁਝ ਜਾਂਦੀ ਹੈ। ਤੈਸੇ ਬਹੁੜ ਆਪਣਿਆਂ ਕੰਮਾਂ ਵਿਚ ਪਇਆਂ ਨਾਮੁ ਭੁੱਲ ਜਾਂਦਾ ਹੈ, ਤੇ ਸ੍ਰਵਨ ਨਾਲ ਮੰਨਣ ਹੋਵੈ ਤਾਂ ਬਿਜੁਲੀ ਦੀ ਅਗਨਿ ਅਸੰਖ ਜਲਾਂ ਵਿਚ ਬੀ ਬੁਝਦੀ ਨਹੀਂ। ਤੈਸੇ ਸੁਣਿਆ ਹੋਇਆ ਫੇਰਿ ਵੀਚਾਰਦਾ ਹੈ ਤਾਂ ਭੁੱਲਦਾ ਨਹੀਂ, ਸਦਾ ਚਿਤ ਰਹਿੰਦਾ ਹੈ। ਔਰੁ ਨਿਧਜਾਸਨ ਜੋ ਹੈ ਸੋ ਸੁਣਿਆਂ ਵੀਚਾਰਿਆਂ ਫੇਰ ਕਮਾਵਣ ਵਿਚ ਲਿਆਈਦਾ ਹੈ ਤਾਂ ਸਮੁੰਦ੍ਰ ਦੀ ਬੜਵਾਨਲ ਕੀ ਨਿਆਈਂ ਜਲਾਂ ਨੂੰ ਭਸਮ ਕਰਤੀ ਹੈ ਤੇ ਆਪ ਇਸਥਿਤ ਰਹਿੰਦੀ ਹੈ, ਤੈਸੇ ਪਾਪਾਂ ਦਾ ਨਾਸੁ ਕਰਤਾ ਹੈ ਤੇ ਗਿਆਨੁ ਇਸਥਿਤ ਰਹਿੰਦਾ ਹੈ। ਤੇ ਸਾਖਜਾਤਕਾਰ ਕੀਤਿਆਂ ਜੋ ਗੁਰਾਂ ਤੇ ਪ੍ਰਤੀਤ ਕਰਕੈ ਸਾਖਜਾਤੁ ਹੁੰਦਾ ਹੈ, ਸਭ ਅਸਥਾਨ ਬ੍ਰਹਮ ਹੀ ਦ੍ਰਿਸਟਿ ਆਂਵਦਾ ਹੈ ਤੇ ਪ੍ਰਲੈ ਕੀ ਅਗਨਿ ਸਮਾਨਿ ਹੈ। ਸਭ ਪਦਾਰਥ ਦਗਧ ਕਰ ਆਪ ਹੀ ਰਹਿੰਦੀ ਹੈ; ਤਾਂਤੇ ਤੁਸੀਂ ਸ੍ਰਵਨ ਮਨਿਨ ਨਿਧਜਾਸਨ ਕਰੋਗੇ ਤਾਂ ਸਾਖਿਆਤੁਕਾਰ ਹੋਵੈਗਾ। ਫੇਰ ਤੁਸਾਨੂੰ ਜਨਮ ਮਰਨ ਨਾ ਹੋਵੈਗਾ। ਜੀਵਨ ਮੁਕਤਿ ਹੋਕੇ ਵਿਚਰੋਗੇ। ਜੈਸੇ ਪ੍ਰਲੈ ਕਾਲ ਕੀ ਅਗਨਿ ਸਭਸ ਨੂੰ ਜਲਾਇਕੈ ਆਪ ਹੀ ਰਹਿੰਦੀ ਹੈ॥੭੪॥

 www.sikhbookclub.com

## ਪਉੜੀ ਪੰਜੀਸਵੀਂ ਚਲੀ॥੨੫॥

### ਲਾਹੌਰ ਮੁਜੰਗੀ ਸੰਗਤ

**ਸਨਮੁਖਿ ਸਿਖ ਲਹੌਰ ਵਿਚਿ ਸੋਢੀ ਆਇਣੁ ਤਾਇਆ ਸੰਹਾਰੀ।**
**ਸਾਈਂ ਦਿਤਾ ਝੰਝੀਆ ਸੈਦੋ ਜਟੁ ਸਬਦੁ ਵੀਚਾਰੀ।**
**ਬੁਧੂ ਮਹਿਤਾ ਜਾਣੀਅਹਿ ਕੁਲ ਕੁਮ੍ਹਿਆਰ ਭਗਤਿ ਨਿਰੰਕਾਰੀ।**
**ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ।**
**ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆ ਵਿਚਿ ਭਾਰੀ।**
**ਸੂਦੁ ਕਲਿਆਣਾ ਸੂਰਮਾ ਭਾਨੂੰ ਭਗਤੁ ਸਬਦੁ ਵੀਚਾਰੀ।**
**ਮੂਲਾ ਬੇਰੀ ਜਾਣੀਐ ਤੀਰਥੁ ਅਤੈ ਮੁਕੰਦੁ ਅਪਾਰੀ।**
**ਕਹੁ ਕਿਸਨਾ ਮੁਹਜੰਗੀਆ ਸੇਠ ਮੰਗੀਣੇ ਨੋ ਬਲਿਹਾਰੀ।**
**ਸਨਮੁਖੁ ਸੁਨਿਆਰਾ ਭਲਾ ਨਾਉ ਨਿਹਾਲੂ ਸਪਰਵਾਰੀ।**
**ਗੁਰਮੁਖਿ ਸੁਖ ਫਲ ਕਰਣੀ ਸਾਰੀ॥੨੫॥**

### ਸਾਖੀ ਹੋਰ ਚਲੀ {ਭਾਈ ਸੰਹਾਰੀ}

**ਭਾਈ** ਸੰਹਾਰੀ ਸੋਢੀ ਗੁਰੂ ਰਾਮਦਾਸ ਜੀ ਦੇ ਭਿਰਾਵਾਂ ਵਿਚੋਂ ਹੈਸਨਿ। ਸਾਹਿਬ ਪੰਜਵੀਂ ਪਾਤਸਾਹੀ ਦਾ ਤਾਇਆ ਹੈਸੀ, ਪਰ ਅਕਰੂਰ ਦੀ ਨਿਆਈਂ ਰਿਦਾ ਉਸ ਦਾ ਭਗਤੁ ਹੈਸੀ। ਸੇਵਾ ਟਹਿਲ ਗੁਰੂ ਕੇ ਹਜ਼ੂਰ ਕੀ ਕਰੇ, ਸਾਹਿਬ ਨੂੰ ਇਸਨਾਨੁ ਕਰਾਵੈ ਤੇ ਚਰਨ ਧੋਵੈ। ਇਕ ਦਿਨ ਸਾਹਿਬ ਬਚਨੁ ਕੀਤਾ: ਤਾਇਆ ਜੀ! ਅਸੀਂ ਤੇਰੇ ਭਤੀਜੇ ਹਾਂ, ਅਸੀਂ ਤੇਰੀ ਟਹਿਲ ਕਰੀਏ। ਤਾਂ ਓਸ ਅਰਦਾਸ ਕੀਤੀ: ਤੂੰ ਮਹਾਂਪੁਰਖੁ ਹੈਂ; ਮੈਨੂੰ ਆਪਣੀ ਮਾਇਆ ਕਰਿ ਵੰਚੁ ਨਹੀਂ। ਏਹੋ ਮੈਨੂੰ ਦਾਨ ਦੇਹ, ਤੇਰੀ ਸਿਖੀ ਜੇਹਾ ਹੋਰੁ ਮਰਾਤਬਾ ਨਹੀਂ ਅਸਾਨੂੰ ਸਿਖੀ ਦਾ ਦਾਨੁ ਬਖਸ਼ੋ ਜੀ। ਤਾਂ ਸਾਹਿਬ ਪ੍ਰਸੰਨ ਹੋਇ ਕੈ ਕਹਿਆ: ਤਾਇਆ ਜੀ! ਤੁਸਾਡਾ ਮਨੁ ਨੀਵਾਂ ਹੈ, ਤੁਸਾਨੂੰ ਸਿਖੀ ਪ੍ਰਾਪਤਿ ਹੋਈ ਹੈ॥੭੫॥

## ਸਾਖੀ ਹੋਰ ਚਲੀ {ਸਾਈਂ ਦਿਤਾ, ਸੈਦੋ}

**ਭਾਈ** ਸਾਈਂ ਦਿਤਾ ਝੰਝੀ ਤੇ ਸੈਦੋ ਜਟੁ ਲਾਹੌਰ ਵਿਚ ਰਹਿੰਦੇ ਸਨ ਤੇ ਸਾਹਿਬ ਤੀਸਰੀ ਪਾਤਿਸਾਹੀ ਨੂੰ ਸਿਖ ਸਰਧਾ ਨਾਲਿ ਲਾਹੌਰ ਲੈ ਗਏ ਤੇ ਵਡੀ ਆਉ ਭਗਤਿ ਕੀਤੀ। ਤਾਂ ਸਾਹਿਬਾਂ ਕਹਿਆ: ਮੈਂ ਤੁੱਠਾ ਹਾਂ, ਕਿਛੁ ਮੰਗੋ। ਤਾਂ ਓਨ੍ਹਾਂ ਕਹਿਆ ਜੀ ਪਹਿਲੀ ਪਾਤਿਸਾਹੀ ਗੁਰੂ ਨਾਨਕ ਜੀ ਕਸਾਬ ਪੂਰਾ ਦੇਖ ਕੈ ਬਚਨੁ ਕੀਤਾ: ਮਹਲਾ ੧॥ "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥" {ਪੰਨਾ ੧੪੧੨} ਤਾਂਤੇ ਸਭੇ ਸਿਖ ਅਰਦਾਸ ਕਰਦੇ ਹੈਨਿ ਜੋ ਏਹੁ ਬਚਨੁ ਬਖਸੀਏ। ਮਹਲਾ ੩॥ "ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ॥" {ਪੰਨਾ ੧੪੧੨} ਬਚਨ ਹੋਇਆ: ਇਸ ਦੇ ਦੁਆਲੇ ਜੋ ਅੰਮ੍ਰਿਤਸਰ ਹੋਵੈਗਾ ਤੇ ਲਾਹੌਰ ਤੀਕਰ ਬਜਾਰ ਹੋਵਨਿਗੇ ਤੇ ਸਬਦ ਰੂਪੀ ਅੰਮ੍ਰਿਤੁ ਵੰਡੀਐਗਾ, ਤਾਂ ਅੰਮ੍ਰਿਤਸਰੁ ਸਿਫਤੀ ਦਾ ਘਰੁ ਹੋਵੈਗਾ। ਤੇ ਸੈਦੋ ਨੂੰ ਬਚਨੁ ਹੋਇਆ ਤੂੰ ਸਬਦ ਦਾ ਵੀਚਾਰੁ ਕੀਤਾ ਕਰੁ ਤੇ ਗਿਆਨ ਦੁਆਰਾ ਵਾਹਿਗੁਰੂ ਨੂੰ ਨਿਰਗੁਣ ਸਰਗੁਣ ਇਕ ਕਰ ਜਾਣੁ। ਜੋ ਤੇਰੀ ਰਸਨਾ ਥੀਂ ਬਚਨ ਸੁਣੇਗਾ ਓਸ ਦਾ ਭੀ ਮਨੁ ਦ੍ਰਵ ਜਾਵੈਗਾ। ਤਾਂ ਦੋਨੋਂ ਸਿਖ ਗੁਰੂ ਅਰਜਨ ਜੀ ਦੀ ਸ਼ਰਨਿ ਢਹਿ ਪਏ : ਤੁਸੀਂ ਕਿਰਪਾ ਕਰੋ। ਤਾਂ ਬਚਨੁ ਹੋਇਆ: ਤੁਸਾਨੂੰ ਗਿਆਨੁ ਦ੍ਰਿੜ ਹੋਵੇਗਾ, ਤੁਸੀਂ ਜਨਮ ਮਰਨ ਵਿਚ ਨਾ ਆਵੋਗੇ॥੭੬॥

## ਸਾਖੀ ਹੋਰ ਚਲੀ {ਭਾਈ ਬੁੱਧੂ}

**ਭਾਈ** ਸਾਧੂ ਮਹਤਾ ਕੁਲ ਕੁਮ੍ਹਿਆਰ ਦੀ ਵਿਚੋਂ ਹੈਸੀ ਤੇ ਬੁਧੂ ਉਸ ਦਾ ਨਾਉਂ ਹੈਸੀ ਤੇ ਭਗਤੁ ਨਿਰੰਕਾਰ ਦਾ ਹੈਸੀ ਤੇ ਲਹੌਰ ਵਿਚ ਰਹਿੰਦਾ ਸੀ। ਤਾਂ ਗੁਰੂ ਅਰਜਨਿ ਜੀ ਦੀ ਸ਼ਰਨਿ ਆਏ ਜੋ ਅਸਾਨੂੰ ਉਪਦੇਸੁ ਕੀਜੈ, ਤਾਂ ਬਚਨੁ ਹੋਇਆ: ਜੋ ਕਾਰਜ ਅਰੰਭੁ ਕਰਨਾ ਸੋ ਪਹਿਲੇ ਅਰਦਾਸ ਕਰਕੇ ਕੜਾਹੁ ਕਰਨਾ ਤੇ ਜੋ ਲਾਹਾ ਵਿਚੋਂ ਹੋਵੈ ਤਾਂ ਦਸਵੰਧ ਗੁਰੂ ਕੇ ਨਮਿਤ ਦੇਵਣਾ। ਤਾਂ ਭਾਈ ਬੁਧੂ ਆਵਾ ਇਟਾਂ ਦਾ ਚਾੜਿਆ ਤੇ ਪ੍ਰਸਾਦੁ ਸਿਖਾਂ ਨੂੰ ਕੀਤਾ। ਸਭ ਸੰਗਤਿ ਆਣਿ ਜੁੜੀ, ਤਾਂ ਭਾਈ ਲਖੂ ਪਟੋਲੀਆਂ ਵਿਚ ਰਹਿੰਦਾ ਹੈਸੀ। ਜਿਸ ਵੇਲੇ ਓਹੁ ਗਇਆ ਅਗੇ ਦਰਵਾਜਾ ਬੰਦ ਹੈਸੀ। ਤਾਂ ਭਾਈ ਲਖੂ ਬਾਹਰਿ ਰਹਿ ਗਇਆ। ਅੰਦਰ ਦਰਵਾਜੇ ਦੇ ਸੰਗਤਿ ਅਰਦਾਸ ਕੀਤੀ ਜੋ ਆਵਾ ਪੱਕਾ, ਤਾਂ ਭਾਈ ਲਖੂ ਬਾਹਰੁ ਬੋਲਿਆ ਜੋ ਆਵਾ ਕੱਚਾ, ਤਾਂ ਆਵਾ

ਪਿੱਲਾ ਰਹਿਆ। ਤਾਂ ਓਸ ਗੁਰੂ ਅਰਜਨ ਜੀ ਥੇ ਅਰਦਾਸ ਕੀਤੀ: ਜੀ ਮੈਂ ਕੜਾਹ ਭੀ ਕੀਤਾ ਹੈ ਤੇ ਦਸਵੰਧ ਭੀ ਦਿੱਤਾ ਹੈ, ਮੇਰਾ ਆਵਾ ਪਿੱਲਾ ਰਹਿਆ ਹੈ। ਤਾਂ ਬਚਨੁ ਹੋਇਆ: ਭਾਈ ਲਖੂ ਮੇਰਾ ਪਿਆਰਾ ਹੈਸੀ ਤੁਸਾਂ ਓਸ ਦਾ ਆਦਰ ਨਹੀਂ ਕੀਤਾ, ਤੁਸੀਂ ਓਸਦੇ ਪਾਸ ਜਾਹੋ। ਤਾਂ ਬੁਧੂ ਕਹਿਆ ਕੋਈ ਸਿਖੁ ਨਾਲਿ ਮਿਲੇ। ਤਾਂ ਭਾਈ ਲਧੇ ਨੂੰ ਬਚਨੁ ਹੋਇਆ: ਤੂੰ ਪਰਉਪਕਾਰ ਕਰੁ, ਭਾਈ ਲਖੂ ਥੀਂ ਇਸ ਨੂੰ ਬਖਸ਼ਾਇ ਲਿਆਉ। ਤਾਂ ਭਾਈ ਲੱਧਾ ਆਇਆ: ਭਾਈ ਲਖੂ! ਤੁਸਾਨੂੰ ਕਰੋਧ ਨਹੀਂ ਚਾਹੀਦਾ, ਕਰੋਧੁ ਅਗਨਿ ਹੈ, ਤਪੁ ਦਾ ਨਾਸੁ ਕਰਦਾ ਹੈ। ਤਾਂ ਭਾਈ ਲਖੂ ਕਹਿਆ ਜੋ ਆਵਾ ਪਕਦਾ ਤਾਂ ਨਹੀਂ ਪਰੁ ਲਾਹੌਰ ਵਿਚ ਬਰਸਾਤ ਬਹੁਤ ਲਗੈਗੀ, ਪਿਲੀਆਂ ਇਟਾਂ ਪਕੀਆਂ ਦੇ ਮੁੱਲ ਵਿਕਣਗੀਆਂ॥੭੭॥

## ਸਾਖੀ ਹੋਰ ਚਲੀ {ਭਾਈ ਕਾਲੂ, ਨਾਨੂ, ਹਾੜੀ}

**ਭਾਈ** ਕਾਲੂ ਤੇ ਭਾਈ ਨਾਨੂ ਤੇ ਭਾਈ ਹਾੜੀ ਕੋਹਲੀ ਗੁਰੂ ਅਰਜਨ ਜੀ ਦੀ ਸ਼ਰਣਿ ਆਏ: ਜੋ ਜੀ ਇਕ ਸਬਦ ਸਿਖ ਸੁਣ ਪੜ੍ਹਕੇ ਭਲੇ ਕਰਮ ਕਰਦੇ ਹੈਨਿ ਤੇ ਇਕੁ ਸਗੋਂ ਸਬਦੁ ਪੜ੍ਹਕੇ ਬੁਰੇ ਕਰਮ ਕਰਦੇ ਹੈਨਿ। ਸਬਦੁ ਤਾਂ ਤੇਰਾ ਅੰਮ੍ਰਿਤ ਰੂਪ ਹੈ, ਕਿਸੇ ਨੂੰ ਕਲਿਆਣ ਹੁੰਦਾ ਹੈ ਕਿਸੇ ਨੂੰ ਨਹੀਂ ਹੁੰਦਾ। ਤਾਂ ਬਚਨੁ ਹੋਇਆ: ਜੋ ਭਾਵਨੀ ਕਰਿ ਸਬਦੁ ਸੁਣਦੇ ਹੈਨਿ, ਜੋ ਅਸਾਡਾ ਜਨਮ ਮਰਨੁ ਕਟੀਐ, ਤਾਂ ਓਨ੍ਹਾਂ ਦਾ ਕਲਿਆਣੁ ਹੁੰਦਾ ਹੈ ਤੇ ਜੋ ਆਪਣੇ ਮਾਨ ਤੇ ਵਿਖੇ ਭੋਗਾਂ ਵਾਸਤੇ ਸਬਦੁ ਪੜ੍ਹਦੇ ਹੈਨਿ, ਓਨ੍ਹਾਂ ਦਾ ਕਲਿਆਣੁ ਕਿਉਂ ਕਰਿ ਹੁੰਦਾ ਹੈ? ਜੈਸੇ ਸਰਪ ਮਣਿ ਦੀ ਜੋਤ ਨਾਲਿ ਕਿਰਮਾਂ ਨੂੰ ਭਛਦਾ ਹੈ ਤੈਸੇ ਦੁਸਟ ਮਨੁੱਖ ਸਬਦੁ ਪੜ੍ਹਕੇ ਸਗੋਂ ਲੋਕਾਂ ਦਾ ਦੁਖਾਉ ਕਰਦੇ ਹੈਨਿ; ਵਿਖੇ ਭੋਗਦੇ ਹੈਨਿ। ਤੇ ਜੋ ਇਕ ਮਨ ਹੋਕੇ ਨਾਰਾਇਣ ਨੂੰ ਧਿਆਉਂਦੇ ਹੈਨਿ ਤਿਨ੍ਹਾਂ ਦਾ ਕਲਿਆਣੁ ਹੁੰਦਾ ਹੈ॥੭੮॥

## ਸਾਖੀ ਹੋਰ ਚਲੀ {ਭਾਈ ਕਲਜਾਣ ਸੂਦ}

**ਭਾਈ** ਕਲਿਆਣੁ ਸੂਦ ਬਡਾ ਸੂਰਮਾ ਹੈਸੀ। ਜਦ ਗੁਰੂ ਅਰਜਨ ਜੀ ਦੀ ਸ਼ਰਣਿ ਆਇਆ ਤਾਂ ਓਸ ਅਰਦਾਸ ਕੀਤੀ ਜੀ ਮੈਂ ਦਲਾਂ ਵਿਚ ਜਾਇ ਪਊਂਦਾ ਹਾਂ, ਮੇਰੇ ਮਨ ਵਿਚ ਭਉ ਕਿਸੇ ਦਾ ਨਹੀਂ। ਹਾਠਾਂ ਵਿਚ ਸ਼ਸਤ੍ਰ ਮਾਰਕੇ ਫੇਰ

ਆਪਣੇ ਦਲ ਵਿਚ ਆ ਮਿਲਦਾ ਹਾਂ। ਤਾਂ ਬਚਨ ਹੋਇਆ: ਏਨ੍ਹਾਂ ਹਾਠਾਂ ਵਿਚ ਸ਼ਸਤ੍ਰ ਮਾਰਨੇ ਸੁਗਮ ਹੈਂ, ਪਰੁ ਅਗਿਆਨ ਦੀ ਜੋ ਹਾਠ ਹੈ ਕਾਮ ਕਰੋਧ ਲੋਭ ਮੋਹੁ, ਏਨ੍ਹਾਂ ਦੇ ਵਿਚ ਜੋ ਗੁਰਾਂ ਦਾ ਸਬਦੁ ਵਾਹਿਕੇ ਨਿਕਲਦਾ ਹੈ ਸੋ ਸੂਰਮਾ ਕਹੀਤਾ ਹੈ।

**ਸਲੋਕ ਸਹਸਕ੍ਰਿਤੀ ਮਹਲਾ ੫॥**
**"ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥**
**ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥**
**ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥**
**ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੋੁਪਾਲ ਕੀਰਤਨਹ॥**
**ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ ਤਸਕਰਹ॥੨੯॥"**
(ਪੰ. ੧੩੫੬)

## -ਤਿਸ ਦਾ ਵੀਚਾਰ-

**ਸਾਧ** ਸੰਗਤਿ ਜਗਿਆਸੀ ਦੀ ਸੈਨਾ ਹੈ। ਕੈਸੇ ਸੂਰਮੇ ਹੈਨਿ ਜੋ ਕਾਮ ਕਰੋਧ ਨੂੰ ਜਿੱਤਦੇ ਹੈਨਿ, ਤੇ ਜਿਰਹ ਨਿੰਮ੍ਰਤਾ ਰੂਪੀ ਪਹਿਰੀ ਹੈ ਤੇ ਵਾਹਿਗੁਰੂ ਦੇ ਗੁਣਾਂ ਦਾ ਰਮਣਾ ਏਹੁ ਹਥਿਆਰ ਹੈ ਤੇ ਗੁਰਾਂ ਦਾ ਸਬਦੁ ਬਿਖਿਆ ਦੇ ਫੁਰਣ ਸਮੇਂ ਢਾਲ ਧਾਰਣੀ ਤੇ ਨੌਧਾ ਭਗਤਿ ਕਰਣੀ ਏਹ ਘੋੜਿਆਂ ਦਾ ਚੜਨਾ ਹੈ। ਪ੍ਰੇਮਾ ਭਗਤਿ ਰਥਾਂ ਦਾ ਚੜ੍ਹਨਾ ਹੈ ਤੇ ਪਰਾ ਭਗਤਿ ਹਾਥੀ ਦੀ ਅਸਵਾਰੀ ਹੈ। ਸਾਧ ਸੰਗਤਿ ਦਾ ਰਾਹੁ ਪੁੱਛਣਾ ਜੋ ਨਿਰਭਉ ਹੋਇਕੈ ਅਗਿਆਨ ਦੀ ਸੈਨਾ ਰਹਿੰਦੇ ਹੈਨਿ, ਸੋ ਸੂਰਮੇ ਹੈਨਿ। ਸਾਰੀ ਵਿਸ {ਸੰਸਾਰ} ਨੂੰ ਜਿੱਤਦੇ ਹੈਨਿ। ਤੁਸੀਂ ਭੀ ਆਪਣੇ ਮਨ ਨੂੰ ਜੀਤੋਗੇ ਤਾਂ ਸੂਰਮੇ ਹੋਵੋਗੇ॥੭੯॥

## ਸਾਖੀ ਹੋਰ ਚਲੀ {ਭਾਨੂੰ ਭਗਤ}

**ਭਾਈ** ਭਾਨੂੰ ਭਗਤ ਸਬਦ ਦਾ ਵੀਚਾਰੁ ਕਰਦਾ ਹੈਸੀ। ਜੋ ਸਬਦ ਵਿਖੇ ਲਿਖਿਆ ਹੋਵੈ ਪ੍ਰਿਥਮੈ ਆਪ ਕਮਾਵੈ ਤੇ ਬਹੁੜੇ ਹੋਰਨਾਂ ਨੂੰ ਉਪਦੇਸੁ ਕਰੈ। ਜੋ ਸਿਖ ਉਸ ਦੀ ਰਸਨਾਂ ਥੀਂ ਕਥਾ ਸੁਣਨਿ ਸੋ ਸਭੇ ਭਗਤਿ ਨੂੰ ਪ੍ਰਾਪਤਿ ਹੋਵਨ। ਤਾਂ ਕਿਸੇ ਕਹਿਆ: ਮੁਹਜੰਗਾਂ ਵਿਚ ਦੁਸ਼ਟ ਬਹੁਤ ਹੈਨਿ, ਗੁਰੂ ਕੇ ਸਿਖਾਂ ਦੀ ਨਿੰਦਾ ਹੀ ਕਰਦੇ ਹੈਨਿ। ਤਾਂ ਭਾਈ ਭਾਨੂੰ ਆਗਿਆ ਗੁਰੂ ਕੀ ਲੈ

ਕਰਿ ਜੁ ਮੁਜੰਗੀ ਗਇਆ ਤਾਂ ਭਾਈ ਕਿਸਨਾ ਤੇ ਸੇਠ ਮੰਗੀਣਾ ਸਾਰੇ ਪੁਤ੍ਰਾਂ ਇਸਤ੍ਰੀਆਂ ਸਮੇਤ ਦਿਨੁ ਰਾਤਿ ਸਦੀਵ ਟਹਲ ਕਰਨਿ, ਹਥ ਜੋੜਕੇ ਖੜੋਤੇ ਰਹਨਿ, ਨਾਲੇ ਅੰਮ੍ਰਿਤ ਵੇਲੇ ਸ਼ਬਦ ਦੀ ਕਥਾ ਹੋਵੈ। ਹੋਰੁ ਸਾਰਾ ਦਿਨੁ ਰਾਤਿ ਕੀਰਤਨੁ ਹੋਵੈ। ਸਾਰੇ ਸਿਖਾਂ ਨੂੰ ਮੁਜੰਗਾਂ ਵਿਚ ਗੁਰਮਤਿ ਪ੍ਰਾਪਤਿ ਹੋਈ। ਸਭ ਵੰਡ ਖਾਵਨਿ ਲਗੇ॥੮੦॥

## ਸਾਖੀ ਹੋਰ ਚਲੀ {ਮੂਲਾ, ਤੀਰਥ ਆਦਿ}

**ਭਾਈ** ਮੂਲਾ ਬੇਰੀ, ਤੇ ਭਾਈ ਤੀਰਥੁ ਤੇ ਭਾਈ ਮੁਕੰਦਾ ਤੇ ਭਾਈ ਨਿਹਾਲੂ ਸੁਨਿਆਰਾ ਗੁਰੂ ਅਰਜਨ ਜੀ ਦੀ ਸਰਨਿ ਆਏ ਤੇ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ ਜੀ ਇਕਨਾ ਸਿਖਾਂ ਦੀ ਰਸਨਾ ਥੀਂ ਸਬਦ ਦਾ ਵੀਚਾਰੁ ਸੁਣਕੇ ਮਨੁ ਦ੍ਰਵ ਜਾਂਦਾ ਹੈ ਤੇ ਇਕਨਾ ਦੇ ਮੁਖ ਥੀਂ ਸੁਣਿਆਂ ਅਸਰ ਨਹੀਂ ਕਰਦਾ। ਤਾਂ ਬਚਨੁ ਹੋਇਆ ਹੀਰੇ ਦਾ ਤੇ ਫਟਕ ਦਾ ਇਕੋ ਰੂਪ ਹੁੰਦਾ ਹੈ ਪਰ ਪਛਾਣੁ ਕਿਉਂ ਕਰਿ ਹੁੰਦੀ ਹੈ? ਸਭਨਾਂ ਰੰਗਾਂ ਤੇ ਹੀਰੇ ਦਾ ਪ੍ਰਕਾਸ਼ੁ ਪ੍ਰਬਲ ਹੋਤਾ ਹੈ ਤੇ ਫਟਕ ਦੇ ਪਾਸ ਜਹਾਂ ਰੰਗ ਰਖੀਐ ਤੇਹੋ ਜਿਹਾ ਉਸ ਦਾ ਰੰਗ ਭਾਸਤਾ ਹੈ, ਤੈਸੇ ਜੋ ਗੁਰਮੁਖਿ ਹੈਨਿ ਭਾਵੈਂ ਕੈਸੀ ਸੰਗਤਿ ਵਿਚ ਜਾਇ ਬਹਨਿ; ਓਨ੍ਹਾਂ ਦਾ ਤੇਜੁ ਸਚ ਦੀ ਸੰਗਤਿ ਵਾਲਿਆਂ ਤੇ ਭਾਸ ਜਾਂਦਾ ਹੈ ਤੇ ਝੂਠੇ ਦੇ ਉਪਰ ਕੁਸੰਗੀਆਂ ਦਾ ਬਲੁ ਪ੍ਰਬਲ ਪੈ ਜਾਂਦਾ ਹੈ। ਬਚਨੁ ਹੈ: **'ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਉ॥'**{ਪੰਨਾ ੧੨੮੮} ਜੇ ਪਹਿਲੇ ਸਿਖ ਦੇ ਰਿਦੇ ਵਿਚ ਗੁਰਾਂ ਦਾ ਸਬਦੁ ਪ੍ਰਵੇਸੁ ਕਰਦਾ ਹੈ ਤਾਂ ਬਹੁਤ ਸਰੋਤਿਆਂ ਨੂੰ ਉਸ ਨੂੰ ਮਿਲਕੇ ਤ੍ਰਿਸਨਾ ਰੂਪੀ ਤਪਤ ਥੀਂ ਸਾਂਤਿ ਆਂਵਦੀ ਹੈ। ਸਾਧ ਸੰਗਤ ਤਿਨ੍ਹਾਂ ਦੀ ਕਰਨੀ ਜੋ ਆਪਥੀਂ ਬੁਧਿ ਵਿਚ ਵਡੇ ਹੋਵਨਿ ਤੇ ਬਚਨ ਗੁਰਾਂ ਦੇ ਮਨ ਵਿਚ ਵਸਾਵਣ। 'ਵਕਰਤੰ ਨਈਵ ਗਛੰਤ ਦੋਖੇਣ ਸਾਧਵਾ। ਵਿਸਟੰ ਮਹਾ ਸਰਪੀਹ ਚੰਦਨੰ ਨ ਵਿਸਾਯਤੇ'।

ਭਾਵੇਂ ਕੈਸੇ ਕੁਸੰਗੀ ਹੋਵਨਿ ਸਾਧ ਸੰਗਤਿ ਕਰ ਸੁਧ ਹੁੰਦੇ ਹੈਨਿ। ਜੈਸੇ ਬ੍ਰਿਛ ਤਾਂ ਬਾਵਨ ਚੰਦਨ ਸੰਗ ਚੰਦਨ ਹੁੰਦਾ ਹੈ, ਪਰੁ ਸਰਪ ਭੀ ਸੀਤਲੁ ਹੁੰਦਾ ਹੈ॥੮੧॥

 www.sikhbookclub.com

# ਪਉੜੀ ਛਬੀਸਵੀਂ ਚਲੀ॥੨੬॥

## ਦੇਸ਼ਾਂਤਰੀ ਸੰਗਤ

ਭਾਨਾ ਮਲਣੁ ਜਾਣੀਐ ਕਾਬਲਿ ਰੇਖਰਾਉ ਗੁਰਭਾਈ।
ਮਾਧੋ ਸੋਢੀ ਕਾਸਮੀਰ ਗੁਰ ਸਿਖੀ ਦੀ ਚਾਲ ਚਲਾਈ।
ਭਾਈ ਭੀਵਾ ਸੀਹਰੰਦ ਰੂਪਚੰਦੁ ਸਨਮੁਖੁ ਸਤ ਭਾਈ।
ਪਰਤਾਪੂ ਸਿਖੁ ਸੂਰਮਾ ਨੰਦੈ ਵਿਠੜਿ ਸੇਵ ਕਮਾਈ।
ਸਾਮੀਦਾਸ ਵਛੇਰੁ ਹੈ ਥਾਨੇਸਰ ਸੰਗਤਿ ਬਹਲਾਈ।
ਗੋਪੀ ਮਹਤਾ ਜਾਣੀਐ ਤੀਰਥੁ ਨਥਾ ਗੁਰ ਸਰਣਾਈ।
ਭਾਊ ਮੋਕਲੁ ਆਖੀਅਹਿ ਢਿਲੀ ਮੰਡਲਿ ਗੁਰਮਤਿ ਪਾਈ।
ਜੀਵੰਦੁ ਜਗਸੀ ਫਤੇ ਪਰਿ ਸੇਠ ਤਿਲੋਕੇ ਸੇਵ ਕਮਾਈ।
ਸਤਿਗੁਰ ਦੀ ਵਡੀ ਵਡਿਆਈ॥੨੬॥

## ਸਾਖੀ ਹੋਰ ਚਲੀ {ਭਾਈ ਭਾਨਾ ਮਲਣ ਆਦਿ}

**ਭਾਈ** ਭਾਨਾ ਮਲਣੁ ਤੇ ਰੇਖ ਰਾਉ ਦੋਨੋਂ ਸਿਖ ਕਾਬਲ ਵਿਚ ਹੁੰਦੇ ਸਨ, ਤੇ ਸੂਬੇਦਾਰ ਨਵਾਬ ਦਾ ਮੋਦੀਖਾਨਾ ਕਰਦੇ ਸਨ; ਤੇ ਜੋ ਕੁਝ ਵੱਟਕ ਹੋਵੈ ਸੋ ਸਿਖਾਂ ਨੂੰ ਖਵਾਲ ਦੇਵਨਿ। ਕਿਸੇ ਉਨ੍ਹਾਂ ਦੀ ਚੁਗਲੀ ਨਵਾਬ ਦੇ ਅਗੇ ਕੀਤੀ: ਜੋ ਏਨ੍ਹਾਂ ਦਾ ਵਟਾ ਕੱਸਾ ਘਟਿ ਹੈ, ਏਨ੍ਹੂੰ ਪੰਜ ਬਰਸ ਮੋਦੀ ਖਾਨਾ ਕਰਦਿਆਂ ਹੋਏ ਹੈਨਿ, ਏਨ੍ਹਾਂ ਦੇ ਜੁੰਮੇ ਦਸ ਹਜਾਰ ਰੁਪਯਾ ਸਰਕਾਰ ਦਾ ਨਿਕਲਦਾ ਹੈ। ਤਾਂ ਨਵਾਬ ਵੱਟਾ ਓਨ੍ਹਾਂ ਦਾ ਮੰਗਾਇਆ ਤੇ ਤੋਲਣ ਲਗਾ। ਤੇ ਸਾਹਿਬਾਂ ਦੇ ਅਗੇ ਪੰਜ ਪੈਸੇ ਅਰਦਾਸ ਕਿਸੇ ਸਿਖ ਆਨਿ ਰਖੇ ਹੈਸਨਿ। ਤਾਂ ਸਿਖਾਂ ਅਰਦਾਸ ਕੀਤੀ ਜੋ ਗਰੀਬ ਨਿਵਾਜ ਅਸਾਡੀ ਪੈਜ ਰੱਖਣੀ। ਤਾਂ ਸਾਹਿਬ ਪੈਸੇ ਦਾਏਂ ਥੀਂ ਬਾਏਂ ਹੱਥ ਤੇ ਰਖਣ ਤੇ ਬਾਏਂ ਥੀਂ ਦਾਏਂ ਹੱਥ ਤੇ ਰਖਣ। ਤਾਂ ਸਿਖਾਂ ਪੁਛਿਆ: ਗਰੀਬ ਨਿਵਾਜ ਜੀ! ਬਾਰੰਬਾਰ ਕਿਉਂ ਰਖਦੇ ਹੋ? ਤਾਂ ਬਚਨੁ ਹੋਇਆ ਸਿਖਾਂ ਦਾ ਵੱਟਾ ਪੂਰਾ ਕੀਤਾ ਹੈ। ਓਸ ਦੀ ਪੈਜ ਰਖੀ ਹੈ। ਜੋ ਮੇਰੈ ਨਮਿਤ ਦੇਵੈਗਾ ਤਿਨ੍ਹਾਂ ਦੀ ਪੈਜ ਅਸੀਂ ਰਖਾਂਗੇ॥੮੨॥

## ਸਾਖੀ ਹੋਰ ਚਲੀ {ਮਾਧੋ ਸੋਢੀ}

**ਸਿਖਾਂ** ਅਰਦਾਸ ਕੀਤੀ ਸਚੇ ਪਾਤਿਸਾਹਿ ਜੀ! ਕਸ਼ਮੀਰ ਵਿਚ ਜੋ ਪੰਡਤ ਹੁੰਦੇ ਹੈਨਿ, ਸੋ ਗੁਰੂ ਕੀ ਬਾਣੀ ਸਿਖਾਂ ਨੂੰ ਪੜ੍ਹਨ ਨਹੀਂ ਦੇਂਦੇ। ਕਹਿੰਦੇ ਹੈਨਿ: ਜੋ ਸਹੰਸਕ੍ਰਿਤ ਦੇਵ ਬਾਣੀ ਹੈ ਤੇ ਭਾਖਾ ਮਨੁੱਖ ਬਾਣੀ ਹੈ ਤੇ ਤੁਸਾਂ ਨਿਤ ਨਮਿਤ ਕਰਮ ਛੋਡ ਦਿਤੇ ਹੈਨਿ; ਅਸੀਂ ਤੁਸਾਡੇ ਨਾਲ ਵਰਤਣਿ ਨਹੀਂ ਰਖਦੇ। ਤਾਂ ਮਾਧੋ ਸੋਢੀ ਨੂੰ ਆਗਿਆ ਹੋਈ: ਤੇਰੇ ਬਚਨਾਂ ਵਿਚ ਮੈਂ ਬਲੁ ਪਾਇਆ ਹੈ ਤੂੰ ਜਾਇਕੈ ਕਸ਼ਮੀਰ ਵਿਚ ਗੁਰਸਿਖੀ ਦੀ ਰੀਤਿ ਚਲਾਇ। ਤਾਂ ਮਾਧੋ ਅਰਦਾਸ ਕੀਤੀ: ਜੀ ਓਹੁ ਕਰਮ ਕਾਂਡੀ ਹੈਨਿ, ਉਪਾਸਨਾ ਨੂੰ ਨਹੀਂ ਜਾਣਦੇ। ਬਚਨੁ ਹੋਇਆ: ਜਾਣਦੇ ਹੈਨਿ ਪਰੁ ਕਮਾਂਵਦੇ ਨਹੀਂ। ਤੇਰੇ ਦਰਸ਼ਨ ਤੋਂ ਕਮਾਵਨਗੇ। ਜੈਸੇ ਪੰਡਤਾਂ ਨੂੰ ਸੰਸਕ੍ਰਿਤ ਹੈ, ਤੈਸੇ ਗੁਰੂ ਕੇ ਸਿਖਾਂ ਨੂੰ ਸਬਦੁ ਗੁਰੂ ਕਾ ਪਿਆਰਾ ਹੈ। ਤਾਂ ਭਾਈ ਮਾਧੋ ਕਸ਼ਮੀਰ ਗਇਆ; ਗੁਰੂ ਬਾਣੀ ਦੀ ਕਥਾ ਲਗਾ ਕਰਣੇ। ਤਾਂ ਪੰਡਤਾਂ ਕਹਿਆ: ਅਸੀਂ ਭਾਖਾ ਬਾਣੀ ਨਹੀਂ ਮੰਨਦੇ। ਤਾਂ ਭਾਈ ਮਾਧੋ ਕਹਿਆ: ਘ੍ਰਿਤੁ ਭਾਵੈਂ ਧਾਤ ਦੇ ਬਾਸਨ ਮੈਂ ਹੋਵੈ, ਭਾਵੈਂ ਮਾਟੀ ਦੇ ਬਾਸਨ ਮੈ ਹੋਵੈ, ਘ੍ਰਿਤੁ ਕੇ ਲੇਣੇ ਵਾਲਾ ਬਾਸਨੁ ਨਹੀ ਵੇਖਦਾ, ਤੈਸੇ ਮਹਾਰਾਜ ਦਾ ਨਾਮੁ ਔ ਆਤਮ ਗਿਆਨ ਭਾਵੈਂ ਸੰਸਕ੍ਰਿਤ ਦੀ ਬਾਣੀ ਵਿਚ ਹੋਵੈ, ਭਾਵੈਂ ਭਾਖਾ ਵਿਚ ਹੋਵੈ, ਏਹੁ ਨਾਮੁ ਸਰਬ ਦਾ ਕਲਿਆਣੁ ਕਰਦਾ ਹੈ। ਕਿਉਂ ਜੋ ਤੁਸੀਂ ਭੀ ਭਾਖਾ ਵਿਚ ਸਭਨਾਂ ਨੂੰ ਸਮਝਾਂਦੇ ਹੋ। ਤਾਂ ਓਨ੍ਹਾਂ ਕਹਿਆ: ਅਸੀਂ ਮੋਟੀ ਬੁਧਿ ਵਾਲਿਆਂ ਨੂੰ ਸਮਝਾਂਦੇ ਹਾਂ। ਤਾਂ ਭਾਈ ਮਾਧੋ ਕਹਿਆ: ਗੁਰੂ ਜੀ ਭੀ ਕਲਜੁਗ ਦੇ ਜੀਆਂ ਵਾਸਤੇ ਭਾਖਾ ਬਾਣੀ ਕੀਤੀ ਹੈ। ਵੇਦਾਂ ਕਰਕੈ ਚਤੁਰਾਈ ਪ੍ਰਾਪਤਿ ਹੁੰਦੀ ਹੈ। ਮਨੁ ਨੀਵਾਂ ਨਹੀਂ ਹੁੰਦਾ ਤੇ ਸ਼ਬਦ ਕਰਕੈ ਮਨ ਨੀਵਾਂ ਹੁੰਦਾ ਹੈ, ਤਾਂ ਸਿਖੀ ਪ੍ਰਾਪਤਿ ਹੁੰਦੀ ਹੈ। ਤਾਂ ਕਸ਼ਮੀਰ ਵਿਚ ਧਰਮਸਾਲਾ ਬਣਾਈ, ਦੁਇ ਵੇਲੇ ਕਥਾ ਹੋਵੈ, ਉਪਰੰਤ ਕੀਰਤਨੁ ਹੋਵੈ। ਸਿਖੀ ਦੀ ਰੀਤਿ ਚਲੀ॥੮੩॥

## ਸਾਖੀ ਹੋਰ ਚਲੀ {ਭਾਈ ਭੀਵਾ, ਰੂਪ ਚੰਦ}

**ਭਾਈ** ਭੀਵਾ ਤੇ ਰੂਪ ਚੰਦ ਸਰਹੰਦ ਵਿਚ ਹੈਸਨਿ; ਕ੍ਰਿਤ ਕਰਕੈ ਸਿਖਾਂ ਨਾਲਿ ਵੰਡ ਖਾਵਨਿ ਤੇ ਗੁਰਪੁਰਬ ਕਰਨਿ। ਸਿਖਾਂ ਨੂੰ ਉਤਮ ਪ੍ਰਸਾਦਿ ਛਕਾਵਣ। ਇਕ ਦਿਨ ਇਕੁ ਮੁਗਲ ਵਾਸਨੀ ਮੁਹਰਾਂ ਦੀ ਓਨ੍ਹਾਂ ਨੂੰ ਦੇ ਗਇਆ; ਜੋ ਮੈਂ ਦਿੱਲੀ ਜਾਂਦਾ ਹਾਂ, ਫੇਰ ਆਇਕੈ ਤੁਸਾਂ ਥੀਂ ਲੇਵਾਂਗਾ। ਓਨ੍ਹਾਂ ਅੰਦਰ ਰਖ ਛੋਡੀ

ਤੇ ਵਹੀ ਤੇ ਨਾਵਾਂ ਲਿਖਣੋਂ ਭੁੱਲ ਗਏ। ਤਾਂ ਓਹੁ ਪੰਜਾਂ ਬਰਸਾਂ ਪਿਛੋਂ ਆਇਆ। ਉਸ ਨੇ ਮੁਹਰਾਂ ਮੰਗੀਆਂ: ਮੇਰੀ ਇਕੋਤ੍ਰ ਸੌ ਮੁਹਰ ਹੈ ਵਾਸਨੀ ਵਿਚ। ਤਾਂ ਭਾਈ ਭੀਵੇ ਆਪਣੀਆਂ ਵਹੀਆਂ ਸਭੇ ਹੀ ਦੇਖੀਆਂ, ਕਿਸੈ ਜਗ੍ਹਾ ਨਹੀਂ ਸੀ ਲਿਖਿਆ ਤੇ ਓਸ ਨੂੰ ਚਿੱਤ ਭੀ ਨਹੀਂ ਸੀ। ਤਾਂ ਦੋਨੋਂ ਝਗੜਦੇ ਨਵਾਬ ਪਾਸ ਗਏ। ਨਵਾਬ ਨੇ ਕੜਾਹਾ ਤੇਲ ਦਾ ਤਪਾਇਆ ਤੇ ਕਹਿਆ ਦੋਨੋਂ ਹੱਥ ਪਾਵਹੁ। ਤਾਂ ਸਿਖ ਪੰਜ ਮੁਹਰਾਂ ਗੁਰੂ ਕਾ ਪ੍ਰਸਾਦੁ ਮੰਨੀਆਂ। ਦੋਨੋਂ ਨੇ ਹੱਥੁ ਕੜਾਹੇ ਵਿਚ ਪਾਇਆ ਤੇ ਮੁਗਲ ਦਾ ਹੱਥੁ ਸੜ ਗਇਆ ਤੇ ਸਿਖ ਦਾ ਹਥੁ ਸਲਾਮਤ ਨਿਕਲਿਆ। ਤਾਂ ਮੁਗਲ ਨੂੰ ਨਵਾਬ ਝੂਠਾ ਕਰਿਕੈ ਨਿਕਾਲ ਦਿਤਾ। ਭਾਈ ਭੀਵਾ ਸਚਾ ਹੋਇਕੈ ਘਰਿ ਆਇਆ; ਤੇ ਭਾਈ ਰੂਪ ਚੰਦ ਥੀਂ ਪੁਛਿਆ: ਇਕ ਵਾਸਨੀ ਦਾ ਦਾਵਾ ਮੁਗਲ ਕੀਤਾ ਸੀ ਸੋ ਝੂਠਾ ਹੋਇਆ। ਤਾਂ ਭਾਈ ਰੂਪ ਚੰਦ ਕਹਿਆ ਅਸੀਂ ਭੀ ਅੰਦਰਿ ਦੇਖੀਐ। ਜਾਂ ਵੇਖਣ ਲਗੇ ਤਾਂ ਅੰਦਰੋਂ ਕਿਸੇ ਭਾਂਡੇ ਵਿਚੋਂ ਵਾਸਨੀ ਨਿਕਲਿ ਆਈ। ਤਾਂ ਦੋਨੋਂ ਵਾਸਨੀ ਨੂੰ ਲੈ ਕੇ ਜਿਥੇ ਮੁਗਲ ਬੈਠਾ ਸੀ ਤਿਥੇ ਗਏ, ਓਸ ਨੂੰ ਕਹਿਆ: ਏਹੁ ਵਾਸਨੀ ਆਪਣੀ ਤੂੰ ਲੈ। ਤਾਂ ਮੁਗਲ ਕਹਿਆ: ਤੁਸਾਂ ਗੁਰੂ ਕੀ ਭੇਟ ਕੀ ਮੰਨੀ ਸੀ। ਤਾਂ ਉਨ੍ਹਾਂ ਕਹਿਆ: ਪੰਜ ਮੁਹਰਾਂ। ਤਾਂ ਮੁਗਲ ਕਹਿਆ: ਤੁਸਾਡੇ ਗੁਰੂ ਦਾ ਮੈਂ ਦਰਸ਼ਨੁ ਕੀਤਾ ਚਾਹਨਾ ਹਾਂ। ਤਾਂ ਓਸ ਨੂੰ ਗੁਰੂ ਕੇ ਹਜ਼ੂਰ ਲਿਆਏ। ਤਾਂ ਓਸ ਪ੍ਰਸ਼ਨੁ ਕੀਤਾ: ਜੀ ਏਹੁ ਝੂਠੇ ਸਚ ਹੋਏ ਤੇ ਮੈਂ ਸੱਚਾ ਝੂਠਾ ਹੋਇਆ। ਬਚਨੁ ਹੋਇਆ: ਓਨ੍ਹਾਂ ਦਾ ਇਕਸ ਗੁਰੂ ਤੇ ਨਿਸਚਾ ਸੀ, ਤੇ ਤੇਰਾ ਬਹੁਤਿਆਂ ਪੀਰਾਂ ਤੇ ਨਿਸਚਾ ਸੀ। ਇਕ ਭਰਤੇ ਦੀ ਇਸਤ੍ਰੀ ਸੁਖੀ ਹੁੰਦੀ ਹੈ॥੮੪॥

## ਸਾਖੀ ਹੋਰ ਚਲੀ {ਭਾਈ ਪਰਤਾਪੂ ਸੂਰਮਾ}

**ਭਾਈ** ਪਰਤਾਪੂ ਵਡਾ ਸੂਰਮਾ ਹੈਸੀ। ਓਸ ਅਰਦਾਸ ਕੀਤੀ: ਜੋ ਅਸਾਡੀ ਬ੍ਰਿਤ ਤਾਂ ਸ਼ਸਤ੍ਰਾਂ ਦੇ ਚਲਾਵਣ ਦੀ ਹੈ, ਅਸਾਡਾ ਉਧਾਰੁ ਹੋਵੈ, ਸੋ ਕ੍ਰਿਪਾ ਕਰੋ। ਤਾਂ ਬਚਨੁ ਹੋਇਆ: ਜੋ ਕਾਲ ਆਂਵਦਾ ਹੈ ਤਾਂ ਕੋਈ ਰੱਖ ਨਹੀਂ ਸਕਦਾ। ਜੌ ਕਾਲੁ ਨਹੀਂ ਆਂਵਦਾ ਤਾਂ ਕਾਲੁ ਆਪ ਰਾਖਾ ਹੁੰਦਾ ਹੈ। ਤਾਂ ਤੇ ਸੂਰਮੇ ਨੂੰ ਚਾਹੀਦਾ ਹੈ ਜੋ ਧਰਮ ਦਾ ਜੁੱਧ ਕਰੈ। ਤੇ ਜੋ ਕੁਝ ਪਾਸ ਹੋਵੈ ਸੋ ਦਾਨੁ ਕਰੈ। ਦਾਨ ਕਰਨ ਕਰ ਸ਼ਸਤ੍ਰਾਂ ਵਿਚ ਬਰਕਤ ਹੁੰਦੀ ਹੈ, ਜਸੁ ਹੁੰਦਾ ਹੈ। ਜਸੁ ਅੰਮ੍ਰਿਤ ਦੇ ਸਮਾਨ ਹੁੰਦਾ ਹੈ। ਅਪਜਸੁ ਬਿਖ ਦੇ ਸਮਾਨ ਹੁੰਦਾ ਹੈ॥੮੫॥

## ਸਾਖੀ ਹੋਰ ਚਲੀ {ਭਾਈ ਨੰਦਾ ਵਿੱਠਰ, ਸਾਮੀ ਦਾਸ}

**ਭਾਈ** ਨੰਦਾ ਵਿੱਠਰ ਤੇ ਭਾਈ ਸਾਮੀ ਦਾਸੁ ਵਛੇਰੁ ਥਨੇਸਰ ਰਹਿੰਦੇ ਸਨਿ ਤੇ ਸਿਖਾਂ ਦੀ ਟਹਿਲ ਕਰਨਿ ਤੇ ਕਿਰਤ ਜੋ ਕਰਨਿ ਸੋ ਇਕੁ ਬਚਨੁ ਬੋਲਨਿ, ਤਾਂ ਓਨ੍ਹਾਂ ਦਾ ਨਾਉਂ 'ਇਕ ਸੁਖਨੀਆ' ਪਇਆ। ਤਾਂ ਬਚਨੁ ਹੋਇਆ: ਭਾਈ ਤੁਸਾਡਾ ਏਸੇ ਸਚ ਥੀਂ ਕਲਿਆਣੁ ਹੋਇਆ ਹੈ: "ਸਚੁ ਬਰਾਬਰਿ ਪੁੰਨ ਨਹੀਂ ਝੂਠ ਬਰਾਬਰਿ ਪਾਪੁ॥ ਅਸੁਮੇਧ ਸਮ ਜਗੁ ਨਹੀਂ ਬ੍ਰਹਮ ਹਤਿਆ ਸੰਤਾਪੁ॥" ਸਿਖਾਂ ਨੂੰ ਪ੍ਰਸਾਦੁ ਛਕਾਵਨਿ ਤੇ ਸੀਤ ਕਾਲ ਬਿਖੇ ਬਸਤ੍ਰ ਪਹਿਰਾਵਨਿ ਤੇ ਆਪ ਪੈਰ ਧੋਵਨ ਤੇ ਓਨ੍ਹਾਂ ਦੇ ਪੁਤ੍ਰ ਇਸਤ੍ਰੀਆਂ ਸਭੇ ਸਿਖਾਂ ਦੀ ਸੇਵਾ ਟਹਿਲ ਕਰਨ ਤੇ ਘਰਿ ਵਿਚ ਗ੍ਰੰਥ ਜੀ ਪੜਨਿ॥੮੬॥

## ਸਾਖੀ ਹੋਰ ਚਲੀ {ਭਾਈ ਗੋਪੀ, ਤੀਰਥ, ਨੱਥਾ ਆਦਿ}

**ਭਾਈ** ਗੋਪੀ ਮਹਿਤਾ ਤੇ ਭਾਈ ਤੀਰਥੁ ਤੇ ਭਾਈ ਨੱਥਾ ਤੇ ਭਾਈ ਭਾਊ ਮੋਕਲੁ ਤੇ ਭਾਈ ਢਿੱਲੀ ਮੰਡਲ ਗੁਰਾਂ ਦੀ ਸ਼ਰਨਿ ਆਏ। ਓਨ੍ਹਾਂ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ ਗੁਰੂ ਕੀ ਬਾਣੀ ਨੂੰ ਸੁਣਕੇ ਤੇ ਭੈ ਪ੍ਰਾਪਤਿ ਹੁੰਦਾ ਹੈ ਤੇ ਪ੍ਰਿਥੀਮਲੁ ਤੇ ਮਹਾਂਦੇਉ ਤੇ ਹੋਰ ਸੋਢੀਆਂ ਬਾਣੀ ਕਰਕੈ ਵਿਚ ਗੁਰੂ ਨਾਨਕ ਜੀ ਦਾ ਭੋਗ ਪਾਇਆ ਹੈ। ਓਨ੍ਹਾਂ ਦੀਆਂ ਬਾਣੀਆਂ ਨੂੰ ਸੁਣਕੈ ਮਨ ਵਿਚ ਅਭਿਮਾਨ ਤੇ ਚਤੁਰਾਈ ਵਧਦੀ ਹੈ। ਤਾਂ ਬਚਨੁ ਹੋਇਆ: ਭਾਈ ਗੁਰਦਾਸ! ਹੁਣ ਤਾਂ ਬਾਣੀਆਂ ਨੂੰ ਸਿਖ ਜਾਣਦੇ ਹੈਨਿ ਤੇ ਅਗੇ ਜੋ ਹੋਵਨਗੇ ਸੋ ਪਛਾਣਨਗੇ ਨਹੀਂ, ਜੋ ਗੁਰੂ ਕੀ ਬਾਣੀ ਕੌਨ ਹੈ ਤੇ ਬਾਹਰਿ ਦੀ ਬਾਣੀ ਕੌਨ ਹੈ, ਤਾਂ ਤੇ ਸਭ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ ਤੇ ਅਖਰ ਭੀ ਗੁਰਮੁਖੀ ਸੁਗਮ ਕੀਚਨ। ਸਭ ਕਿਸੇ ਦੇ ਵਾਚਣ ਵਿਚ ਸੁਗਮ ਆਵਨਿ। ਤਾਂ ਕੋਠੇ ਵਿਚ ਸਭੇ ਬਾਣੀਆਂ ਇਕੱਠੀਆਂ ਕੀਤੀਆਂ। ਤੇ ਭਾਈ ਗੁਰਦਾਸ ਜੀ ਨੂੰ ਬਚਨੁ ਹੋਇਆ: ਤੂੰ ਮੋਹਣ ਪਾਸੋਂ ਪੋਥੀਆਂ ਲੈ ਆਉ। ਤਾਂ ਭਾਈ ਗੁਰਦਾਸ ਜੀ ਕਹਿਆ: ਮਹਾਰਾਜ ਜੀ! ਓਹੁ ਮੈਨੂੰ ਨਹੀਂ ਦੇਂਵਦੇ। ਤੁਸੀਂ ਆਪ ਜਾਹੋਗੇ ਤਾਂ ਦੇਵਨਿਗੇ। ਤਾਂ ਸਾਹਿਬ ਆਪ ਗਏ। ਜਾਂ ਮੋਹਣ ਸੁਣਿਆ ਤਾਂ ਚੌਬਾਰਾ ਬੰਦ ਕਰਕੇ ਅੰਦਰਿ ਬੈਠ ਰਹਿਆ। ਤਾਂ ਸਾਹਿਬ ਚੌਬਾਰੇ ਦੇ ਹੇਠ ਬੈਠ ਕਰਿ ਰਾਗੁ ਪਾਇ ਕਰਿ ਸਬਦੁ ਅਲਾਪਿਆ:-

**ਗਉੜੀ ਮਹਲਾ ੫॥**
**"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥**
**ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥**
**ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥**
**ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥**
**ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥**
**ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖ ਸਾਰਾ॥੧॥"**
{ਪੰਨਾ ੨੪੮}

ਜਾਂ ਪਹਿਲੀ ਪਉੜੀ ਗਾਵੀਂ ਤਾਂ ਮੋਹਨਿ ਚੌਬਾਰਾ ਖੋਲਿਆ ਜਾਂ ਦੂਜੀ ਪੌੜੀ ਗਾਵੀਂ ਤਾਂ ਤਲੇ ਦਾ ਦਰਵਾਜਾ ਪਉੜੀਆਂ ਦਾ ਖੋਲਿਆ। ਜਾਂ ਤੀਜੀ ਪਉੜੀ ਗਾਵੀਂ ਤਾਂ ਉੱਠਕੇ ਨਮਸਕਾਰ ਕੀਤੀ, ਜਾਂ ਚੌਥੀ ਪਉੜੀ ਗਾਵੀਂ ਤਾਂ ਪੋਥੀਆਂ ਲੈ ਕੇ ਸਭੇ ਆਇ ਚਰਨੀ ਲੱਗਾ। ਤਾਂ ਸਾਹਿਬ ਪੋਥੀਆਂ ਸਭ ਇਕੱਠੀਆਂ ਕਰਕੇ ਭਾਈ ਗੁਰਦਾਸ ਦੇ ਹਵਾਲੇ ਕੀਤੀਆਂ। ਗੁਰਮੁਖੀ ਅਖਰਾਂ ਵਿਚ ਗ੍ਰੰਥ ਜੀ ਲਿਖਿਆ। ਤਾਂ ਕਬੀਰ ਆਦਿਕ ਸਭੇ ਭਗਤਿ ਭਾਈ ਗੁਰਦਾਸ ਨੂੰ ਆਨਿ ਦਰਸ਼ਨੁ ਦਿਤਾ: ਅਸਾਡੀਆਂ ਵੀ ਬਾਣੀਆਂ ਸਾਖ ਵਾਸਤੇ ਚੜ੍ਹਾਓ। ਤਾਂ ਭਾਈ ਗੁਰਦਾਸ ਗੁਰੂ ਕੇ ਹਜ਼ੂਰ ਅਰਦਾਸ ਕੀਤੀ। ਤਾਂ ਬਚਨੁ ਹੋਇਆ: ਓਨ੍ਹਾਂ ਦੀਆਂ ਰਸਨਾਂ ਥੀਂ ਨਉਤਨ ਬਾਣੀਆਂ ਉਚਾਰ ਕਰਵਾਇਕੇ ਚੜ੍ਹਾਵਨੀਆਂ ਤੇ ਗ੍ਰੰਥ ਜੀ ਦਾ ਭੋਗੁ ਪਾਵਣਾ।

ਭਾਈ ਜੀਵੰਦਾ ਤੇ ਜਗਸੀ ਸੇਠ ਤਿਲੋਕਾ ਫਤੇ ਪੁਰੋਂ ਦਰਸਨ ਨੂੰ ਆਏ। ਤਾਂ ਓਨਾਂ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ ਜੀ! ਅਗੇ ਹੀ ਭਗਤਿ ਹੋ ਗੁਜਰੇ ਹੈਨਿ ਕਿ ਹੁਣ ਭੀ ਕੋਈ ਭਗਤੁ ਹੈ? ਤਾਂ ਬਚਨੁ ਹੋਇਆ: ਆਦਿ ਜੁਗਾਦਿ ਭਗਤਿ ਹੁੰਦੇ ਆਏ ਹੈਨਿ, ਪਰੁ ਜਿਨ੍ਹਾਂ ਦੀ ਬਾਣੀ ਸਬਦ ਦੀ ਛਾਯਾ ਲਈ ਹੁੰਦੀ ਹੈ ਸੋ ਪੂਰਣ ਭਗਤ ਹੈਨਿ। ਤਾਂ ਬਚਨੁ ਹੋਇਆ: ਹੁਕਮ ਲਿਖੋ:- ਕਾਨਾ ਭਗਤੁ, ਛਜੂ ਭਗਤੁ; ਪੀਲੋ ਭਗਤੁ, ਸ਼ਾਹ ਹੁਸੈਨ ਭਗਤੁ, ਲਾਹੌਰੁ ਵਿਚ ਹੁੰਦੇ ਹੈਨਿ: ਓਹੁ ਭੀ ਦਰਸਨ ਨੂੰ ਆਵਨਿ। ਜਾਂ ਸਭਨਾਂ ਭਗਤਾਂ ਨੋ ਹੁਕਮ ਪਹੁੰਚਿਆ, ਤਾਂ ਕਾਨਾ ਤਾਂ ਗਿਆਨੀ ਹੈਸੀ ਤੇ ਜੋਗ ਸਾਧਨਾ ਕਰ ਪੰਜ ਸੈ ਬਰਖ ਓਸ ਸਰੀਰੁ ਰਖਿਆ ਸੀ, ਪਰੁ ਗਰਬੁ ਉਸਦਾ ਨਹੀਂ ਸੀ ਮਿਟਿਆ, ਸੋ ਤਾਂ ਰਥ ਪਰ ਆਰੂੜ ਹੋਕੈ ਆਇਆ ਤੇ ਹੋਰੁ ਭਗਤਿ ਸਭ ਚਰਨੀ ਟੁਰਦੇ

ਆਏ। ਆਨਿ ਦਰਸਨੁ ਗੁਰੂ ਅਰਜਨ ਜੀ ਦਾ ਕੀਤਾ। ਤਾਂ ਬਚਨੁ ਹੋਇਆ: ਆਪਣੀਆਂ ਬਾਣੀਆਂ ਉਚਾਰੋ। ਤਾਂ ਕਾਹਨਾ ਬੋਲਿਆ: "ਓਹੀ ਰੇ ਮੈਂ ਓਹੀ ਰੇ। ਜਾ ਕਉ ਬੇਦ ਪੁਰਾਨ ਸਭ ਗਾਵਹਿ ਖੋਜਤ ਖੋਜ ਨ ਕੋਈ ਰੇ। ਜਾਕਉ ਨਾਰਦ ਸਾਰਦ ਸੇਵਹਿ, ਸੇਵਹਿ ਦੇਵੀ ਦੇਵਾ ਰੇ। ਬ੍ਰਹਮੇ ਬਿਸਨ ਮਹੇਸ ਅਰਾਧਹਿ ਸਭ ਕਰਦੇ ਜਾਂਕੀ ਸੇਵਾ ਰੇ।" ਤਾਂ ਬਚਨੁ ਹੋਇਆ ਕ੍ਰਿਪਾਲ ਕਾ: ਅਬ ਕਲਜੁਗ ਦਾ ਸਮਾਂ ਹੈ, ਏਨ੍ਹਾਂ ਵਚਨਾਂ ਨੂੰ ਸੁਣ ਸਭ ਲੋਕ ਵਿਖਿਆਂ ਵਿਚ ਪਰਵਿਰਤ ਹੋ ਜਾਵਨਿਗੇ। ਤਾਂ ਅਗੋਂ ਕਾਹਨੇ ਸਰਾਪੁ ਦਿਤਾ: ਤੁਸਾਡਾ ਸਰੀਰ ਬਿਨਸੇਗਾ ਵੈਰੀਆਂ ਦੇ ਹਥੋਂ। ਬਚਨੁ ਹੋਇਆ: ਸਰੀਰੁ ਤਾਂ ਅਨਿਤ ਹੈਨਿ ਬਿਨਸਿਆਈ ਹੋਇਆ ਹੈ, ਆਤਮਾਂ ਤਾਂ ਸਤਿ ਹੈ ਓਹੁ ਤਾਂ ਬਿਨਸਦੀ ਨਹੀਂ, ਪਰ ਦੇਹਿ ਕਦੇ ਨਹੀਂ ਰਹਿੰਦਾ। ਤਾਂ ਛਜੂ ਬੋਲਿਆ "ਕਾਗਦ ਸੰਦੀ ਪੂਤਰੀ ਤਊ ਨ ਤ੍ਰਿਯਾ ਨਿਹਾਰ। ਇਉਂ ਹੀ ਮਾਰ ਲੇ ਜਾਇਗੀ ਜਿਉਂ ਬਲੋਚਾਂ ਦੀ ਧਾੜਿ।" ਬਚਨੁ ਹੋਇਆ, ਛਜੂ! ਏਹੁ ਗ੍ਰਿਸਤਿ ਵਿਚ ਪੰਥੁ ਚਲਾਇਆ ਹੈ, ਆਪਣੀ ਪਰਾਈ ਇਸਤ੍ਰੀ ਦਾ ਵੀਚਾਰੁ ਚਾਹੀਦਾ ਹੈ। ਏਹੁ ਵਚਨੁ ਅਤੀਤਾਂ ਨੂੰ ਚਾਹੀਦਾ ਹੈ, ਤੇ ਗ੍ਰਿਸਤੀ ਨੂੰ ਬਿਗਾਨੀ ਇਸਤ੍ਰੀ ਤਿਆਗੀ ਚਾਹੀਦੀ ਹੈ। ਤਾਂ ਪੀਲੋ ਬੋਲਿਆ: "ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੋ ਮੁਏ। ਓਨਾ ਚਿਕੜ ਪਾਵ ਨਾ ਡੋਬਿਆ ਨਾ ਆਲੂਦ ਭਏ।" ਬਚਨੁ ਹੋਇਆ: ਪੀਲੋ, ਜੰਮਣ ਮਰਣਾ ਪਰਵਾਣ ਹੈ, ਹੁਕਮ ਵਿਚ ਸੁਖ ਦੁਖ ਹੈ। ਆਪ ਸੰਤ ਆਪਣਾ ਅਭਿਮਾਨ ਮਾਰਦੇ ਹੈਨਿ। ਸਾਹੁ ਹੁਸੈਨ ਬੋਲਿਆ: "ਬੋਲਣ ਦੀ ਨਹੀਂ ਜਾਇ ਵੇ ਅੜਿਆ। ਚੁਪ ਵੇ ਅੜਿਆ ਚੁਪ ਵੇ"! ਤੂੰ ਸਭ ਜਾਣਦਾ ਹੈਂ ਤੇਰੇ ਅਗੇ ਚੁਪ ਹੀ ਚਾਹੀਦੀ ਹੈ। ਤਾਂ ਬਚਨੁ ਹੋਇਆ: ਕਹਿਆ ਤਾਂ ਹਛਾ ਹਈ, ਪਰੁ ਚੁਪ ਦੇ ਮੁਕਾਮ ਵਿਚ ਰਹਿਣਾ॥੮੭॥

# ਪਉੜੀ ਸਤਾਈਸਵੀਂ ਚਲੀ॥੨੭॥

## ਆਗਰੇ ਦੀ ਸੰਗਤ

ਮਹਤਾ ਸਕਤੂ ਆਗਰੈ ਚਢਾ ਹੋਆ ਨਿਹਾਲੁ ਨਿਹਾਲਾ।
ਗੜ੍ਹੀਆਲੁ ਮਥਰਾ ਦਾਸੁ ਹੈ ਸਪਰਵਾਰਾ ਲਾਲੁ ਗੁਲਾਲਾ।
ਰੀਗਾ ਮਹਗਲੁ ਸੂਰਮਾ ਹਰਵੰਸ ਤਪੇ ਟਹਲ ਧ੍ਰਮਸਾਲਾ।
ਅਣਦੁ ਮੁਰਾਰੀ ਮਹਾਂਪੁਰਖੁ ਕਲਿਆਣਾ ਕੁਲਿ ਕਵਲੁ ਰਸਾਲਾ।
ਨਾਨੋ ਲਟਕਣੁ ਬਿੰਦਰਾਉ ਸੇਵਾ ਸੰਗਤਿ ਪੂਰਣ ਘਾਲਾ।
ਹਾਂਡਾ ਆਲਮਚੰਦੁ ਹੈ ਸੈਂਸਾਰਾ ਤਲਵਾੜੂ ਸੁਖਾਲਾ।
ਜਗਨਾ ਨੰਦਾ ਸਾਧ ਹੈ ਭਾਨੂ ਸੁਹੜ ਹੰਸਾਂ ਦੀ ਢਾਲਾ।
ਗੁਰ ਭਾਈ ਰਤਨਾਂ ਦੀ ਮਾਲਾ॥੨੭॥

## ਸਾਖੀ ਹੋਰ ਚਲੀ {ਭਾਈ ਸਕਤੂ ਤੇ ਨਿਹਾਲੂ}

**ਮਹਿਤਾ** ਸਕਤੂ ਤੇ ਨਿਹਾਲੂ ਚੱਢਾ ਦੋਨੋਂ ਆਗਰੇ ਵਿਚ ਰਹਿੰਦੇ ਸਨ। ਗੁਰੂ ਅਰਜਨ ਜੀ ਦੀ ਸਰਨਿ ਆਏ ਤੇ ਅਰਦਾਸ ਕੀਤੀ: ਜੋ ਕਰਮ ਕਾਂਡੀ ਕਹਿੰਦੇ ਹੈਨਿ, ਕਰਮ ਸ਼ੁਭ ਕੀਤੇ ਬਿਨਾਂ, ਨਿਤ ਕਰਮ ਗਾਇਤ੍ਰੀ ਤਰਪਣ ਆਦਿਕ, ਤੇ ਨਮਿਤ ਕਰਮ ਪਿੰਡ ਪਤਲ ਦਸ ਗਾਤ੍ਰ ਸਿਰਾਧ ਖਿਆਹ ਕੀਤੇ ਬਿਨੁ ਗਤਿ ਨਹੀਂ ਹੁੰਦੀ ਤੇ ਗਿਆਨੀ ਕਹਿੰਦੇ ਹੈਨਿ ਗਿਆਨ ਹੀ ਕਰਿ ਗਤਿ ਹੈ। ਜੈਸੇ ਸਰੀਰੁ ਅਨਿਤ ਹੈ ਤੈਸੇ ਕਰਮ ਅਨਿਤ ਹੈਨਿ, ਗਿਆਨ ਹੀ ਕਰ ਗਤਿ ਹੈ, ਤਾਂ ਅਸੀਂ ਕੌਨ ਸੀ ਕ੍ਰਿਆ ਕਰੀਏ? ਤਾਂ ਬਚਨੁ ਹੋਇਆ ਜੈਸੇ ਦੁਭਾਸੀਆ ਜਹਾਜਾਂ ਵਿਚ ਸੌਦਾ ਕਰਵਾਇ ਦੇਂਦਾ ਹੈ, ਤੈਸੇ ਮਹਾਰਾਜ ਦਾ ਨਾਮ ਦੁਭਾਸੀਆ ਹੈ। ਨਾਲੇ ਕਰਮਾਂ ਵਾਲਿਆਂ ਕੀ ਗਤਿ ਕਰ ਦੇਤਾ ਹੈ, ਨਾਲੇ ਗਿਆਨ ਵਾਲਿਓਂ ਕੀ ਗਤਿ ਕਰ ਦੇਤਾ ਹੈ। ਗਿਆਨ ਵਾਲੇ ਕਾ ਗਿਆਨ ਦ੍ਰਿੜ ਕਰ ਦੇਤਾ ਹੈ। ਕਰਮਾਂ ਵਾਲਿਆਂ ਕੇ ਨਿਹਕਾਮ ਕਰਮ ਪ੍ਰਾਪਤ ਕਰ ਦੇਤਾ ਹੈ। ਪ੍ਰਿਥਮੇ ਅਗਿਆਨ ਕਾਲ ਸੁਭ ਕਰਮ ਨਿਹਕਾਮ ਕੀਤੇ ਅੰਤਹਕਰਣ ਸੁਧ ਹੋਤੇ ਹੈਨਿ। ਤੁਸਾਂ ਵਾਹਿਗੁਰੂ ਕੇ ਨਾਮ ਕਾ ਜਾਪੁ ਕਰਣਾ॥੯੮॥


www.sikhbookclub.com

## ਸਾਖੀ ਹੋਰ ਚਲੀ {ਭਾਈ ਗੜੀਅਲੁ, ਮਥਰਾਦਾਸ}

**ਭਾਈ** ਗੜੀਅਲੁ ਤੇ ਭਾਈ ਮਥੁਰਾਦਾਸੁ ਦੋਵੇਂ ਪੰਡ ਦੀ ਕ੍ਰਿਤ ਕਰ ਲਿਆਂਵਦੇ ਹੈਸਨਿ ਤੇ ਪਰਵਾਰ ਵਾਲੇ ਸੇ। ਪੁਤ੍ਰ ਇਸਤ੍ਰੀ ਉਨ ਕੀ ਸੇਵਾ ਟਹਿਲ ਕਰਨਿ, ਰੁਗ ਛਕਾਵਨਿ। ਤਾਂ ਓਨ੍ਹਾਂ ਨੇ ਕਹਿਆ: ਜੈਸੇ ਅਸਾਡੀ ਟਹਿਲ ਸੇਵਾ ਕਰਦੇ ਹੋ ਜੇ ਅਸੀਂ ਪਾਸ ਨ ਹੋਵੀਐ ਤਾਂ ਸਿਖਾਂ ਦੀ ਟਹਲ ਕਰਨੀ ਤੇ ਤੁਸੀਂ ਤੇ ਅਸੀਂ ਭੀ ਸਭੇ ਸਿਖਾਂ ਦੀ ਟਹਿਲ ਸੇਵਾ ਕਰੀਏ; ਸਿਖਾਂ ਦੀ ਪਰਸੰਨਤਾ ਲਈਏ। ਤਬ ਆਇਆਂ ਸਿਖਾਂ ਦੀ ਬਹੁਤ ਟਹਿਲ ਕਰਿਆ ਕਰਨਿ। ਸਾਹਿਬ ਪੰਜਵੀਂ ਪਾਤਿਸਾਹੀ ਦੇ ਹਜ਼ੂਰ ਓਨ੍ਹਾਂ ਦੀ ਸਾਖ ਚਲੀ ਤਾਂ ਓਹੁ ਹਜ਼ੂਰ ਆਏ, ਬਡੀ ਸਾਹਿਬ ਦੀ ਖੁਸ਼ੀ ਹੋਈ। ਏਸੇ ਕਰ ਓਨ੍ਹਾਂ ਦਾ ਕਲਿਆਣੁ ਹੋਇਆ॥੮੯॥

## ਸਾਖੀ ਹੋਰ ਚਲੀ {ਭਾਈ ਰੀਂਗਾ ਸਹਗਲ}

**ਭਾਈ** ਰੀਂਗਾ ਸਹਗਲੁ ਬਡਾ ਸੂਰਮਾ ਹੈਸੀ। ਗੁਰੂ ਅਰਜਨ ਜੀ ਦੀ ਸਰਨ ਆਇਆ, ਤਾਂ ਬਚਨੁ ਹੋਇਆ: ਤੁਸੀਂ ਮਲੇਛਾ ਦੀ ਜੋ ਚਾਕਰੀ ਕਰਦੇ ਹੋ, ਤੁਸੀਂ ਹਰਗੋਵਿੰਦ ਜੀ ਦੇ ਪਾਸ ਰਹਿਆ ਕਰੋ। ਤੁਸਾਡੀ ਪ੍ਰਤਿਪਾਲਾ ਭੀ ਕਰਨਗੇ ਤੇ ਨਾਮੁ ਤੇ ਗਿਆਨੁ ਭੀ ਪ੍ਰਾਪਤ ਹੋਵੈਗਾ। ਨਾਲੇ ਦੀਨ ਵਿਖੇ ਤੁਸਾਡਾ ਮੁਖ ਉਜਲਾ ਹੋਵੈਗਾ; ਨਾਲੇ ਦੁਨੀਆਂ ਕੇ ਕਾਜ ਪੂਰੇ ਹੋਵਨਿਗੇ। ਸਾਹਿਬ ਛਿਵੀਂ ਪਾਤਿਸਾਹੀ ਦੇ ਪਾਸ ਰੀਂਗਾ ਸਹਗਲੁ ਰਹਿਆ ਤੇ ਜੁਧ ਦੇ ਸਮੇਂ ਸਨਮੁਖ ਰਹੇ। ਏਸੇ ਕਰ ਓਸ੍ਰ ਦਾ ਕਲਿਆਣੁ ਹੋਇਆ॥੯੦॥

## ਸਾਖੀ ਹੋਰ ਚਲੀ {ਭਾਈ ਹਰਵੰਸ ਤਪਾ}

**ਹਰਿਵੰਸੁ** ਤਪਾ ਧਰਮਸਾਲ ਦੀ ਟਹਿਲ ਕਰਦਾ ਸੀ। ਜੋ ਸਿਖੁ ਭੁਖਾ ਆਵੈ ਓਸਨੂੰ ਪ੍ਰਸਾਦੁ ਖੁਲਾਵੈ, ਜੋ ਥੱਕਾ ਆਵੈ ਓਸਦੇ ਗਰਮੁ ਪਾਣੀ ਨਾਲਿ ਪੈਰ ਧੋਵੈ, ਰੁਗ ਛਕਾਵੈ*। ਰਾਤ ਨੂੰ ਉਪਰ ਭੂਰੇ ਪਾਇ ਦੇਵੈ। ਪਾਣੀ ਗਰਮੁ ਕਰਕੈ ਇਸਨਾਨੁ ਪਿਛਲੀ ਰਾਤਿ ਕਰਾਏ ਤੇ ਅੰਮ੍ਰਿਤ ਵੇਲੇ ਗ੍ਰੰਥ ਜੀ ਦੀ ਬਾਣੀ ਪੜੈ ਤੇ ਤੀਸਰੇ ਪਹਿਰ ਭਾਈ ਗੁਰਦਾਸ ਜੀ ਦੀ ਪੜੈ। ਤਾਂ ਸਿਖਾਂ ਕਹਿਆ: ਸਾਹਿਬ ਗ੍ਰੰਥ ਜੀ ਦੀ ਮ੍ਰਿਜਾਦਾ ਕੀਤੀ ਹੈ; ਹੋਰੁ ਬਾਣੀਆਂ ਬੰਦ ਕੀਤੀਆਂ

* ਮੁਠੀਆਂ ਭਰੇ।

ਹੈਨਿ। ਤਾਂ ਓਸ ਨੇ ਸਾਹਿਬ ਥੇ ਅਰਦਾਸ ਕੀਤੀ: ਜੋ ਜੀ ਭਾਈ ਗੁਰਦਾਸ ਦੀ ਬਾਣੀ ਪੜਿਆ ਕਰੀਏ ਕਿ ਨਾ ਪੜਿਆ ਕਰੀਐ? ਤਾਂ ਬਚਨੁ ਹੋਇਆ: ਅਗਿਆਨੀਆਂ ਨੇ ਸ਼ਰੀਕਾ ਕਰਿਕੈ ਬਾਣੀਆਂ ਉਚਾਰੀਆਂ ਹੈਨਿ ਤੇ ਗੁਰੂ ਕੇ ਸਬਦ ਦੀ ਛਾਇਆ ਨਹੀ ਲੀਤੀ, ਓਸ ਬਾਣੀ ਨੂੰ ਬਰਜਿਆ ਹੈ ਤੇ ਭਾਈ ਜੀ ਦੀ ਬਾਣੀ ਤਾਂ ਮਾਨੋਂ ਸ਼ਬਦ ਦਾ ਟੀਕਾ ਹੈ। ਉਸ ਤੇ ਸਿਖੀ ਪ੍ਰਾਪਤਿ ਹੁੰਦੀ ਹੈ। ਜੋ ਈਸ਼੍ਵਰ ਦਾ ਰਿਦਾ ਗਜਾਨ ਹੈ ਤੇ ਗੁਰਾਂ ਦਾ ਰਿਦਾ ਸਬਦੁ ਹੈ ਜੋ ਸਿਖ ਦਾ ਰਿਦਾ ਸਬਦ ਨਾਲ ਮਿਲਿਆ ਹੋਵੈ ਸੋ ਬਿਸ਼ੱਕ ਓਹੁ ਪੜ੍ਹਨਾ॥੯੧॥

## ਸਾਖੀ ਹੋਰ ਚਲੀ {ਮੁਰਾਰੀ ਅਣਦ ਆਦਿ}

**ਮੁਰਾਰੀ** ਅਣਦੁ ਮਹਾਂ ਪੁਰਖੁ ਹੈਸੀ ਤੇ ਆਤਮ ਗਿਆਨੀ ਸੀ ਤੇ ਭਾਈ ਕਲਿਆਣਾ ਤੇ ਭਾਈ ਨਾਨੋ ਲਟਕਣ ਤੇ ਜਾਤ ਬਿੰਦਰਾਓ ਤੇ ਆਲਮਚੰਦੁ ਹਾਂਡਾ ਤੇ ਸੈਸਾਰੂ ਤਲਵਾੜ ਜਗਿਆਸੀ ਹੈਸਨਿ। ਗੁਰੂ ਅਰਜਨ ਜੀ ਦੀ ਸ਼ਰਨਿ ਆਏ ਤੇ ਕਹਿਆ: ਗਰੀਬ ਨਿਵਾਜ ਜੀ! ਅਸਾਡਾ ਉਧਾਰੁ ਕੀਚੈ। ਤਾਂ ਬਚਨ ਹੋਇਆ: ਸਬਦ ਦਾ ਅਭਿਆਸੁ ਕਰਨਾ ਤੇ ਸਿਖਾਂ ਸਾਧਾਂ ਦੀ ਸੇਵਾ ਕਰਨੀ। ਤਾਂ ਓਨ੍ਹਾਂ ਕਹਿਆ: ਗਰੀਬ ਨਿਵਾਜ ਜੀ! ਜਿਸ ਸਮੇਂ ਸਬਦੁ ਸੁਣਦੇ ਹਾਂ ਤਿਸ ਸਮੇਂ ਤਾਂ ਮਨੁ ਨੀਵਾਂ ਰਹਿੰਦਾ ਹੈ, ਜਿਸ ਸਮੇਂ ਵਿਵਹਾਰ ਵਿਚ ਪਉਂਦੇ ਹਾਂ ਤਿਸ ਸਮੇਂ ਭੁੱਲ ਜਾਂਦਾ ਹੈ। ਤਾਂ ਬਚਨੁ ਹੋਇਆ: ਅਜੇ ਤੁਸਾਡਾ ਅਭਿਆਸ ਦ੍ਰਿੜ੍ਹ ਨਹੀਂ ਹੋਇਆ। ਇਹੁ ਵਿਉਹਾਰ ਦਾ ਤੇ ਦੁਰਮਤਿ ਦਾ ਅਭਿਆਸੁ ਬਹੁਤਿਆਂ ਜਨਮਾਂ ਦਾ ਚਲਿਆ ਆਇਆ ਹੈ, ਤੇ ਸ਼ਬਦ ਬਾਣੀ ਦਾ ਅਭਿਆਸੁ ਏਸ ਜਨਮ ਪਇਆ ਹੈ, ਪਰੁ ਓਹ ਭੀ ਦੇਹ ਅਭਿਮਾਨ ਦਾ ਅਭਿਆਸੁ ਨਿਤ ਸ੍ਰਵਣ ਦ੍ਰਿੜ੍ਹ ਹੋਇਆ। ਓਸ ਅਭਿਆਸ ਦੁਆਰੇ ਅਣਹੁੰਦਾ ਦ੍ਰਿੜ ਹੋ ਗਇਆ ਹੈ ਤੇ ਏਹ ਭੀ ਆਤਮ ਗਿਆਨ ਦਾ ਅਭਿਆਸੁ ਨਿਤ ਸ੍ਰਵਣ ਦੁਆਰੈ ਦ੍ਰਿੜ ਹੋਵੇਗਾ। ਤਾਂ ਇਹ ਸਚਾ ਅਭਿਆਸ ਦ੍ਰਿੜ ਹੋਇਆਂ, ਓਹ ਅਭਿਆਸੁ ਵਿਸਿਮਰਣ ਹੋ ਜਾਵੇਗਾ ਜੈਸੇ ਨਦੀ ਦਾ ਪ੍ਰਵਾਹ ਹੋਰ ਧਿਹ ਪਾਈਦਾ ਹੈ ਤਾਂ ਪ੍ਰਿਥਮੇ ਗਿਆਨ ਰੂਪੀ ਬੰਧੁ ਦ੍ਰਿੜ ਕੀਤਾ ਤੇ ਮਨੁ ਜੋ ਨੀਵਾਣੁ ਕੀਤਾ ਚਾਹੀਦਾ ਹੈ, ਤਾਂ ਪ੍ਰਵਾਹੁ ਪਇਆਂ ਹੋਇਆਂ ਫੇਰ ਜਤਨੁ ਕੋਈ ਨਹੀਂ ਰਹਿੰਦਾ। ਤਾਂ ਓਨ੍ਹਾਂ ਦਾ ਅਭਿਆਸੁ ਦੁਆਰੇ ਕਲਿਆਣੁ ਹੋਇਆ, ਹੋਰਨਾਂ ਨੂੰ ਉਪਾਸ਼ਨਾ ਦ੍ਰਿੜ ਹੋਈ॥੯੨॥

 www.sikhbookclub.com

## ਸਾਖੀ ਹੋਰ ਚਲੀ {ਭਾਈ ਜਗਨਾ ਨੰਦਾ ਆਦਿ}

**ਭਾਈ** ਜਗਨਾ ਤੇ ਭਾਈ ਨੰਦਾ ਤੇ ਭਾਈ ਭਾਨਾ ਸੁਹੜ ਗੁਰੂ ਅਰਜਨ ਜੀ ਦੀ ਸ਼ਰਨਿ ਆਏ। ਅਸੀਂ ਇੰਦ੍ਰੀਆਂ ਨੂੰ ਰੋਕਕੇ ਪ੍ਰਾਣਾਂ ਨੂੰ ਭੀ ਰੋਕਕੇ ਭਜਨ ਕਰਦੇ ਹਾਂ, ਪਰੁ ਕੋਈ ਕੋਈ ਪਦਾਰਥ ਦ੍ਰਿਸ਼ਟਿ ਆਵਤਾ ਹੈ ਤਾਂ ਅਸਾਡਾ ਮਨੁ ਚਲ ਜਾਂਦਾ ਹੈ। ਬਚਨ ਹੋਇਆ: ਮਨੋਨਾਸ ਤੇ ਵਾਸ਼ਨਾਂ ਖੈ ਤੇ ਤਤੁ ਗਿਆਨ ਤਿੰਨਾਂ ਦੀ ਹੀ ਏਕੱਠੀ ਸਾਧਨਾ ਕਰੋ, ਜੈਸੇ ਸੋਦਰ ਦਾ ਛੱਕਾ ਪੜੀਤਾ ਹੈ ਤਾਂ ਫਲੁ ਹੁੰਦਾ ਹੈ, ਤੈਸੇ ਤਿੰਨਾਂ ਹੀ ਗੁਣਾਂ ਦਾ ਅਭਿਆਸੁ ਕਰੋਗੇ ਤਾਂ ਤੁਸਾਡਾ ਮਨੁ ਚਲਾਇਮਾਨ ਨਾ ਹੋਵੈਗਾ। ਤਾਂ ਓਨ੍ਹਾਂ ਬੇਨਤੀ ਕੀਤੀ: ਜੋ ਜੀ ਅਸਾਨੂੰ ਕ੍ਰਿਪਾ ਕਰਕੈ ਵਚਨੁ ਕੀਚੈ। ਤਾਂ ਬਚਨੁ ਹੋਇਆ: ਮਨੋਨਾਸ ਪ੍ਰਾਣਾਂ ਦੇ ਰੋਕਣ ਕਰ ਹੁੰਦਾ ਹੈ, ਪ੍ਰਾਣ ਮਨ ਦਾ ਘੋੜਾ ਹੈਨਿ। ਪ੍ਰਾਣਾਂ ਨੂੰ ਤ੍ਰਿਕੁਟੀ ਬਿਖੈ ਰੋਕ ਰਖੋਗੇ ਤਾਂ ਮਨੋਨਾਸ ਹੋਵੈਗਾ ਤੇ ਵਾਸ਼ਨਾ ਖੈ ਜਗਤ ਦੇ ਝੂਠ ਜਾਣਨ ਕਰ ਹੁੰਦੀ ਹੈ ਤੇ ਜਗਤ ਦੇ ਪਦਾਰਥ ਝੂਠੇ ਮ੍ਰਿਗ ਤ੍ਰਿਸ਼ਨਾ ਕੀ ਨਿਆਈਂ ਝੂਠੇ ਜਾਣੀਦੇ ਹੈਨਿ ਤਾਂ ਵਾਸ਼ਨਾ ਖੈ ਹੁੰਦੀ ਹੈ ਤੇ ਤਤੁ ਗਿਆਨੁ ਵੇਦਾਂਤ ਦੇ ਅਭਿਆਸ ਕਰ ਹੁੰਦਾ ਹੈ। ਤਾਂ ਸਬਦੁ ਸਭ ਵੇਦਾਂਤ ਦਾ ਸਾਰੁ ਹੈ। ਜੇ ਸ਼ਬਦ ਦਾ ਅਭਿਆਸ ਕਰੀਦਾ ਹੈ ਤਾਂ ਤਤੁ ਗਿਆਨ ਦ੍ਰਿੜ ਹੁੰਦਾ ਹੈ ਤੇ ਪਰਸਪਰ ਤਿੰਨੇ ਆਪ ਵਿਚ ਸਹਾਇਕ ਹੈਨਿ। ਮਨੋਨਾਸ ਤੇ ਵਾਸ਼ਨਾ ਖੈ ਹੁੰਦੀ ਹੈ ਤੇ ਵਾਸ਼ਨਾ ਖੈ ਤੇ ਮਨੋਨਾਸ ਹੁੰਦਾ ਹੈ। ਤਤੁ ਗਿਆਨ ਤੇ ਵਾਸ਼ਨਾ ਖੈ ਤੇ ਮਨੋਨਾਸ ਦੋਨੋਂ ਹੁੰਦੇ ਹਨ। ਜੈਸੇ ਕੋਈ ਦਿੱਲੀ ਦੇ ਰਾਜੇ ਪਾਸੋਂ ਇਕੁ ਸਿਰੰਦ ਦਾ ਸੂਬੇਦਾਰ ਤੇ ਇਕੁ ਲਾਹੌਰ ਦਾ ਸੂਬੇਦਾਰ ਤੇ ਇਕੁ ਕਾਬਲ ਦਾ ਸੂਬੇਦਾਰ ਤੁਰੇ ਤੋ ਤਿੰਨਾਂ ਨੂੰ ਹੀ ਰਾਜੇ ਦੀ ਆਗਿਆ ਹੋਵੇ: ਜੋ ਪਹਿਲੇ ਇਕੱਠੇ ਹੋਕੇ ਸਿਰੰਦ ਦਾ ਠਾਣਾ ਤਕੜਾ ਕਰ ਜਾਵਣਾ ਤੇ ਬਹੁੜੋ ਲਾਹੌਰ ਦਾ ਠਾਣਾ ਤਕੜਾ ਕਰ ਜਾਵਣਾ ਤੇ ਬਹੁੜੋ ਕਾਬਲ ਦਾ ਠਾਣਾ ਤਕੜਾ ਕਰਣਾ, ਜੋ ਮੁਦਈ ਤੁਸਾਡੇ ਜਬਰ ਹੈਨਿ; ਇਕਸ ਇਕਸ ਥੀਂ ਜਿੱਤੇ ਨਹੀਂ ਜਾਂਦੇ। ਤੈਸੇ ਅਗਿਆਨ ਜੈਸਾ ਵੈਰੀ ਹੈ ਤੇ ਤਤੁ ਗਿਆਨ ਤੇ ਵਾਸ਼ਨਾਂ ਖੈ ਤੇ ਮਨੋਨਾਸ ਤਿੰਨੇ ਅਭਿਆਸ ਹੋਵਨਿ ਤਉ ਅਗਿਆਨ ਦਾ ਨਸ਼ਟੁ ਹੁੰਦਾ ਹੈ। ਸਾਸ ਸਾਸ ਵਾਹਿਗੁਰੂ ਜਪਣਾ ਤੇ ਸ਼ਬਦ ਦਾ ਅਭਿਆਸ ਕਰਨਾ ਤੇ ਜਗਤ ਨੂੰ ਝੂਠਾ ਜਾਣਨਾ॥੯੩॥

 www.sikhbookclub.com

# ਪਉੜੀ ਅਠਬੀਸਵੀਂ ਚਲੀ॥੨੮॥

## ਹਜ਼ੂਰੀ ਸਿੱਖ

**ਸੀਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ।**
**ਜੈਤਾ ਨੰਦਾ ਜਾਣੀਐ ਪੁਰਖੁ ਪਿਰਾਗਾ ਸਬਦਿ ਅਧਾਰਾ।**
**ਤਿਲਕੁ ਤਿਲੋਕਾ ਪਾਠਕਾ* ਸਾਧੁ ਸੰਗਤਿ ਸੇਵਾ ਹਿਤਕਾਰਾ।**
**ਤੋਤਾ ਮਹਿਤਾ ਮਹਾਂ ਪੁਰਖੁ ਗੁਰਮੁਖਿ ਸੁਖ ਫਲ ਸਬਦੁ ਪਿਆਰਾ।**
**ਜੜੀਆ ਸਾਂਈਦਾਸੁ ਹੈ ਸਭ ਕੁਲੁ ਹੀਰੇ ਲਾਲ ਅਪਾਰਾ।**
**ਮਲਕ ਪੈੜਾ ਹੈ ਕੋਹਲੀ ਦਰਗਹੁ ਭੰਡਾਰੀ ਅਤਿ ਭਾਰਾ।**
**ਮੀਆਂ ਜਮਾਲੁ ਨਿਹਾਲੁ ਹੈ ਭਗਤੂ ਭਗਤ ਕਮਾਵੈ ਕਾਰਾ।**
**ਪੂਰਾ ਗੁਰ ਪੂਰਾ ਵਰਤਾਰਾ॥੨੮॥**

## ਸਾਖੀ ਹੋਰ ਚਲੀ {ਭਾਈ ਸੀਗਾਰੂ, ਜੈਤਾ}

**ਭਾਈ** ਸੀਗਾਰੂ ਤੇ ਜੈਤਾ ਹੈਸਨਿ ਬਡੇ ਸੂਰਬੀਰ ਤੇ ਪਰਉਪਕਾਰੀ, ਸਾਹਿਬ ਛਿਵੀਂ ਪਾਤਸਾਹੀ ਦੇ ਪਾਸ ਸਾਹਿਬ ਨੇ ਸੌਪੇ। ਬਚਨੁ ਹੋਇਆ: ਅਸਾਂ ਜੋ ਸਸਤ੍ਰ ਪਕੜਨੇ ਹੈਨਿ ਸੋ ਗੁਰੂ ਹਰਿ ਗੁਬਿੰਦ ਦਾ ਰੂਪ ਧਾਰਿ ਕਰ ਪਕੜਨੇ ਹੈਨਿ। ਸਮਾਂ ਕਲਿਜੁਗ ਦਾ ਵਰਤਣਾ ਹੈ, ਸ਼ਸਤ੍ਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛਿਵੀਂ ਪਾਤਿਸਾਹੀ ਦੇ ਹਜ਼ੂਰ ਰਹਿਣਾ। ਇਕ ਰਾਜਿਆਂ ਦਾ ਲੂਣ ਕੋਈ ਖਾਂਦਾ ਹੈ ਓਸ ਨੂੰ ਆਪਣਾ ਸਰੀਰੁ ਸੌਂਪੀਦਾ ਹੈ ਤੇ ਤੁਸਾਨੂੰ ਸਾਥ ਹੀ ਮੁਕਤਿ ਸਾਥ ਹੀ ਜੁਗਤਿ; ਜੀਵਨ ਮੁਕਤਿ ਨੂੰ ਪ੍ਰਾਪਤ ਹੋਵਹੁਗੇ। ਤਾਂ ਓਨ੍ਹਾਂ ਨੇ ਕਹਿਆ: ਅਸਾਂ ਨੂੰ ਜੋਗੀ ਪਾਰਾ ਦਿਤਾ ਹੈ, ਜੇ ਇਕੁ ਰਤੀ ਮਣ ਤਾਂਬੇ ਵਿਚ ਪਾਈਐ ਤਾਂ ਮਣੁ ਸੁਇਨਾ ਹੋ ਜਾਂਦਾ ਹੈ, ਜੇ ਇਕੁ ਚਾਵਲ ਭਰੁ ਕੋਈ ਮਾਨੁਖ ਖਾਵੈ ਤਾਂ ਸਵਾ ਮਣ ਦੀ ਓਸ ਨੂੰ ਖੁਧਿਆ ਹੁੰਦੀ ਹੈ, ਅਰੁ ਹਸਤੀ ਕਾ ਉਸ

* ਸ਼ਿਰੋਮਨ ਪਾਠਕ।


www.sikhbookclub.com

ਕੇ ਪਾਸ ਬਲੁ ਹੁੰਦਾ ਹੈ। ਤਾਂ ਬਚਨੁ ਹੋਇਆ: ਗੁਰੂ ਹਰਿ ਗੋਬਿੰਦ ਜੀ ਕੇ ਪਾਸ ਤੁਸੀਂ ਲੇ ਜਾਵਹੁ। ਜਬ ਸਾਹਿਬ ਛੇਵੀਂ ਪਾਤਿਸਾਹੀ ਦੇ ਹਜ਼ੂਰ ਲੇ ਗਏ, ਤਾਂ ਬਚਨੁ ਹੋਇਆ: ਜਿਨਾਂ ਨੇ ਮਨ ਰੂਪੀ ਪਾਰਾ ਮਾਰਿਆ ਹੈ ਓਨ੍ਹਾਂ ਨੂੰ ਔਰ ਪਾਰੇ ਸਾਥ ਕਿਆ ਪਰੋਜਨ ਹੈ! ਮਾਰਿਆ ਪਾਰਾ ਤਾਂਬੇ ਨੂੰ ਸੁਵਰਨ ਕਰਦਾ ਹੈ ਤੇ ਮਨੁ ਮਾਰਿਆ ਜੀ ਨੂੰ ਪਰਮੇਸਰ ਕਰਦਾ ਹੈ, ਪਰੁ ਤੁਸਾਡੀ ਸ਼ਰਧਾ ਕਰਕੈ ਇਕੁ ਚਾਵਲ ਲੈਂਦੇ ਹਾਂ। ਤਾਂ ਇਕੁ ਚਾਵਲੁ ਸਾਹਿਬ ਪਾਨ ਤੇ ਪਾਇ ਕਰ ਭੋਜਨ ਕੀਤਾ। ਰਹਿੰਦਾ ਬਿਲੁ ਅੰਮ੍ਰਿਤ ਵਿਚ ਡਾਲ ਦਿੱਤਾ ਤੇ ਓਨ੍ਹਾਂ ਕੇ ਤਾਂਈਂ ਆਪਣੇ ਪਾਸ ਰਖਿਆ॥੯੪॥

## ਸਾਖੀ ਹੋਰ ਚਲੀ {ਭਾਈ ਜੈਤਾ, ਨੰਦਾ ਆਦਿ}

**ਭਾਈ** ਜੈਤਾ ਤੇ ਭਾਈ ਨੰਦਾ ਤੇ ਭਾਈ ਪਿਰਾਗਾ ਸਾਹਿਬ ਪੰਜਵੀਂ ਪਾਤਿਸਾਹੀ ਦੇ ਹਜੂਰਿ ਆਏ ਤੇ ਅਰਦਾਸ ਕੀਤੀ: ਜੀ ਅਸਾਨੂੰ ਕੋਈ ਐਸਾ ਉਪਦੇਸੁ ਦੇਈਏ ਜੋ ਅਸਾਨੂੰ ਫੇਰ ਕਰਤੱਤੁ ਕਰਨਾ ਕਿਛੁ ਨਾ ਰਹੇ। ਤਾਂ ਬਚਨੁ ਹੋਇਆ: ਇੰਦ੍ਰੀਆਂ ਨੂੰ ਸੰਕੋਚ ਕੇ ਤੁਸਾਂ ਸ੍ਵਾਸ ਸ੍ਵਾਸ ਵਾਹਿਗੁਰੂ ਦਾ ਭਜਨੁ ਕਰਨਾ ਤੇ ਜਿਸ ਸਮੇਂ ਬ੍ਰਿਤ ਬਾਹਰਿ ਆਵੈ ਤਿਸ ਸਮੇਂ ਸਬਦ ਦਾ ਪਰਚਾ ਵੀਚਾਰ ਕਰਨਾ। ਤਾਂ ਓਹੁ ਏਸੇ ਪ੍ਰਕਾਰ ਲਗੇ ਵਰਤਣ। ਤਾਂ ਬ੍ਰਾਹਮਣਾਂ ਨੇ ਓਨ੍ਹਾਂ ਨੂੰ ਕਹਿਆ ਤੁਸਾਂ ਨਿਤ ਨਮਿਤ ਕਰਮ ਛਡ ਦਿਤੇ ਹੈਨਿ, ਤੁਸੀਂ ਭ੍ਰਿਸ਼ਟ ਹੋਏ ਹੋ। ਤਾਂ ਓਨ੍ਹਾਂ ਸਿਖਾਂ ਨੇ ਕਹਿਆ: ਜੋ ਅਸਾਨੂੰ ਪੰਡਤਾਂ ਨੇ ਕਹਿਆ ਹੈ ਜੋ ਜਿਸ ਘਰ ਸੁਤਕ ਕਿ ਮ੍ਰਿਤਕ ਹੁੰਦਾ ਹੈ ਤਿਸਦੇ ਕਰਮ ਲੇਖੇ ਨਹੀਂ ਪਉਂਦੇ ਤੇ ਜਿਸ ਦਿਨ ਦੇ ਅਸੀਂ ਸਤਿਗੁਰਾਂ ਨੋ ਮਿਲੇ ਹਾਂ ਅਗਿਆਨ ਜੇਹਾ ਪਿਤਾ ਅਸਾਡਾ ਮ੍ਰਿਤ ਹੋਇਆ ਹੈ ਤੇ ਗਿਆਨ ਸਾਰਖਾ ਪੁਤ੍ਰ ਅਸਾਡੇ ਘਰ ਜਨਮਿਆ ਹੈ; ਅਸੀਂ ਕਰਮ ਇਸ ਵਾਸਤੇ ਨਹੀਂ ਕਰਦੇ। ਓਨ੍ਹਾਂ ਕਹਿਆ ਸੂਤਕ ਤਾਂ ਥੋੜੇ ਦਿਨ ਹੁੰਦਾ ਹੈ। ਤਾਂ ਫੇਰ ਓਨਾਂ ਕਹਿਆ ਜੋ ਸਤਿਗੁਰਾਂ ਆਗਿਆ ਕੀਤੀ ਹੈ ਜੋ ਸ੍ਵਾਸ ਨਾਭਿ ਥੀਂ ਉਪਜਤਾ ਹੈ ਸੋ ਜਨਮਤਾ ਹੈ ਸ੍ਵਾਸ ਨਾਸਕਾ ਦੁਆਰੇ ਦੂਰ ਹੋ ਜਾਤਾ ਹੈ ਸੋ ਮਰਤਾ ਹੈ। ਤੁਸਾਂ ਸ੍ਵਾਸ ਸ੍ਵਾਸ ਨਾਮ ਦਾ ਅਧਾਰੁ ਰਖਣਾ, ਅਸਾਨੂੰ ਕਰਮਾਂ ਦਾ ਸਮਾਂ ਕੋਈ ਨਾਹੀਂ ਹਥ ਆਂਵਦਾ, ਤਾਂਤੇ ਬ੍ਰਾਹਮਣ ਮਸਟ ਹੋਇ ਰਹੇ॥੯੫॥


www.sikhbookclub.com

## ਸਾਖੀ ਹੋਰ ਚਲੀ {ਭਾਈ ਤਿਲੋਕਾ, ਤੋਤਾ}

**ਭਾਈ** ਤਿਲੋਕਾ ਪਾਰਕਾ ਤੇ ਭਾਈ ਤੋਤਾ ਮਹਿਤਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ: ਜੀ ਤੁਸਾਂ ਬਚਨ ਕੀਤਾ ਹੈ ਜੋ ਰਾਮ ਨਾਮ ਦਾ ਜਾਪ ਕਰਨਾ ਤੁਸੀਂ ਨਰਕ ਨਾ ਜਾਵੋਗੇ, ਤੇ ਬ੍ਰਾਹਮਣ ਲੋਕ ਕਹਿੰਦੇ ਹੈਨਿ : ਅਸੀਂ ਸਭੇ ਜਾਪ ਕਰਦੇ ਹਾਂ, ਤਾਂ ਸਾਰਾ ਸੰਸਾਰੁ ਨਰਕ ਨ ਜਾਵੈਗਾ, ਤਾਂ ਨਰਕਾਂ ਸੁਰਗਾਂ ਕਿਉਂ ਕੀਤੀਆਂ ਹੈਨਿ? ਬਚਨੁ ਹੋਇਆ: ਜਪਦੇ ਤਾਂ ਸਭੇ ਹੈਨਿ ਪਰ ਗੁਰਾਂ ਦੇ ਮਿਲੇ ਬਿਨਾਂ ਮਨੁ ਇਕਾਗਰ ਭੀ ਨਹੀਂ ਹੁੰਦਾ ਤੇ ਪਰਤੀਤ ਭੀ ਨਹੀਂ ਹੁੰਦੀ ਤੇ ਮਨ ਦੇ ਇਕਾਗਰ ਤੇ ਪਰਤੀਤ ਬਿਨਾਂ ਕਲਿਆਣੁ ਨਹੀਂ ਹੁੰਦਾ। ਤਾਂ ਓਨ੍ਹਾਂ ਨੂੰ ਤੁਸਾਂ ਕਹਿਣਾ ਜੋ ਬਾਬੇ ਜੀ ਨੂੰ ਤੇ ਮਰਦਾਨੇ ਨੂੰ ਕਉਡਾ ਰਾਖਸੁ ਲੈ ਗਇਆ ਸੀ ਤੇ ਮਰਦਾਨੇ ਨੂੰ ਤੇਲ ਦੇ ਤਪਤ ਕੜਾਹੇ ਵਿਚ ਪਾਵਣ ਲੱਗਾ ਤਾਂ ਮਰਦਾਨੇ ਕਹਿਆ: ਬਾਬਾ ਜੀ ਏਸੇ ਵਾਸਤੇ ਮੈਨੂੰ ਨਾਲਿ ਰਖਿਆ ਹੈਸੀ ਜੋ ਕੜਾਹੇ ਵਿਚ ਤਲਾਇੰਦਾ ਹੈਂ? ਤਾਂ ਬਚਨੁ ਹੋਇਆ: ਮਰਦਾਨਿਆਂ! ਤੂੰ ਕਹਾੜੇ ਵਿਚ ਹਥ ਡਾਲ ਵਾਹਿਗੁਰੂ ਆਖ ਕੇ। ਜਬ ਵਾਹਿਗੁਰੂ ਕਹਿ ਕੇ ਮਰਦਾਨੇ ਹਥੁ ਪਾਇਆ ਤਾਂ ਤੇਲੁ ਠੰਢਾ ਹੋਇ ਗਇਆ। ਰਾਖਸੁ ਚਰਨੀਂ ਆਨਿ ਲਗਾ। ਤਾਂ ਓਹੁ ਸ਼ੰਕਾਮਾਨ ਹੋਏ ਜੋ ਤਪਤ ਕੜਾਹੇ ਵਿਚ ਵਾਹਿਗੁਰੂ ਕਹਿਕੈ ਤੁਸੀਂ ਅਸੀਂ ਭੀ ਹਥੁ ਪਾਈਐ? ਤਾਂ ਬਚਨੁ ਹੋਇਆ: ਜਗਤ ਵਿਚ ਤ੍ਰਿਸਨਾ ਦਾ ਕੜਾਹਾ ਤਪਤ ਹੈ। **"ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।"**{ਪੰਨਾ ੧੦੦੨} ਗੁਰਮੁਖਾਂ ਨੂੰ ਮਿਲ ਕੈ ਤੇ ਨਾਮੁ ਜਪ ਕੈ ਸਭ ਤ੍ਰਿਸ਼ਨਾ ਨਿਵਿਰਤ ਹੁੰਦੀ ਹੈ॥੯੬॥

## ਸਾਖੀ ਹੋਰ ਚਲੀ {ਭਾਈ ਸਾਈਂ ਦਾਸ ਜੜੀਆ}

**ਭਾਈ** ਸਾਈਂ ਦਾਸੁ ਜੜੀਆ ਸਭ ਕੁਲ ਕੁਟੰਬ ਸਿਖਾਂ ਦੀ ਸੇਵਾ ਕਰਦਾ ਸੀ। ਗੁਰੂ ਅਰਜਨ ਜੀ ਦੇ ਹਜ਼ੂਰ ਅਰਦਾਸ ਕੀਤੀ: ਜੋ ਸਬਦੁ ਸੁਣਨੈ ਦੇ ਸਮੇਂ ਮੇਰਾ ਮਨੁ ਠਹਿਰਦਾ ਨਹੀਂ ਤੇ ਤੁਸਾਡਾ ਬਚਨੁ ਹੈ ਜੋ ਇਕਾਗਰ ਮਨ ਕਰ ਸਬਦੁ ਸੁਣਨਾ ਪੜ੍ਹਨਾ। ਤਾਂ ਬਚਨੁ ਹੋਇਆ: ਅੱਗੇ ਤਾਂ ਮਨ ਦਾ ਸਾਖੀ ਨਹੀਂ ਸੀ, ਜੋ ਮਨੁ ਚਲਦਾ ਹੈ ਕਿ ਨਹੀਂ ਚਲਦਾ ਤੇ ਹੁਣ ਸਾਧ ਸੰਗਤਿ ਵਿਚ ਆਵਣ ਕਰ ਤੈਨੂੰ ਸੋਝੀ ਪਈ ਹੈ, ਜਿਧਰ ਤੇਰਾ ਮਨੁ ਚਲੈਗਾ ਓਸ ਦਾ ਫਲੁ ਅਨਿਤ ਦਿਖਾਇਕੈ ਫੇਰ ਮਨ ਨੂੰ ਸਬਦਿ ਵਿਚ ਜੋੜਨਾ। ਜਿਵੈਂ ਅੜੀਅਲੁ ਘੋੜਾ

ਆਪਣੀ ਮਰਜ਼ੀ ਤੇ ਦਉੜਤਾ ਹੈ ਤਾਂ ਕਾਰ ਅਸਵਾਰੁ ਓਸ ਨੂੰ ਅੱਗਾ ਵਿਖਾਇਕੈ ਤੇ ਮੋੜ ਲਿਅਵਾਂਦਾ ਹੈ; ਤਾਂ ਵਾਗਾਂ ਤੇ ਮੋੜਦਿਆਂ ਸੁਧ ਹੋ ਜਾਂਦਾ ਹੈ, ਤਾਂ ਤੇ ਤੁਸਾਂ ਮਨੁ ਆਪਣਾ ਫੇਰਿ ਫੇਰਿਕੈ ਵਿਚ ਸਬਦ ਦੇ ਜੋੜਨਾ, ਸੁੱਧ ਹੋ ਆਵੈਗਾ॥੯੭॥

## ਸਾਖੀ ਹੋਰ ਚਲੀ {ਭਾਈ ਪੈੜਾ ਕੋਹਲੀ}

**ਭਾਈ** ਪੈੜਾ ਕੋਹਲੀ ਗੁਰੂ ਅਰਜਨ ਜੀ ਦੇ ਹਜ਼ੂਰ ਹੁੰਦਾ ਸੀ ਤੇ ਬਚਨਾਂ ਦਾ ਆਗਿਆਕਾਰੀ ਸੀ। ਤੇ ਇਕ ਪੰਡਤੁ ਕਾਂਸ਼ੀ ਥੀਂ ਅਣਵਾਇਆ ਸੀ ਜੋ ਕਥਾ ਵੇਦਾਂਤ ਦੀ ਤੇ ਉਪਾਸ਼ਨਾ ਦੀ ਸੁਣਾਇੰਦਾ ਸੀ। ਤਾਂ ਸਾਹਿਬ ਨੇ ਹੋਰੁ ਵੇਦਾਂਤ ਪੁੱਛਿਆ। ਤਾਂ ਓਸ ਆਖਿਆ: ਮੈਂ ਕਾਂਸ਼ੀਂ ਥੀਂ ਆਪਣਾ ਪੁਤ੍ਰ ਭੇਜਕੇ ਅਣਵਾਇ ਲੈਂਦਾ ਹਾਂ। ਪੰਡਤੁ ਆਪ ਨੂੰ ਅਨਿੰਨ ਭਗਤੁ ਕਹਾਂਵਦਾ ਸੀ। ਇਕੁ ਦਿਨ ਸਾਹਿਬ ਬਚਨੁ ਕੀਤਾ: ਪੰਡਤ! ਜੈਸੇ ਇਹ ਅਨਿੰਨ ਭਗਤਿ ਹੈਨਿ ਸਿਖ, ਤੈਸੇ ਹੋਰੁ ਥੋੜੇ ਹੈਨ। ਤਾਂ ਪੰਡਤ ਸਾਇਤ ਭਲੀ ਗਿਣਕੈ ਲਗਨ ਸਗਨਿ ਮਨਾਇਕੇ ਤੇ ਗਣੇਸ਼ ਨੂੰ ਪੂਜਕੇ, ਤੇ ਸਾਹਿਬ ਥੀਂ ਖਰਚ ਵਾਸਤੇ ਪੰਜ ਸੈ ਰੁਪੱਯਾ ਦਿਵਾਇਆ ਤੇ ਕਾਂਸ਼ੀ ਨੂੰ ਤੋਰਿਆ। ਅਗੇ ਥੀਂ ਸਨਮੁਖ ਗਧਾ ਆਇਆ, ਤਾਂ ਏਹੁ ਫਿਰ ਮੁੜ ਆਇਆ। ਤਾਂ ਸਾਹਿਬ ਬਚਨੁ ਕੀਤਾ: ਤੁਸੀਂ ਅਨਿੰਨ ਭਗਤ ਕਹਾਂਵਦੇ ਹੋ ਤੇ ਗਧੇ ਦੇ ਸਗਨ ਥੀਂ ਮੁੜ ਆਏ ਹੋ? ਹੁਣ ਸਿਖਾਂ ਦੀ ਅਨਿੰਨ ਭਗਤਿ ਵੇਖੋ। ਤਾਂ ਬਚਨੁ ਹੋਇਆ: ਭਾਈ ਸਿਖੋ! ਪਹਿਲੀ ਪਾਤਿਸਾਹੀ ਗੁਰੂ ਨਾਨਕ ਜੀ ਰਾਜੇ ਸ਼ਿਵਨਾਭ ਦੀ ਨਗਰੀ ਪ੍ਰਾਣ ਸੰਗਲੀ ਦਾ ਗ੍ਰੰਥ ਛਡਿ ਆਏ ਹੈਨਿ, ਕੋਈ ਓਥੋਂ ਲੈ ਆਵੈ। ਤਾਂ ਭਾਈ ਪੈੜਾ ਉਠ ਖੜਾ ਹੋਇਆ। ਤਾਂ ਸਾਹਿਬ ਰਾਹਮੁਕਾਮ ਦੀ ਹਕੀਕਤ ਸੁਣਾਈ, ਲਿਖ ਦਿਤੀ ਤੇ ਪੰਜ ਪੈਸੇ ਕੋਈ ਸਿਖੁ ਲੈ ਆਇਆ ਸੀ ਅਰਦਾਸ, ਸੋ ਓਸ ਨੂੰ ਖਰਚ ਵਾਸਤੇ ਦਿਤੇ, ਓਸੇ ਰਾਹ ਉਠ ਤੁਰਿਆ। ਤਾਂ ਸਾਹਿਬ ਬਚਨੁ ਕੀਤਾ: ਹੇ ਪੰਡਿਤਾ! ਐਸੇ ਅਨਿੰਨ ਭਗਤ ਹੁੰਦੇ ਹੈਨਿ ਜੋ ਥਿਤ ਵਾਰ ਗ੍ਰਿਹ ਨਿਛਤ੍ਰ ਨਹੀਂ ਪੁਛਦੇ, ਅਰਦਾਸ ਕਰਕੈ ਤੁਰਦੇ ਹੈਨਿ। ਤਾਂ ਓਥੇ ਪ੍ਰਾਣ ਸੰਗਲੀ ਦੇ ਪੋਥੀ ਲੈਣ ਗਇਆ। ਸੰਗਲਾ ਦੀਪ ਵਿਚ ਜਾਇਕੈ ਪ੍ਰਾਣ ਸੰਗਲੀ ਦੇ ਸਾਥ ਹੀ ਬਹੁਤੇ ਪਦਾਰਥ ਭੇਟ ਲੈ ਆਇਆ, ਗੁਰੂ ਜੀ ਕੀ ਚਰਨੀਂ ਆਇ ਲਗਾ। ਬਚਨੁ ਹੋਇਆ: ਭਾਈ ਪੈੜਾ! ਤੂੰ ਮੋਖ ਹੋਇਆ ਹੈਂ, ਤੈਨੂੰ ਅਨਿੰਨ ਭਗਤਿ ਪ੍ਰਾਪਤਿ ਹੋਈ ਹੈ। ਜਿਸ ਸਮੇਂ ਪ੍ਰਾਣ ਸੰਗਲੀ ਵਾਚੀ ਤਾਂ ਸਭ

ਜੋਗ ਦੀ ਕਲਾ ਲਿਖੀ ਸੀ। ਬਚਨੁ ਹੋਇਆ: ਕਲਿਜੁਗ ਵਿਚ ਜੋਗੁ ਕਿਠਨ ਸਾਧਣਾ ਹੈ। ਤਾਂ ਪੋਥੀ ਪਾੜਕੇ ਨਦੀ ਵਿਚ ਪ੍ਰਵਾਹ ਕਰ ਦਿੱਤੀ ਤੇ ਅਨਿੰਨ ਭਗਤਿ ਦੀ ਬਾਣੀ ਲਿਖੀ ਗ੍ਰੰਥ ਜੀ ਵਿਚ, ਜੋ ਚਿਤ ਲਾਇਕੈ ਸੁਣੇਗਾ ਉਸ ਦਾ ਉਧਾਰੁ ਹੋਵੈਗਾ ਤੈ ਭਾਈ ਪੈੜਾ ਮੋਖ ਹੋਇਆ॥੯੮॥

## (ਛੇਵੀਂ ਪਾਤਸ਼ਾਹੀ ਜੀ ਦੇ ਸਿਖ)
## ਸਾਖੀ ਹੋਰ ਚਲੀ {ਦਰਗਹ ਭੰਡਾਰੀ}

**ਭਾਈ** ਦਰਗਹ ਭੰਡਾਰੀ ਗੁਰੂ ਹਰਿਗੁਬਿੰਦ ਜੀ ਦੀ ਸ਼ਰਨੁ ਆਇਆ, ਅਰਦਾਸ ਕੀਤੀ: ਗਰੀਬ ਨਿਵਾਜ ਜੀ! ਕਈ ਸਿਖ ਸ਼ਬਦ ਦੀ ਚਰਚਾ ਕਰਦੇ ਆਪ ਵਿਚ ਬੋਲ ਉਠਦੇ ਹੈਨਿ? ਤਾਂ ਬਚਨੁ ਹੋਇਆ: ਚਾਰ ਪ੍ਰਕਾਰ ਦੀ ਚਰਚਾ ਹੈ ਤੇ ਗੁਰੂ ਕੇ ਸਿਖਾਂ ਨੂੰ ਚਾਹੀਦਾ ਹੈ ਜੋ ਦੁਇ ਪ੍ਰਕਾਰ ਦੀ ਚਰਚਾ ਕਰਨਿ ਤੇ ਦੁਇ ਪ੍ਰਕਾਰ ਦੀ ਚਰਚਾ ਤਿਆਗਨਿ। ਤਾਂ ਭਾਈ ਦਰਗਹਿ ਪੁੱਛਿਆ: ਜੀ ਕੌਨ ਕੌਨ ਚਰਚਾ ਹੈਨਿ? ਤਾਂ ਬਚਨੁ ਹੋਇਆ: ਇਕੁ ਵਾਦੁ ਚਰਚਾ ਹੈ ਜੋ ਆਪ ਨੂੰ ਨਹੀਂ ਸਮਝੀਦਾ ਸੋ ਨਿੰਮ੍ਰਤਾ ਕਰਕੇ ਆਪ ਥੀਂ ਵਿਸ਼ੇਖ ਬੁਧਿ ਵਾਲੇ ਥੀਂ ਪੁਛਿਕੈ ਰਿਦੇ ਵਿਚ ਧਾਰ ਲੈਣੀ, ਤੇ ਦੂਜੀ ਹੇਤ ਚਰਚਾ ਹੈ ਜੋ ਆਪਣੀ ਬੁਧਿ ਵਿਚ ਆਵੈ ਸੋ ਕਰ ਸੁਣਾਵਣਾ ਤੇ ਦੂਜੇ ਦੀ ਬੁਧਿ ਵਿਚ ਆਵੈ ਤਾਂ ਪ੍ਰੀਤ ਕਰ ਸੁਣ ਲੇਵਣਾ, ਵੀਚਾਰ ਕੇ ਜੋ ਵਿਸ਼ੇਖ ਹੋਵੈ ਸੋ ਰਿਦੇ ਵਿਚ ਧਾਰਣਾ। ਜੈਸੇ ਏਕ ਦੀਪਕ ਦੇ ਸਨਮੁਖ ਦੂਜਾ ਦੀਪਕੁ ਜਗਾਈਦਾ ਹੈ ਤਾਂ ਦੋਨੋਂ ਦਾ ਅੰਧਕਾਰੁ ਨਸ਼ਟ ਹੋ ਜਾਤਾ ਹੈ। ਜੇ ਇਕੁ ਦੀਪਕੁ ਹੁੰਦਾ ਹੈ ਤਾਂ ਚਾਂਦਨਾਂ ਕਰਦਾ ਹੈ ਪਰੁ ਆਪਣੇ ਪਿਛੇ ਅੰਧੇਰਾ ਹੀ ਰਹਿੰਦਾ ਹੈ, ਤੈਸੇ ਜੋ ਆਪ ਹੀ ਚਰਚਾ ਕਰਦਾ ਹੈ ਹੋਰਸ ਦੀ ਨਹੀਂ ਸੁਣਦਾ, ਤਿਸ ਨੂੰ ਗਰਬੁ ਹੋਤਾ ਹੈ। ਤੇ ਇਕੁ ਜਲਪ ਚਰਚਾ ਹੈ। ਜੋ ਆਪਣੇ ਪੱਖ ਦੀ ਨਾਨਾ ਪ੍ਰਕਾਰ ਦੇ ਬਚਨਾਂ ਕਰ ਪਾਲਨਾ ਕਰਨੀ ਤੇ ਹੋਰਸ ਦੇ ਪੱਖ ਨੂੰ ਪ੍ਰਮਾਣਾਂ ਤੇ ਦ੍ਰਿਸ਼ਟਾਂਤਾਂ ਕਰ ਖੰਡਣਾ। ਏਹ ਭੀ ਚਰਚਾ ਸਿਖ ਤਿਆਗਦੇ ਹੈਨਿ ਜੋ ਮਨੁ ਨੀਵਾਂ ਨਹੀਂ ਹੁੰਦਾ। ਤੇ ਇਕੁ ਵਿਤੰਡਾ ਚਰਚਾ ਹੈ ਜੋ ਆਪ ਨੂੰ ਕੋਈ ਸਮਝ ਨਹੀਂ ਤੇ ਹੋਰਸ ਦਾ ਬਚਨੁ ਮੰਨਦਾ ਨਹੀਂ। ਏਹ ਭੀ ਚਰਚਾ ਗੁਰੂ ਕੇ ਸਿਖ ਤਿਆਗਦੇ ਹੈਨਿ, ਜਿਸ ਕਰ ਮਨੁ ਨੀਵਾਂ ਹੋਵੈ ਸੋਈ ਚਰਚਾ ਕਰਦੇ ਹੈਨਿ। ਕਿਸੇ ਦਾ ਮਨੁ ਨਹੀਂ ਦੁਖਾਵਣਾ, ਹਰਿ ਕਿਸੇ ਦੀ ਪ੍ਰਸੰਨਤਾ ਕਰਣੀ॥੯੯॥

 www.sikhbookclub.com

## ਸਾਖੀ ਹੋਰ ਚਲੀ {ਮੀਆਂ ਜਮਾਲ}

**ਮੀਆਂ** ਜਮਾਲ ਗੁਰੂ ਹਰਿਗੁਬਿੰਦ ਜੀ ਦੀ ਸ਼ਰਨਿ ਆਇਆ ਤੇ ਪ੍ਰਸਾਦਿ ਆਇਕੇ ਲੀਤਾ ਤੇ ਮੱਥਾ ਟੇਕਿਆ ਤੇ ਕਹਿਆ ਜੋ ਜੀ ਮੈਨੂੰ ਭੀ ਸਿਖੁ ਕਰੀਏ। ਤਾਂ ਬਚਨੁ ਹੋਇਆ ਜੋ ਗੁਰੂ ਕੀ ਬਾਣੀ ਸਿਦਕ ਨਾਲਿ ਪੜ੍ਹਣੀ। ਏਹੁ ਸਰੀਰ ਜਿਤਨੇ ਹੈਨਿ ਸਭ ਪੰਜਾਂ ਤੱਤਾਂ ਦੇ ਹੈਨਿ ਤੇ ਸਭਨਾਂ ਵਿਚ ਚੇਤੰਨ ਇਕੁ ਹੈ। ਜੋ ਕੋਈ ਚੇਤੰਨ ਨੂੰ ਪਛਾਣਦੇ ਹੈਨਿ ਸੋ ਗੁਰੂ ਕੇ ਸਿਖ ਹੈਨਿ। ਤਾਂ ਓਸ ਨੇ ਅਰਦਾਸ ਕੀਤੀ: ਜੋ ਇਕੋ ਚੇਤੰਨ ਵਿਆਪਿਆ ਹੋਇਆ ਹੈ, ਤਾਂ ਇਕਸ ਦੇ ਪ੍ਰਸਾਦ ਖਾਵਣ ਕਰ ਸਭ ਕੋਈ ਰੱਜ ਕਿਉਂ ਨਹੀਂ ਜਾਂਦਾ? ਤੇ ਇਕਸ ਦੇ ਗਿਆਨ ਪ੍ਰਾਪਤ ਕਰ ਸਭਨਾਂ ਦਾ ਅਗਿਆਨ ਕਿਉਂ ਨਹੀਂ ਮਿਟ ਜਾਂਦਾ? ਤਾਂ ਬਚਨੁ ਹੋਇਆ: ਜੈਸੇ ਘਟ ਮਟ ਮੈਂ ਅਕਾਸੁ ਏਕੁ ਹੀ ਹੋਤਾ ਹੈ, ਜਿਸ ਘਟ ਮੇਂ ਪਦਾਰਥੁ ਪਾਈਤਾ ਹੈ ਤਿਸ ਹੀ ਤੇ ਨਿਕਲਤਾ ਹੈ। ਜਿਸ ਘਟ ਮੇਂ ਦੀਪਕੁ ਪ੍ਰਕਾਸਤਾ ਹੈ ਤਿਸਕਾ ਅੰਧੇਰੁ ਦੂਰ ਹੋ ਜਾਤਾ ਹੈ। ਭੋਜਨੁ ਖਾਣਾ ਪ੍ਰਾਣਾਂ ਕਾ ਧਰਮੁ ਹੈ, ਅਰੁ ਗਿਆਨ ਕਾ ਸਮਝਣਾ ਮਨ ਕਾ ਧਰਮੁ ਹੈ ਤੇ ਆਤਮਾ ਸਰਬਦਾ ਸਾਖੀ ਹੈ। ਸਜਾਤੀ ਵਿਜਾਤੀ ਸੁਗਤਿ ਤੀਨੋਂ ਭੇਦਾਂ ਤੇ ਨਿਆਰਾ ਹੈ। ਸਜਾਤੀ ਭੇਦੁ ਕਹੀਐ ਇਕੁ ਆਤਮਾ ਹੈ ਤੇ ਦੂਜਾ ਚੇਤੰਨ ਹੋਰ ਹੈ। ਜੈਸੇ ਮਨੁਖ ਕੇ ਸਾਥ ਦੂਸਰਾ ਮਾਨੁਖ ਹੋਵੈ ਸੋ ਤਾਂ ਦੂਜਾ ਹੋਇਆ ਤੇ ਵਿਜਾਤੀ ਭੇਦੁ ਕਹੀਐ ਇਕੁ ਆਤਮਾ ਚਿਤੰਨੁ ਹੈ ਅਰੁ ਦੂਜਾ ਜਗਤੁ ਜੜ੍ਹ ਹੈ। ਜੈਸੇ ਮਨੁਖ ਕੇ ਸਾਥ ਬ੍ਰਿਛੁ ਕਹੀਐ ਸੋ ਤਾਂ ਜਗਤੁ ਭਰਮ ਕਰ ਭਾਸਤਾ ਹੈ। ਅਰੁ ਸੁਗਤਿ ਭੇਦੁ ਕਹੀਐ ਜੈਸੇ ਮਨੁਖ ਕੇ ਅੰਗ ਪ੍ਰਤਿ ਅੰਗ ਹੈ, ਸੋ ਤੋ ਆਤਮਾ ਨਿਰਾਕਾਰ ਹੈ, ਨਿਰਾਕਾਰ ਦੇ ਅੰਗ ਪ੍ਰਤਿ ਅੰਗ ਨਹੀਂ ਬਣਦੇ। ਤਾਂ ਤੇ ਆਤਮਾ ਐਸਾ ਕਹਿਆ ਹੈ। **"ਸਭ ਕੇ ਮਧ ਸਭ ਹੂ ਤੇ ਨਿਆਰੋ॥ ਜਿਉ ਜਲ ਭੀਤਰਿ ਦੀਸਤ ਤਾਰੋ"**। ਸਰੀਰ ਮਟਕੇ ਨਿਆਈਂ ਹੈ! ਤੇ ਆਤਮਾਂ ਚੰਦ੍ਰਮਾਂ ਦੀ ਨਿਆਈਂ; ਵਿਚ ਭੀ ਭਾਸਤਾ ਹੈ ਤੇ ਨਿਆਰਾ ਬੀ ਹੈ। ਜਿਸ ਨੇ ਇਸ ਪ੍ਰਕਾਰ ਸਮਝਿਆ ਹੈ ਸੋਈ ਸਿਖੁ ਹੈ॥੧੦੦॥


www.sikhbookclub.com

# ਪਉੜੀ ਉਨੱਤੀਮਵੀਂ ਚਲੀ॥੨੯॥

## ਛਟਮ ਗੁਰੂ ਜੀ ਦੇ ਸਿੱਖਾਂ ਦੇ ਨਾਮ

**ਆਨੰਤਾ ਕੁਕੋ ਭਲੇ ਸਭ ਵਧਾਵਣ ਹਨਿ ਸਿਰਦਾਰਾ॥**
**ਇਟਾ ਰੋੜਾ ਜਾਣੀਐ ਨਵਲੁ ਨਿਹਾਲੂ ਸਬਦ ਵੀਚਾਰਾ॥**
**ਤਖਤੂ ਧੀਰ ਰੀਭੀਰ ਹੈ ਦਰਗਹੁ ਤੁਲੀ ਜਪੈ ਨਿਰੰਕਾਰਾ॥**
**ਮਨਸਾ ਧਾਰੁ ਅਥਾਹੁ ਹੈ ਤੀਰਥੁ ਉਪਲੁ ਸੇਵਕ ਸਾਰਾ॥**
**ਕਿਸਨਾ ਝੰਝੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ॥**
**ਧਿੰਗੜੁ ਮੱਦੂ ਜਾਣੀਅਨਿ ਵਡੇ ਸੁਜਾਨ ਤਖਾਣ ਅਪਾਰਾ॥**
**ਬਨਵਾਲੀ ਤੇ ਪਰਸਰਾਮ ਬਾਲ ਵੈਦ ਹਉ ਤਿਨਿ ਬਲਿਹਾਰਾ॥**
**ਸਤਿਗੁਰ ਪੁਰਖੁ ਸਵਾਰਨ ਹਾਰਾ॥੨੯॥**

## ਸਾਖੀ ਹੋਰ ਚਲੀ {ਭਾਈ ਅਨੰਤਾ ਤੇ ਕੁੱਕੋ}

**ਭਾਈ** ਅਨੰਤਾ ਤੇ ਭਾਈ ਕੁਕੋ ਵਧਾਵਣ ਗੁਰੂ ਹਰਿਗੋਵਿੰਦ ਜੀ ਦੀ ਸ਼ਰਨਿ ਆਏ ਅਰਦਾਸ ਕੀਤੀ: ਜੋ ਗੁਰੂ ਨਾਨਕ ਸਾਹਿਬ ਜੀ ਜੋ ਕੜਾਹੁ ਪ੍ਰਸਾਦੁ ਆਪਣੀ ਭੇਟ ਠਹਿਰਾਈ ਹੈ, ਇਸਦਾ ਪ੍ਰੋਜਨ ਕਿਆ ਹੈ? ਹੋਰਨਾਂ ਮਠਿਆਈਆਂ ਦੀ ਨਿਆਈਂ ਕਿਉਂ ਨਹੀਂ ਕੀਤਾ? ਬਚਨੁ ਹੋਇਆ: ਜੈਸੇ ਕੜਾਹ ਦੇ ਵਿਚੋਂ ਕਾਈ ਵਸਤ ਸੁਟਣ ਵਾਲੀ ਨਹੀਂ ਹੁੰਦੀ: ਤੈਸੇ ਗੁਰ ਕੇ ਸ਼ਬਦ ਥੀਂ ਕਾਈ ਕਥਾ ਸੁਟਣ ਵਾਲੀ ਨਹੀਂ: ਤੈਸੇ ਜੋ ਸਿਖੁ ਆਪਣੀ ਖਸਲਤ ਕਿਰਤਿ ਖਰੀਆਂ ਕਰਨਿ ਜੁ ਕਾਈ ਸੁਟਣ ਵਾਲੀ ਨਾ ਹੋਵੈਗੀ ਸੋ ਗੁਰੂ ਨੂੰ ਪ੍ਰਾਪਤ ਹੋਵਨਿਗੇ, ਐਸਾ ਮਹਾਰਾਜੁ ਦਾ ਨਾਮੁ ਹੈ, ਜਿਸ ਕਰਕੇ ਕਾਲ ਵਿਖੇ ਲੀਨ ਹੁੰਦਾ ਹੈ॥੧੦੧॥

## ਸਾਖੀ ਹੋਰ ਚਲੀ {ਭਾਈ ਨਿਵਲਾ ਨਿਹਾਲੂ}

**ਭਾਈ** ਨਿਵਲਾ ਤੇ ਭਾਈ ਨਿਹਾਲੂ ਗੁਰੂ ਹਰ ਗੋਵਿੰਦ ਜੀ ਦੀ ਸ਼ਰਨਿ ਆਏ: ਅਸਾਡਾ ਉਧਾਰੁ ਹੋਵੈ। ਤਾਂ ਬਚਨੁ ਹੋਇਆ: ਜੈਸੇ ਕਾਸਟ ਮੈਂ ਅਗਨਿ ਹੋਤੀ ਹੈ ਤੇ ਮਥੇ ਬਿਨਾਂ ਨਿਕਸਤੀ ਨਹੀਂ ਤੇ ਕਾਸਟ ਨੂੰ ਸੇਕੁ ਭੀ ਨਹੀਂ ਲਗਦਾ ਪਰ

 www.sikhbookclub.com

ਜਬ ਮਥਨ ਵਾਲੇ ਬੈਠਕੇ ਮਥਤੇ ਹੈਨਿ ਤਾਂ ਅਗਨਿ ਪ੍ਰਤੱਖ ਹੋ ਕੇ ਸਭ ਕਾਸਟ ਅਗਨਿ ਹੋ ਜਾਤਾ ਹੈ। ਤੇ ਦੁਧ ਵਿਚ ਘ੍ਰਿਤ ਹੈ ਪਰ ਸੰਜਮ ਬਿਨਾ ਨਹੀਂ ਨਿਕਸਤਾ, ਸੰਜਮ ਨਾਲ ਮਥ ਕੇ ਪ੍ਰਗਟ ਘਿਉ ਨਿਕਸਤਾ ਹੈ। ਤੈਸੇ ਪਾਠ ਸ਼ਬਦ ਦੇ ਕਰ ਪੁੰਨ ਹੁੰਦਾ ਹੈ ਪਰੁ ਗਿਆਨੁ ਨਹੀਂ ਪ੍ਰਾਪਤਿ ਹੁੰਦਾ ਤੇ ਵੀਚਾਰ ਕਰਨੇ ਤੇ ਗਿਆਨੁ ਪ੍ਰਾਪਤ ਹੁੰਦਾ ਹੈ। ਤਾਂ ਭਾਈ ਨਿਵਲਾ ਤੇ ਨਿਹਾਲੂ ਗ੍ਰੰਥ ਜੀ ਦੀ ਕਥਾ ਕਰਨ। ਜੋ ਸ੍ਰੋਤਾ ਸਰਧਾ ਕਰਕੈ ਸੁਣੈ ਸਭਨਾਂ ਦੇ ਮਨ ਵਿਚ ਭੈ ਆਵੈ ਤੇ ਗੁਰਮਤਿ ਪ੍ਰਾਪਤਿ ਹੋਵੈ। ਆਪ ਭੀ ਜੀਵਨਿ ਮੁਕਤਿ ਹੋਏ ਤੇ ਹੋਰ ਭੀ ਜੋ ਓਨ੍ਹਾਂ ਦੀ ਕਥਾ ਸੁਣੇ ਸੋ ਭੀ ਜੀਵਨਿ ਮੁਕਤਿ ਹੋਵੈ॥੧੦੨॥

## ਸਾਖੀ ਹੋਰ ਚਲੀ {ਭਾਈ ਤਖਤੂ ਧੀਰ ਆਦਿ}

**ਭਾਈ** ਤਖਤੂ ਧੀਰ, ਭਾਈ ਦਰਗਹ ਤੁਲੀ ਤੇ ਭਾਈ ਮਨਸਾ ਧਾਰ ਤੇ ਭਾਈ ਤੀਰਥ ਉਪਲ ਗੁਰੂ ਹਰਿਗੁਬਿੰਦ ਜੀ ਦੀ ਸ਼ਰਨਿ ਆਏ ਤੇ ਅਰਦਾਸ ਕੀਤੀ: ਜੋ ਸਚੇ ਪਾਤਿਸਾਹਿ ਜੀ! ਜੇ ਹੋਰਨਾਂ ਦੇ ਮੁਖ ਥੀਂ ਵੀਚਾਰ ਸੁਣਦੇ ਹਾਂ ਤਾਂ ਮਨ ਨੂੰ ਸ਼ਾਂਤਿ ਨਹੀਂ ਆਂਵਦੀ ਤੇ ਭਾਈ ਨਿਵਲੇ ਤੇ ਨਿਹਾਲੂ ਦੇ ਮੁਖ ਥੀਂ ਸੁਣ ਕੈ ਮਨ ਵਿਚ ਭੈ ਆਂਵਦਾ ਹੈ ਤੇ ਗੁਰਮਤਿ ਪ੍ਰਾਪਤਿ ਹੁੰਦੀ ਹੈ ਤੇ ਦੁਰਮਤਿ ਘਟ ਜਾਂਦੀ ਹੈ। ਬਚਨੁ ਹੋਇਆ: ਸ਼ਬਦੁ ਤਾਂ ਅੰਮ੍ਰਿਤੁ ਹੈ ਪਰ ਜੇ ਵਕਤੇ ਵਿਚ ਚੌਦਹਿ ਗੁਣ ਹੁੰਦੇ ਹੈਨਿ ਤੇ ਸ੍ਰੋਤੇ ਵਿਚ ਭੀ ਚੌਦਹ ਗੁਣ ਹੁੰਦੇ ਹੈਨਿ ਤਾਂ ਤੁਰਤ ਹੀ ਗਿਆਨੁ ਪ੍ਰਾਪਤਿ ਹੁੰਦਾ ਹੈ; ਜੇ ਥੋੜੇ ਗੁਣ ਸ੍ਰੋਤੇ ਵਕਤੇ ਵਿਚ ਹੁੰਦੇ ਹੈਨਿ ਤਾਂ ਢਿੱਲ ਕਰਕੇ ਗਿਆਨ ਹੁੰਦਾ ਹੈ, ਪਰੁ ਜੇ ਵਕਤੇ ਵਿਚ ਗੁਣ ਹੁੰਦੇ ਹੈਨਿ ਤਾਂ ਸਹਜੇ ਸ੍ਰੋਤੇ ਨੂੰ ਪ੍ਰਾਪਤਿ ਹੋ ਜਾਂਦੇ ਹੈਨਿ। ਤਾਂ ਓਨ੍ਹਾਂ ਪੁਛਿਆ: ਜੀ! ਓਹੁ ਕੌਣ ਗੁਣ ਹੈਨਿ ਕਿਰਪਾ ਕਰਿ ਸੁਣਾਈਐ:-

ਸਲੋਕ- "ਵਾਗਮੀ ੧॥ ਵਿਆਸ ੨॥ ਸਮਾਸਵਿਤ ੩॥ ਪ੍ਰਿਅ ਕਥਾ ਪ੍ਰਸਥਾਵ ੪॥ ਸਤਿ ਵਾਕੁ ੫॥ ਸੰਦੇਹ ਛਿਦ ੬॥ ਅਸੇਖ ਸ਼ਾਸਤ੍ਰ ਕੁਸ਼ਲੋ ੭॥ ਨਖਿਆਤ ਵਿਖੇਪਕਿਤ ੮॥ ਅਵਿੰਗੋ ੯॥ ਜਨਰੰਜਕੋ ੧੦॥ ਜਿਤ ਸਭੋ ੧੧॥ ਨ ਹੰਕ੍ਰਿਤੋ ੧੨॥ ਧਾਰਮਕ ੧੩॥ ਸੰਤੋਖੀ ੧੪॥ ਚਤੁਰ ਦਸ ਗੁਣਾ ਉਤਮੁ ਵਕਤਾ ਪ੍ਰਾਣੀਤਾਇਐ"॥

ਇਤਨੇ ਗੁਣ ਵਕਤੇ ਵਿਚ ਹੋਵਨਿ ਤਾਂ ਉਸਦੀ ਕਥਾ ਸੁਣਕੈ ਕਲਿਆਣੁ ਹੋਤਾ ਹੈ। ਪ੍ਰਿਥਮੇ ਤਾਂ ਵਾਗਮੀ ਬਾਣੀ ਦੇ ਪਦ ਸਮਝੇ, ਜਿਤਨੇ ਸ੍ਰੋਤੇ ਹੋਵਨਿ

ਤੈਸੀ ਹੀ ਧੁਨਿ ਕਰੈ। ਜੈਸੀ ਛੰਦ ਦੀ ਧਾਰਨਾ ਹੋਵੈ ਤੈਸੀ ਪੜ੍ਹੈ। ਵਿਆਸ ਸਮਾਸਵਿਤ- ਜਿਥੇ ਰਸ ਦਾ ਅਸਥਾਨੁ ਹੋਵੈ ਤੇ ਸ੍ਰੋਤਿਆਂ ਦੀ ਬ੍ਰਿਤਿ ਠਹਿਰੀ ਹੋਈ ਹੋਵੈ ਓਥੈ ਵਿਸਤਾਰੁ ਕਰੈ, ਜਿਥੈ ਸ੍ਰੋਤਿਆਂ ਦੀ ਬ੍ਰਿਤਿ ਉਦਾਸ ਹੋਵੈ ਓਥੇ ਸੰਛੇਪ ਹੀ ਕਰੈ। ਤੇ ਕਥਾ ਅਜੇਹੀ ਮਿੱਠੀ ਕਰੈ ਜੋ ਸਭਨਾ ਨੂੰ ਪਿਆਰੀ ਲਗੇ ਤੇ ਵਚਨੁ ਸਚਾ ਕਹੈ, ਜੋ ਗਿਆਨੁ ਕੈ ਉਪਾਸ਼ਨਾ ਕੈ ਕਰਮੁ ਜੋ ਸ਼ਬਦ ਦਾ ਰਿਦਾ ਹੋਵੈ ਸੋਈ ਅਰਥੁ ਕਰੈ। ਜਿਸਦੇ ਮਨ ਵਿਚ ਸਹਿਸਾ ਹੋਵੈ ਤੇ ਪ੍ਰਸ਼ਨ ਕਰੈ ਉਸ ਦਾ ਸੰਸਾ ਨਿਵਿਰਤ ਕਰ ਦੇਵੇ ਤੇ ਜੇਹਾ ਪ੍ਰਸਤਾਵ ਸ਼ਬਦ ਦਾ ਹੋਵੈ ਤੇਹੀ ਹੀ ਸਾਖੀ ਲਿਆਵੈ, ਜੇਹੇ ਸ੍ਰੋਤੇ ਹੋਵਨਿ ਤੈਸਾ ਹੀ ਦ੍ਰਿਸਟਾਂਤ ਦੇਵੈ ਤੇ ਸਭਨਾਂ ਸ਼ਾਸਤ੍ਰਾਂ ਦਾ ਗਿਆਤਾ ਹੋਵੇ ਤੇ ਕਥਾ ਵਿਚ ਵਿਖੇਪ ਨਾ ਕਰੈ। ਜੌ ਕਥਾ ਹੋਰ ਹੋਵੈ ਤਾਂ ਸਾਖੀ ਹੋਰ ਭਾਉ ਦੀ ਨ ਕਰੈ। ਤੇ ਸਰੀਰ ਕਰਕੇ ਭੀ ਸੂਧਾ ਹੋ ਬੈਸੇ, ਤੇ ਮਨ ਕਰਕੈ ਭੀ ਸਰਲ ਹੋਵੈ। ਤੇ ਜਿਉਂ ਜਿਉਂ ਕਥਾ ਸ੍ਰੋਤੇ ਸੁਣਨਿ ਤਿਉਂ ਤਿਉਂ ਓਨ੍ਹਾਂ ਦੇ ਮਨ ਨੂੰ ਪ੍ਰੀਤ ਦਾ ਰੰਗ ਚੜਦਾ ਜਾਵੈ ਤੇ ਸਾਰੀ ਸਭਾ ਜੀਤੀ ਜਾਵੈ ਤੇ ਨੇਤ੍ਰ ਤੇ ਸ੍ਰਵਣ ਸ੍ਰੋਤਿਆਂ ਦੇ ਵਕਤੇ ਦੇ ਮੁਖਿ ਧਿਰ ਹੀ ਹੋਵਨਿ, ਆਪਣਾ ਮਨੁ ਨੀਵਾਂ ਰਖੇ ਤੇ ਜੋ ਕਥਾ ਕਰੇ ਸੋ ਪ੍ਰਿਥਮੇ ਆਪਿ ਰਿਦੇ ਵਿਚ ਧਾਰ ਲੇਵੈ ਤੇ ਆਪਣੀ ਪ੍ਰਾਰਬਧ ਸੰਤੋਖੀ ਰਖੈ, ਬਹੁਤਿਆਂ ਪਦਾਰਥਾਂ ਦੀ ਚਾਹ ਨ ਕਰੈ। ਮੰਗੈ ਬਿਨਾਂ ਜੋ ਦੇਵੈ ਸੋ ਲੈ ਲੇਵੈ ਰਾਜੀ ਹੋਕੇ। ਏਹੁ ਚੌਦਾਂ ਗੁਣ ਜਿਸ ਵਕਤੇ ਵਿਚ ਹੋਵਨਿ, ਉਸ ਥੀਂ ਕਥਾ ਸੁਣੇ। ਅਗੇ ਸ੍ਰੋਤੇ ਨੂੰ ਚੌਦਹ ਗੁਣ ਏਹ ਚਾਹੀਦੇ ਹੈਨਿ:

ਸਲੋਕੁ- "ਭਗਤੋ ਵਕਤਰੇ ਅਗਰਬਤਾ ਸ੍ਰਤ ਰੁਚਹ ਚੰਚਲ ਹੀਨ ਪਟਹ। ਪ੍ਰਸਨ ਅਖਸਚ ਬਹੁਸ੍ਰਤੋ ਅਨਾਲਸੋ ਨਿੰਦ੍ਰਾ ਜਿਤੀ ਸੁਤਹ। ਦਾਤਾਤਿ ਪਕਤ ਕਥੰਤਰਾ ਸੁਚੈਵ ਪਰ ਦੰਭੋ ਜਿਤਾ ਸ੍ਰਬਦਾ। ਏਤੇ ਯਸਵ ਸੰਤ ਨਿਰਮਲ ਗੁਣਾ ਵੈਕੁੰਠੋ ਪ੍ਰਸਸਤਾ ਸਦਾ"।

ਏਹੁ ਚੌਦਹ ਗੁਣ ਸ੍ਰੋਤੇ ਦੇ ਹੈਨਿ। ਜੋ ਮਨ ਬਚ ਕ੍ਰਮ ਕਰਿ ਵਕਤੇ ਦੀ ਭਗਤਿ ਕਰੈ ਤੇ ਆਪਣੇ ਮਨ ਵਿਚ ਗਰਬੁ ਨ ਕਰੈ, ਜੋ ਮੈਂ ਸੇਵਾ ਕਰਨਾ ਹਾਂ। ਤੀਜਾ, ਕਥਾ ਦੇ ਸੁਣਨ ਦੀ ਬਹੁਤ ਸ਼ਰਧਾ ਹੋਵੈ। ਚੌਥੇ ਆਪਣੇ ਸਰੀਰ ਦੀ ਭੀ ਤੇ ਵਚਨਾਂ ਦੀ ਭੀ ਚਤੁਰਾਈ ਨਾ ਕਰੈ ਤੇ ਪੰਜਵਾਂ ਸਮਝਣ ਨੂੰ ਚਤੁਰ ਹੋਵੈ ਤੇ ਛਠਵਾਂ ਪ੍ਰਸ਼ਨ ਕਰਨ ਦੀ ਸਮਰਥਾ ਹੋਵੇ, ਸਪਤਮਾ ਬਹੁਤੁ ਸ਼ਾਸਤ੍ਰ ਸੁਣੇ ਹੋਵਨਿ ਤੇ ਅਠਵਾਂ ਆਲਸੁ ਨ ਕਰੈ ਤੇ ਨਾਵਾਂ ਕਥਾ ਦੇ ਵੇਲੇ ਨਿੰਦ੍ਰਾ ਨਾ ਕਰੈ। ਦਸਵਾਂ

ਜੋ ਸੁਣੇ ਸੋ ਮਨ ਵਿਚ ਧਾਰਦਾ ਰਹੇ ਤੇ ਯਾਰਵਾਂ ਵੰਡ ਖਾਵੈ ਤੇ ਬਾਰਵਾਂ ਜੋ ਕਥਾ ਗੁਰਾਂ ਦੇ ਸਿਧਾਂਤ ਥੀਂ ਵਿਪਰਜੈ ਹੋਵੈ ਤਾਂ ਓਨਾਂ ਦਾ ਤਿਆਗੁ ਕਰੈ। ਤੇਰਵਾਂ ਸਰੀਰ ਭੀ ਸੁਚ ਰਖੈ। ਚੌਧਵਾਂ ਦੰਭੁ ਨ ਕਰੈ ਰਿਦੇ ਕਰਿ ਸੁਣੇ। ਏਹੁ ਚੌਦਾਂ ਗੁਣ ਸ੍ਰੋਤੇ ਵਿਚ ਹੋਵਨਿ, ਤਾਂ ਓਸ ਨੂੰ ਗਿਆਨੁ ਤੁਰਤ ਪ੍ਰਾਪਤਿ ਹੁੰਦਾ ਹੈ। ਸੋ ਭਾਈ ਨਿਹਾਲੂ ਵਿਚ ਸਭੇ ਗੁਣ ਪਾਏ ਜਾਂਦੇ ਹੈਨਿ। ਤੁਸਾਂ ਭੀ ਨਿਹਾਲੂ ਦੀ ਸੰਗਤਿ ਕਰਨੀ। ਓਸ ਦੇ ਮਿਲਨ ਕਰਿ ਸਭੇ ਗੁਣ ਕਿਉਂ ਨਾਂ ਪ੍ਰਾਪਤਿ ਹੋਵਨਗੇ॥੧੦੩॥

## ਸਾਖੀ ਹੋਰ ਚਲੀ {ਕਿਸ਼ਨਾ ਝੰਝੀ ਪੰਮੂਪੁਰੀ}

**ਭਾਈ** ਕਿਸ਼ਨਾ ਝੰਝੀ ਤੇ ਭਾਈ ਪੰਮੂ ਪੁਰੀ ਗੁਰੂ ਹਰਿ ਗੁਬਿੰਦ ਜੀ ਦੀ ਸ਼ਰਨਿ ਆਏ : ਜੋ ਅਸਾਡਾ ਉਧਾਰੁ ਕਰੋ। ਤਾਂ ਬਚਨੁ ਹੋਇਆ : ਕਲਿਜੁਗ ਵਿਚ ਨਾਮ ਵਡਾ ਜਹਾਜੁ ਹੈ, ਤੁਸੀਂ ਭੀ ਨਾਮ ਦੇ ਜਹਾਜ਼ ਪਰ ਚੜਿ ਬੈਠੋ ਤੇ ਸ਼ਬਦ ਦੇ ਉਚਾਰ ਦਾ ਅਭਿਆਸੁ ਕਰੋ। ਤਾਂ ਓਨ੍ਹਾਂ ਅਰਦਾਸ ਕੀਤੀ: ਜੀ ਸਚੇ ਪਾਤਿਸ਼ਾਹ! ਕਈ ਸਿਖ ਸਬਦ ਪੜ ਸੁਣ ਕੇ ਖੋਟੇ ਕਰਮ ਛੋਡ ਦੇਂਦੇ ਹਨ ਕਈ ਸਿਖ ਸਗੋਂ ਬਹੁਤ ਵੈਰ ਵਿਰੋਧ ਕਰਦੇ ਹੈਨਿ, ਓਨ੍ਹਾਂ ਨੂੰ ਕੌਣ ਪਦਵੀ ਪ੍ਰਾਪਤ ਹੁੰਦੀ ਹੈ? ਤਾਂ ਬਚਨੁ ਹੋਇਆ: ਗੁਰੂ ਕਾ ਸ਼ਬਦੁ ਸਭਨਾਂ ਦਾ ਉਧਾਰੁ ਸਮਾਂ ਪਾਇਕੇ ਕਰਦਾ ਹੈ। ਇਕੁ ਗਿਆਨ ਬਧ ਦਾ ਕਲਿਆਣੁ ਨਹੀਂ ਹੁੰਦਾ। ਕਿਸ ਪ੍ਰਕਾਰ? ਜੋ ਅਗਿਆਨੀ ਸ਼ਬਦ ਨੂੰ ਸੁਣਦਾ ਹੈ ਤਾਂ ਓਸ ਦੇ ਪਾਪ ਕਟੀਦੇ ਹੈਨਿ, ਅਗੇ ਜਗਿਆਸਾ ਪ੍ਰਾਪਤਿ ਹੁੰਦੀ ਹੈ, ਤੇ ਜਗਿਆਸੀ ਨੂੰ ਗਿਆਨੁ ਪ੍ਰਾਪਤਿ ਹੁੰਦਾ ਹੈ ਤੇ ਗਿਆਨੀ ਦਾ ਗਿਆਨੁ ਦ੍ਰਿੜੁ ਹੋਤਾ ਹੈ ਪਰੁ ਜੋ ਗਿਆਨ ਬਧ ਹੈ ਓਹ ਆਪਣੇ ਮਾਨ ਵਾਸਤੇ ਪਾਠੁ ਸੁਣ ਕੇ ਗਿਆਨੀ ਹੋਇ ਬੈਠਾ ਹੈ ਤੇ ਗਿਆਨ ਦਾ ਨਿਸਚਾ ਨਹੀਂ ਹੋਇਆ ਤੇ ਆਪਣੀਆਂ ਵਡਿਆਈਆਂ ਵਾਸਤੇ ਕਹਿੰਦਾ ਹੈ ਜੋ ਮੈਨੂੰ ਗਿਆਨ ਦ੍ਰਿੜੁ ਹੈ। ਸੰਤਾਂ ਦਾ ਸੰਗੁ ਨਹੀਂ ਕਰਦਾ ਤਾਂ ਓਸਨੂੰ ਨਹੀਂ ਗਿਆਨੁ ਪ੍ਰਾਪਤਿ ਹੁੰਦਾ। ਜੈਸੇ ਕਿਸੇ ਅੰਮ੍ਰਿਤਸਰ ਜੀ ਦੇ ਰਾਹ ਜਾਣਾ ਹੋਵੈ ਤਾਂ ਰਾਹੁ ਨਹੀਂ ਜਾਣਦਾ ਤਾਂ ਪੁੱਛਕੇ ਚਲਿਆ ਜਾਂਵਦਾ ਹੈ ਤਾਂ ਓਹ ਅਗਿਆਨੀ ਭੀ ਪਹੁੰਚਦਾ ਹੈ। ਤੇ ਕਿਸੇ ਨੂੰ ਸੰਗਤਿ ਅੰਮ੍ਰਿਤਸਰ ਦੀ ਤੁਰੀ ਹੋਈ ਮਿਲੀ ਹੈ ਤੇ ਓਹੁ ਉਸ ਦੇ ਨਾਲਿ ਚਲਿਆ ਹੈ ਤਾਂ ਓਹੁ ਜਗਿਆਸੀ ਭੀ ਪਹੁੰਚਦਾ ਹੈ, ਪਰ ਜੋ ਰਾਹੁ ਜਾਣਦਾ ਹੈ ਓਹੁ ਗਿਆਨੀ ਭੀ ਪਹੁੰਚਦਾ ਹੈ, ਪਰ

ਜੋ ਰਾਹੁ ਨਹੀਂ ਜਾਣਦਾ ਤੇ ਪੁੱਛਦਾ ਭੀ ਨਹੀਂ ਉਲਟਾ ਚਲਿਆ ਜਾਂਦਾ ਹੈ, ਤਾਂ ਓਹੁ ਅੰਮ੍ਰਿਤਸਰ ਜੀ ਨੂੰ ਨਹੀਂ ਪਹੁੰਚਦਾ। ਤੈਸੇ ਜੋ ਆਪ ਨੂੰ ਗਿਆਨੀ ਮੰਨਦਾ ਹੈ ਤੇ ਸੰਤਾਂ ਥੀਂ ਪੁਛਦਾ ਨਹੀਂ ਓਹੁ ਜੀਵਨ ਮੁਕਤਿ ਨਹੀਂ ਹੁੰਦਾ॥੧੦੪॥

## ਸਾਖੀ ਹੋਰ ਚਲੀ {ਭਾਈ ਧਿੰਗੜ ਤੇ ਮੱਦੂ}

**ਭਾਈ** ਧਿੰਗੜ ਤੇ ਭਾਈ ਮਦੂ ਤਿਖਾਣੁ ਬਡੇ ਸੁਜਾਣ ਹੈਸਨਿ। ਗੁਰੂ ਹਰਿਗੋਬਿੰਦ ਜੀ ਦੀ ਸ਼ਰਨੀ ਆਏ ਤੇ ਲੰਗਰ ਦੀਆਂ ਲਕੜੀਆਂ ਚੀਰਨਿ, ਚੌਂਕੀਆਂ ਤੇ ਮੰਜੇ ਬਣਾਂਵਦੇ ਰਹਣ ਤੇ ਸਿਖਾਂ ਸਭਨਾਂ ਦਾ ਜੋ ਕੰਮ ਹੋਵੈ ਸੋ ਕਰ ਦੇਵਨਿ ਤੇ ਕਥਾ ਦੇ ਵੇਲੇ ਸਭ ਕੰਮ ਵਿਸਾਰ ਕੈ ਕਥਾ ਸੁਣਨਿ ਤੇ ਪਿਛਲੀ ਰਾਤੀਂ ਸਿਖਾਂ ਨੂੰ ਇਸਨਾਨੁ ਕਰਾਇਨ ਤੇ ਆਪ ਭੀ ਇਸਨਾਨੁ ਕਰਨਿ ਤੇ ਬਾਣੀ ਜਪਨਿ। ਜਿਸ ਸਮੇਂ ਓਨ੍ਹਾਂ ਦਾ ਅੰਤ ਸਮਾਂ ਹੋਇਆ ਗੁਰੂ ਕੀ ਚਰਨੀ ਆਇ ਲਗੇ ਤੇ ਇਸ਼ਨਾਨ ਕਰਕੈ ਸਭ ਪਦਾਰਥ ਆਪਣੇ ਗਰੀਬਾਂ ਨੂੰ ਦੇ ਕੇ ਵਾਹਿਗੁਰੂ ਜਪਦਿਆਂ ਪ੍ਰਾਣ ਛੋਡੇ! ਸਾਹਿਬ ਆਪ ਓਨ੍ਹਾਂ ਦੀ ਚਿਖਾ ਤੇ ਜਾਇ ਖੜੋਤੇ॥੧੦੫॥

## ਸਾਖੀ ਹੋਰ ਚਲੀ {ਭਾਈ ਬਨਵਾਲੀ ਤੇ ਪਰਸਰਾਮ}

**ਭਾਈ** ਬਨਵਾਲੀ ਤੇ ਪਰਸਰਾਮ ਬਾਲ ਵੈਦ ਹੈਸਨਿ। ਜੋ ਕੋਈ ਸਿਖੁ ਸਾਧ ਰੋਗੀ ਹੋਵੈ ਓਸ ਨੂੰ ਆਪਣੇ ਪਾਸੋਂ ਔਖਧਿ ਦੇਵਨਿ ਤੇ ਤੁਰਕੇ ਓਨ੍ਹਾਂ ਦੇ ਘਰਿ ਭੀ ਜਾਵਨਿ। ਹੋਰੁ ਸ਼ਬਦ ਭੀ ਗਾਵਨਿ। ਤਾਂ ਇਕ ਦਿਨ ਓਨ੍ਹਾਂ ਅਰਦਾਸ ਕੀਤੀ : ਜੀ ਸਚੇ ਪਾਤਿਸਾਹਿ ਜੀ! ਕਲਿਆਣੁ ਤਾਂ ਸਭਸੇ ਦਾ ਸ਼ਬਦੁ ਕਰਦਾ ਹੈ, ਸਾਧ ਸੰਗਤਿ ਦੀ ਮਹਿਮਾਂ ਇਤਨੀ ਕਿਉਂ ਲਿਖੀ ਹੈ? ਤਾਂ ਬਚਨੁ ਹੋਇਆ: ਔਖਧਿ ਤੁਸਾਡੇ ਘਰ ਸਭਣਾਂ ਰੋਗਾਂ ਦੇ ਹੈਨਿ, ਪਰੁ ਕੈ ਤੁਸੀ ਕੈ ਤੁਸਾਡਾ ਕੋਈ ਸ਼ਗਿਰਦ, ਜੋ ਰੋਗੀ ਦੀ ਨਾਟਕਾ ਦੇਖਦਾ ਹੈ ਤਾਂ ਗਰਮੀ ਸਰਦੀ ਦੀ ਕਫ ਨੂੰ ਪਛਾਣਕੇ ਔਖਧਿ ਦੇਂਦੇ ਹੋ, ਤੇ ਨਾਲੇ ਸੰਜਮ ਦਸਦੇ ਹੋ ਤਾਂ ਉਸ ਦਾ ਰੋਗੁ ਕਟੀਂਦਾ ਹੈ। ਪਰੁ ਜੇ ਔਖਧਿ ਭੀ ਕੋਲ ਹੀ ਹੋਵਨਿ ਤੇ ਰੋਗੀ ਭੀ ਹੋਵਨਿ ਤਉ ਭੀ ਵੈਦ ਬਿਨਾਂ ਰੋਗੁ ਨਹੀਂ ਕਟੀਦਾ। ਤੈਸੇ ਗੁਰਮੁਖਿ ਜੋ ਹੈਨਿ ਸਿਖਾਂ ਦਾ ਅਧਿਕਾਰ ਵੇਖ ਕਰਿ ਸ਼ਬਦੁ ਦਾ ਉਪਦੇਸੁ ਕਰਦੇ ਹੈਨਿ। ਓਨ੍ਹਾਂ ਨੂੰ ਗਿਆਨ ਪ੍ਰਾਪਤਿ ਹੁੰਦਾ ਹੈ॥੧੦੬॥

# ਪਉੜੀ ਤੀਸਵੀਂ ਚਲੀ॥੩੦॥

## ਛਟਮ ਗੁਰੂ ਕੇ ਸਿੱਖ

**ਲਸ਼ਕਰ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਿਦਾਸੁ।**
**ਭਾਵਾ ਧੀਰੁ ਉਜੈਨ ਵਿਚਿ ਸਾਧ ਸੰਗਤਿ ਗੁਰੁ ਸਬਦਿ ਨਿਵਾਸ।**
**ਮੇਲ ਵਡਾ ਬੁਰਹਾਨ ਪੁਰਿ ਸਨਮੁਖ ਸਿਖ ਸਹਜ ਪਰਗਾਸ।**
**ਭਗਤ ਭਈਆ ਭਗਵਾਨ ਦਾਸ ਨਾਲ ਬੋਦਲਾ ਘਰੇ ਉਦਾਸ।**
**ਮਲਕ ਕਟਾਰੂ ਜਾਣੀਐ ਪਿਰਥੀ ਮਲੁ ਜਰਾਹੀ ਖਾਸ।**
**ਭਗਤੂ ਛੁਰਾ ਵਖਾਣੀਐ ਡਲੂ ਰੀਹਾਣੈ ਸਾਬਾਸ।**
**ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸ।**
**ਗੁਜਰਾਤੇ ਵਿਚਿ ਜਾਣੀਐ ਭੇਖਾਰੀ ਭਾਬੜਾ ਸੁਲਾਸ।**
**ਗੁਰਮੁਖਿ ਭਾਉ ਭਗਤਿ ਰਹਿਰਾਸੁ॥੩੦॥**

## ਸਾਖੀ ਹੋਰ ਚਲੀ {ਭਾਈ ਤੀਰਥਾ}

**ਭਾਈ** ਤੀਰਥਾ ਲਸਕਰ ਬਾਦਿਸਾਹ ਦੇ ਵਿਚ ਰਹਿੰਦਾ ਸੀ ਤੇ ਅਰਦਾਸ ਕੀਤੀ: ਅਸੀਂ ਆਪਣੀ ਕਿਰਤਿ ਵਿਚ ਰੁੱਧੇ ਰਹਿੰਦੇ ਹਾਂ, ਅਸਾਡਾ ਉਧਾਰੁ ਕਿਉਂ ਕਰ ਹੋਵੈਗਾ? ਤਾਂ ਬਚਨੁ ਹੋਇਆ: ਤੁਸਾਂ ਸਾਧਾਂ ਦੀ ਟਹਿਲ ਕਰਨੀ। ਜੋ ਗਊਆਂ ਨੂੰ ਘਾਸੁ ਖਵਾਂਵਦੇ ਹੈਨਿ ਸੋ ਓਨ੍ਹਾਂ ਦਾ ਦੁੱਧ ਪੀਂਦੇ ਹੈਨਿ, ਤੈਸੇ ਜੋ ਸਾਧਾਂ ਦੀ ਸੇਵਾ ਕਰਦੇ ਹੈਨਿ ਸੋ ਉਨ੍ਹਾਂ ਦੀ ਪ੍ਰਸੰਨਤਾ ਕਰਕੈ ਗਿਆਨੁ ਤੇ ਭੁਗਤਿ ਨੂੰ ਪਛਾਣਦੇ ਹੈਨਿ, ਸੁਖੀ ਹੁੰਦੇ ਹੈਨਿ। ਤਾਂ ਓਸ ਕਹਿਆ: ਅਸੀਂ ਸਾਧਾਂ ਨੂੰ ਕਿਉਂ ਕਰ ਪਛਾਣੀਐ? ਤਾਂ ਬਚਨੁ ਹੋਇਆ: ਇਕ ਰਾਜੇ ਦੀ ਸ਼ਰਧਾ ਹੰਸਾਂ ਦੇ ਦਰਸ਼ਨ ਦੀ ਲਾਲਸਾ ਹੋਈ ਸੀ ਤਾਂ ਮੰਤ੍ਰੀ ਕਹਿਆ: ਜੋ ਹੰਸਾਂ ਨੂੰ ਖੋਜਨ ਜਾਈਐ ਤਾਂ ਰਾਜਿਆਂ ਥੀਂ ਖੋਜੁ ਨਹੀਂ ਹੁੰਦੀ। ਆਪਣੇ ਕਾਰਜਾਂ ਦਾ ਤਿਆਗੁ ਨਹੀਂ ਕਰ ਸਕੀਦਾ, ਪਰੁ ਇਕੁ ਉਪਾਉ ਹੈ, ਜੋ ਇਕ ਤਲਾਉ ਜਲ ਕਰ ਭਰਪੂਰ ਹੋਵੈ, ਉਪਰਿ ਉਸ ਦੇ ਸਭ ਪੰਖੀਆਂ ਦੀ ਚੋਗ ਡਾਲੀਐ ਤੇ ਰਾਖੇ ਉਪਰਿ ਬੈਠਨਿ ਜੋ ਬਿੱਲੀ ਕੋਈ ਆਵਣੀ ਨਾ ਪਾਵੈ। ਤਾਂ ਓਸ ਰਾਜੇ ਨੇ ਐਸੇ

ਹੀ ਕੀਆ। ਸਭ ਪੰਖੀ ਆਵਨਿ ਤੇ ਚੁਗ ਚੁਗ ਜਾਵਨਿ ਤੇ ਆਪਣੇ ਦੇਸ ਵਿਚ ਸ਼ੋਭਾ ਜਾਇ ਕਰਨਿ। ਇਕਨਾ ਪੰਛੀਆਂ ਨੇ ਮਾਨਸਰ ਪਰ ਜਾਇ ਸ਼ੋਭਾ ਕੀਤੀ ਤਾਂ ਹੰਸਾਂ ਨੇ ਕਹਿਆ: ਅਸੀਂ ਓਸ ਰਾਜੇ ਦੇ ਦੇਸ਼ ਜਾਇਕੈ ਸ਼ਰਧਾ ਵਧਾਈਐ ਜੋ ਸਦਾ ਪੰਛੀਆਂ ਦੀ ਸੇਵਾ ਕਰਦਾ ਰਹੈ। ਤਾਂ ਇਕੁ ਜੋੜੀ ਹੰਸਾਂ ਦੀ ਉੱਡਕੈ ਓਨ੍ਹਾਂ ਪੰਛੀਆਂ ਨੂੰ ਸਾਥਿ ਲੈਕੇ ਉਸ ਤਲਾਉ ਤੇਂ ਆਇ ਬੈਠੀ, ਹੋਰ ਚੋਗ ਚੁਗਨਿ ਨਹੀਂ, ਤਾਂ ਰਾਖਿਆਂ ਨੇ ਰਾਜੇ ਨੂੰ ਜਾਇ ਕਹਿਆ: ਜੋ ਹੰਸਾਂ ਦੀ ਜੋੜੀ ਆਈ ਹੈ, ਮਹਾਂ ਉਜਲ ਹੈਨਿ ਤੇ ਹੋਰੁ ਚੋਗੁ ਨਹੀਂ ਚੁਗਦੇ। ਤਾਂ ਰਾਜਾ ਦੁੱਧ ਅਰੁ ਮੋਤੀ ਸਾਥ ਲਿਆਇਆ; ਓਨ੍ਹਾਂ ਦੇ ਅਗੇ ਵਿਛਾਏ ਤੇ ਜਲ ਤੇ ਦੁੱਧ ਨਿਆਰਾ ਕਰਕੈ ਖਾਧਾ ਤੇ ਅਮੋਲਕ ਮੋਤੀ ਉਗਲਕੇ ਕੱਢੇ ਤੇ ਉਡਿ ਗਏ, ਜਬ ਓਹੀ ਮੋਤੀ ਜੌਹਰੀ ਨੂੰ ਦਿਖਾਏ ਤਾਂ ਇਕੁ ਇਕੁ ਅਮੋਲਕ ਮੋਤੀ ਉਸ ਦੇ ਸਾਰੇ ਰਾਜ ਦੇ ਸਮਾਨਿ ਹੈ। ਤਾਂ ਰਾਜਾ ਬਹੁਤ ਪ੍ਰਸੰਨ ਹੋਇਆ। ਤੈਸੇ ਤੂੰ ਸਭਨਾਂ ਸਿਖਾਂ ਦੀ ਟਹਿਲ ਸੇਵਾ ਕਰਦਾ ਰਹੁ। ਕੋਈ ਗੁਰਮੁਖਿ ਅਮੋਲਕ ਵਚਨ ਜੋ ਹੈਨਿ ਸੋ ਤੈਨੂੰ ਵਿਚਾਰੁ ਸੁਣਾਇਕੈ ਉਧਾਰ ਕਰਿ ਜਾਵੈਗਾ॥੧੦੭॥

## ਸਾਖੀ ਹੋਰ ਚਲੀ {ਭਾਈ ਹਰਿਦਾਸ ਸੁਇਨੀ}

**ਭਾਈ** ਹਰਿਦਾਸੁ ਸੁਇਨੀ ਗੁਆਲੀਏਰ ਵਿਚ ਰਹਿੰਦਾ ਸੀ। ਤੇ ਸਭ ਸਿਖਾਂ ਸਾਧਾਂ ਦੀ ਸੇਵਾ ਮਨ ਬਚ ਕਰਮ ਕਰਕੇ ਕਰਦਾ ਸੀ। ਤੇ ਸਾਹਿਬ ਦੇ ਦਰਸ਼ਨ ਨੂੰ ਚਾਹੁੰਦਾ ਸੀ। ਚੰਦੂ ਸਾਹੀ ਮਹਾਂ ਭ੍ਰਿਸ਼ਟ ਹੈਸੀ। ਉਸ ਨੇ ਬਾਦਸ਼ਾਹਿ ਦੇ ਅੱਗੇ ਚੁਗਲੀ ਖਾਧੀ, ਸੋ ਜੀ ਗੁਰੂ ਅਰਜਨ ਜੀ ਦੇ ਬੇਟੇ ਗੁਰੂ ਹਰਿਗੋਬਿੰਦ ਜੀ ਆਪ ਨੂੰ ਸਚਾ ਪਾਤਸ਼ਾਹ ਕਹਾਂਵਦੇ ਹੈਨਿ। ਅਗੇ ਪੰਜਵੀਂ ਪਾਤਿਸ਼ਾਹੀ ਪਾਸ ਉਸ ਨੇ ਬੇਟੀ ਦੀ ਸਗਾਈ ਛਿਵੇਂ ਪਾਤਸ਼ਾਹ ਹਿਤ ਭੇਜੀ ਸੀ ਤੇ ਸਾਹਿਬ ਮੰਨਿਆ ਨਹੀਂ ਸੀ। ਤੇ ਬਾਦਿਸਾਹਿ ਦੇ ਅੱਗੇ ਉਸ ਨੇ ਚੁਗਲੀ ਕਰਕੈ ਸਾਹਿਬ ਨੂੰ ਬੁਲਾਇਆ ਹੈਸੀ ਤੇ ਸਾਹਿਬ ਪੰਜਵੀਂ ਪਾਤਿਸਾਹੀ ਸਰੀਰੁ ਤਿਆਗਿਆ ਸੀ। ਉਸੇ ਬਾਦਸਾਹਿ ਨੂੰ ਕਹਿਆ: ਜੋ ਗੁਰੂ ਹਰਗੋਬਿੰਦ ਜੀ ਪਾਤਿਸਾਹੀ ਦਾਵਾ ਕਰਦੇ ਹੈਨਿ; ਤਾਂ ਬਾਦਸਾਹਿ ਦੇ ਆਦਮੀ ਬੁਲਾਵਨ ਆਏ। ਤਾਂ ਸਿਖ ਕਹਿਆ: ਗਰੀਬ ਨਿਵਾਜ! ਮਲੇਛ ਬੁਰੇ ਹਨਿ। ਤੇ ਬਚਨੁ ਹੋਇਆ: ਅਜ ਅਸੀਂ ਗੁਰੂ ਹੋਇਕੈ ਦਰਸਨੁ ਦੇਵਾਂਗੇ ਤੇ ਚੰਦੂ ਨੂੰ ਆਪਣੀ ਕਰਣੀ ਦਾ ਫਲੁ ਦੇਵਾਂਗੇ। ਤਾਂ ਸਾਹਿਬ ਛੇਵੀਂ ਪਾਤਿਸਾਹੀ ਜੀ ਜਾਇ

ਬਾਦਸਾਹਿ ਨੂੰ ਮਿਲੇ। ਤਾਂ ਬਾਦਿਸਾਹਿ ਏਨਾਂ ਦਾ ਦਰਸਨੁ ਕਰਕੈ ਬਹੁਤ ਪਰਸੰਨ ਹੋਇਆ, ਕਹਿਆ ਏਨਾਂ ਦਾ ਡੇਰਾ ਬਾਗ ਵਿਚ ਦੇਹੋ। ਤਾਂ ਚੰਦੂ ਦੇ ਮਨ ਚਿੰਤਾ ਆਈ। ਤਾਂ ਜੋਤਕੀਆਂ ਨੂੰ ਸਿਖਾਇਆ, ਓਨ੍ਹਾਂ ਬਾਦਸਾਹਿ ਨੂੰ ਕਹਿਆ: ਤੁਸਾਡੀ ਸਾਇਤ ਬੁਰੀ ਹੈ; ਜੇ ਗੁਰੂ ਹਰਿ ਗੋਵਿੰਦ ਜੀ ਗੁਆਲੇਰ ਵਿਚ ਜਾਇ ਤਪਸਿਆ ਕਰੈ ਤਬ ਤੁਸਾਨੂੰ ਸੁਖ ਹੋਵੈਗਾ। ਤਾਂ ਬਾਦਿਸਾਹਿ ਬਾਗ ਵਿਚ ਜਾਇਕੈ ਅਰਜ਼ ਕੀਤੀ ਜੋ ਤੁਸੀਂ ਚਾਲੀ ਦਿਨ ਗੁਆਲੇਰ ਵਿਚ ਬੈਠਕੇ ਤਪੁ ਕਰੋ। ਫੇਰ ਅਸੀਂ ਤੁਰਤ ਤੁਸਾਨੂੰ ਸੱਦ ਲੇਵਾਂਗੇ। ਤਾਂ ਸਾਹਿਬ ਗੁਆਲੇਰ ਗਏ, ਤਾਂ ਭਾਈ ਹਰਿਦਾਸ ਸੁਇਨੀ ਆਦਿ ਦਰਸਨੁ ਕੀਤਾ। ਬਚਨੁ ਹੋਇਆ: ਤੁਸਾਡੀ ਪ੍ਰੀਤ ਕਰਿ ਅਸੀਂ ਏਥੇ ਆਏ ਹਾਂ। ਤਾਂ ਚੰਦੂ ਗੁਆਲੇਰ ਦੇ ਰਾਖਿਆਂ ਨੂੰ ਕਹਿ ਭੇਜਿਆ ਤੁਸਾਨੂੰ ਮੈਂ ਵਡਾ ਧਨੁ ਦੇਵਾਂਗਾ, ਗੁਰੂ ਨੂੰ ਔਖੀ ਜਾਗਾ ਰਖਣਾ, ਤੇ ਬਾਦਿਸ਼ਾਹਿ ਲਿਖਿਆ ਏਨਾਂ ਨੂੰ ਸੁਖੀ ਰਖਣਾ ਤਾਂ ਸਾਹਿਬ ਵਿਚ ਹੀ ਗੁਆਲੇਰ ਦੇ ਰਹਨਿ ਤੇ ਸ਼ਿਕਾਰ ਖੇਲਨਿ। ਤੇ ਭਾਈ ਹਰਿਦਾਸ ਪੰਜੀਸ ਮਣ ਰੋਜ਼ ਆਟਾ ਤੇ ਪੰਜ ਮਣ ਘਿਉ, ਤੇ ਪੰਜ ਮਣ ਖੰਡੁ ਹੋਰੁ ਨਾਨਾਂ ਪ੍ਰਕਾਰ ਦੇ ਪ੍ਰਸਾਦਿ ਹੋਵਨ ਹਿਤ ਭੇਜੇ। ਜਿਤਨੇ ਬੰਦੀ ਵਿਚ ਹੈਸਨਿ ਸਭ ਪ੍ਰਸੰਨ ਹੋਏ। ਜਬ ਚਾਲੀਸ ਦਿਨ ਬੀਤੇ ਤਾਂ ਭਾਈ ਜੇਠੇ ਰਾਤ ਨੂੰ ਸ਼ੇਰ ਦਾ ਰੂਪ ਕਰਿਕੈ ਬਾਦਿਸਾਹਿ ਨੂੰ ਭੈਮਾਨੁ ਕੀਤਾ। ਤਾਂ ਬਾਦਿਸਾਹਿ ਜੋਤਸ਼ੀਆਂ ਨੂੰ ਪੁੱਛਿਆ ਜੋ ਮੈਂ ਰਾਤ ਨੂੰ ਭੈ ਖਾਇਆ ਹੈ। ਤਾਂ ਭਾਈ ਜੇਠੇ ਆਇਕੈ ਕਹਿਆ ਹੈ: ਜੋ ਗੁਰੂ ਹਰਿਗੋਬਿੰਦ ਜੀ ਨੂੰ ਬੁਲਾਵਹੁਗੇ ਤਾਂ ਭੈ ਤੁਸਾਡਾ ਦੂਰਿ ਹੋਵੈਗਾ। ਜਬ ਬਾਦਿਸਾਹਿ ਫੇਰ ਸਾਹਿਬ ਨੂੰ ਬੁਲਾਇਆ ਤਾਂ ਬਚਨੁ ਹੋਇਆ: ਜੇ ਸਭ ਦੀ ਬੰਦ ਖਲਾਸ ਕਰੋ ਤਾਂ ਅਸੀਂ ਆਂਵਦੇ ਹਾਂ, ਤਾਂ ਬਾਦਿਸਾਹਿ ਸਭ ਦੀ ਬੰਦ ਖਲਾਸ ਕੀਤੀ, ਤੇ ਭਾਈ ਹਰਿਦਾਸ ਨੂੰ ਭੀ ਸਾਥਿ ਲਿਆਏ। ਤਾਂ ਬਾਦਸਾਹਿ ਨੂੰ ਸਾਹਿਬ ਇਕੁ ਅਮੋਲਕ ਮੋਤੀ ਦਿਤਾ, ਤਾਂ ਬਾਦਸਾਹੁ ਘਰਿ ਲੈ ਗਇਆ, ਬੇਗਮ ਨੂੰ ਜਾਇ ਦਿਤਾ ਤਾਂ ਬੇਗਮ ਕਹਿਆ: ਇਸ ਦੇ ਨਾਲ ਦਾ ਦੂਜਾ ਮੋਤੀ ਹੋਵੈ। ਤਾਂ ਸਾਹਿਬ ਬਚਨੁ ਕੀਤਾ: ਗੁਰੂ ਅਰਜਨ ਜੀ ਦੇ ਗਲਿ ਅਠੋਤਰੀ ਮਾਲਾ ਐਸੇ ਹੀ ਮੋਤੀਆਂ ਦੀ ਹੈਸੀ, ਚੰਦੂ ਦੇ ਘਰਿ ਸਾਹਿਬ ਸਰੀਰੁ ਛੋਡਿਆ ਹੈ ਉਸ ਥੋਂ ਪੁੱਛੋ। ਤਾਂ ਬਾਦਸ਼ਾਹ ਨੇ ਪੁਛਿਆ: ਓਹੁ ਮੁਕਰਿਆ, – ਮੈਥੇ ਮੋਤੀ ਕੋਈ ਨਹੀਂ। ਤਾਂ ਸਾਹਿਬ ਕਹਿਆ, ਇਸਦੀ ਬਾਂਹ ਅਸਾਡੇ ਹਵਾਲੇ ਕਰੋ, ਏਹ ਅਸਾਡਾ ਖੂਨੀ ਹੈ, ਅਸੀਂ ਇਸ ਥੀਂ ਮੋਤੀ ਲੈ ਦੇਵਾਂਗੇ। ਤਾਂ ਡੇਰੇ ਵਿਚ ਚੰਦੂ

ਨੂੰ ਲਿਆਏ ਤੇ ਜੁੱਤੀਆਂ ਨਾਲਿ ਓਸ ਨੂੰ ਮਾਰਿਕੈ ਨਿਕਾਸ ਦਿੱਤਾ ਜੀਉ ਓਸਦਾ, ਤੇ ਬੰਦੂ ਬੰਦੂ ਕਰਿਕੈ ਗੰਦੀ ਖਾਈ ਵਿਚ ਪਾਇ ਦਿੱਤਾ, ਤੇ ਅਮੋਲਕ ਮੋਤੀ ਬਾਦਿਸਾਹਿ ਨੂੰ ਬਹੁਤੇ ਦਿੱਤੇ। ਰਾਤ ਨੂੰ ਸ਼ੇਰੁ ਲਸ਼ਕਰ ਚੀਰਕੇ ਬਾਦਿਸਾਹਿ ਦੇ ਤੰਬੂ ਨੂੰ ਆਇਆ; ਸਾਹਿਬ ਨੇ ਤੀਰ ਮਾਰਿ ਕੈ ਓਸਨੂੰ ਮਾਰਿਆ। ਬਾਦਸਾਹਿ ਦੇਖਕੈ ਪ੍ਰਸੰਨ ਹੋਇਆ, ਕਹਿਆ: ਕਿਛੁ ਮੰਗੋ। ਏਨ੍ਹਾਂ ਕਹਿਆ: ਅਸਾਨੂੰ ਰੁਖਸਦੁ ਕੀਚੈ। ਵਿਦਾ ਹੋਕੇ ਤੇ ਹਰਿਦਾਸ ਨੂੰ ਭੀ ਵਿਦਾ ਕੀਆ, ਬਚਨੁ ਹੋਇਆ: ਸਦਾ ਸਿਖਾਂ ਦੀ ਟਹਿਲ ਕਰਨੀ॥੧੦੮॥

## ਸਾਖੀ ਹੋਰ ਚਲੀ {ਭਾਈ ਧੀਰੋ ਉਜੈਨੀ}

**ਭਾਈ** ਧੀਰੋ ਉਜੈਨ ਵਿਚ ਰਹਿੰਦਾ ਸੀ। ਸੋ ਸਾਰਾ ਦਿਨੁ ਜਿਥੇ ਮਹਾਰਾਜ ਦੀ ਕਥਾ ਕੀਰਤਨੁ ਹੋਵੈ ਸੋ ਸੁਣੈ ਤੇ ਰਾਤਿ ਨੂੰ ਪ੍ਰਸਾਦੁ ਖਾਇਕੈ ਪਹਰਿ ਰਾਤਿ ਜਾਂਦੇ ਲਗਿ ਆਪਿ ਕੀਰਤਨੁ ਕਰੇ ਤੇ ਪਹਰਿ ਰਾਤ ਰਹਿੰਦੇ ਉਠਕੈ ਇਸਨਾਨੁ ਕਰਕੈ ਗੁਰੂ ਦੀ ਬਾਣੀ ਪੜੈ ਤੇ ਛੇਵੀਂ ਮਹੀਨੀਂ ਗੁਰੂ ਜੀ ਕੇ ਦਰਸ਼ਨ ਨੂੰ ਆਵੈ। ਇਕ ਦਿਨ ਓਸ ਗੁਰੂ ਹਰਿਗੋਬਿੰਦ ਜੀ ਥੀਂ ਪੁਛਿਆ: ਸਚੇ ਪਾਤਿਸਾਹਿ ਜੀ! ਸਾਧ ਕਿਨ੍ਹਾਂ ਲਛਣਾਂ ਕਰਿ ਜਾਣੀਦੇ ਹੈਨ? ਬਚਨੁ ਹੋਇਆ:

ਸਲੋਕ–"**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥ ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ॥ ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ**"॥੪੦॥{ਪੰਨਾ ੧੩੫੭}

## –ਤਿਸ ਦਾ ਵੀਚਾਰ–

**ਏਨ੍ਹਾਂ** ਛੇਆਂ ਲਖਣਾਂ ਦੁਆਰੇ ਸਾਧ ਸਿਖ ਜਾਣੀਦੇ ਹੈਨਿ। ਮੰਤ੍ਰ ਓਨ੍ਹਾਂ ਦਾ ਰਾਮ ਨਾਮੁ ਹੈ, ਤੇ ਧਿਆਨੁ ਦੁਆਰਾ ਬ੍ਰਹਮੁ ਚੀਟੀ ਪਰਜੰਤ ਇਕ ਚੇਤਨ ਸੱਤਿਆ ਜਾਣਦੇ ਹੈਨਿ, ਤੇ ਦੁਖ ਤੇ ਸੁਖ ਤੇ ਗਿਆਨੁ ਓਨ੍ਹਾਂ ਨੂੰ ਸਮ ਭਾਸਤਾ ਹੈ, ਹਰਖ ਸੋਗੁ ਨਹੀਂ ਕਰਤੇ। ਸਭ ਵਾਹਿਗੁਰੂ ਕੇ ਭੇਜੇ ਜਾਣਦੇ ਹੈਨਿ, ਤੇ ਅਸਾਡਿਆਂ

ਕਰਮਾਂ ਕਰ ਰਚੇ ਹੈਨ। ਤੇ ਨਿਰਵੈਰ ਸਰਬ ਜੀਆਂ ਨਾਲਿ ਵਰਤਦੇ ਹੈਨਿ। ਤੇ ਉਪਦੇਸੁ ਸਮ ਮਿਤ੍ਰ ਨੂੰ ਭੀ ਤੇ ਸਤ੍ਰੂ ਨੂੰ ਭੀ ਰਾਮ ਨਾਮ ਦਾ ਕਰਦੇ ਹੈਨਿ। ਓਨ੍ਹਾਂ ਦੇ ਮਨ ਵਿਚ ਭਗਵੰਤ ਦੀ ਭਗਤੀ ਦੀ ਭਾਵਨਾ ਹੈ ਕਿ ਕਿਵੇਂ ਸਭਸ ਨੂੰ ਭਗਤਿ ਪ੍ਰਾਪਤਿ ਹੋਵੇ। ਤੇ ਸਰਬ ਜੀਆਂ ਤੇ ਦਇਆਲੁ ਹੈਨਿ। ਤੇ ਭਜਨੁ ਕਥਾ ਕੀਰਤਨੁ ਦਾ ਕਰਦੇ ਹੈਨਿ। ਤੇ ਮਾਇਆ ਦੇ ਕਾਰਜ ਵਿੱਚ ਅਲੇਪ ਵਰਤਦੇ ਹੈਨਿ, ਤੇ ਮਾਇਆ ਨੂੰ ਅਨਿੱਤ ਕਰ ਜਾਣਦੇ ਹੈਨ ਤੇ ਦਇਆਲੁ ਸਭਨਾਂ ਜੀਆਂ ਤੇ ਹੈਨਿ। ਪੰਚ ਦੋਖਾਂ ਥੀਂ ਕਾਮ ਕ੍ਰੋਧ ਦਾ ਤਿਆਗ ਕਰਤੇ ਹੈਨਿ, ਤੇ ਪਰਾਈ ਨਿੰਦਾ ਕਰਨਾ ਕਰਿ ਸੁਣਦੇ ਨਹੀਂ। ਤੇ ਨਿੰਦਾ ਕਰਦੇ ਭੀ ਨਹੀਂ। ਏਨ੍ਹਾਂ ਖਟ ਲੱਖਣਾਂ ਦੇ ਦੁਆਦਸ ਗੁਣ ਹੈਨਿ। ਏਨ੍ਹਾਂ ਕਰ ਜੋ ਪੂਰਨ ਹੈਨਿ ਸੋਈ ਸਾਧ ਹੈਨਿ। ਜੇ ਤਾਂ ਇਸ ਦੇ ਵਿਚ ਏਹੁ ਗੁਣ ਹੈਨ ਤਾਂ ਵਿਸ਼ੇਖ ਹੈ, ਜੇ ਨਹੀਂ ਤਾਂ ਓਨ੍ਹਾਂ ਦਾ ਸੰਗੁ ਕਰੇ, ਤਾਂ ਸਿੱਖੀ ਨੂੰ ਪ੍ਰਾਪਤਿ ਹੁੰਦਾ ਹੈ ਤੇ ਏਹੁ ਗੁਣ ਭੀ ਆਂਵਦੇ ਹੈਨਿ॥੧੦੯॥

## ਸਾਖੀ ਹੋਰ ਚਲੀ {ਭਾਈ ਭਗਵਾਨ ਦਾਸ, ਕਟਾਰੂ ਆਦਿ}

**ਬੁਰਹਾਨ** ਪੁਰ ਵਿਚ ਭਗਤਿ ਭਾਈ ਭਗਵਾਨ ਦਾਸ ਤੇ ਭਾਈ ਬੋਦਲਾ ਮਲਕ ਕਟਾਰੂ ਪ੍ਰਿਥੀਮਲੁ ਜਰਾਂਦੀ ਹੋਰੁ ਭੀ ਬਹੁਤ ਸਿਖ ਹੈਸਨਿ। ਤੇ ਭਗਤੁ ਛੁਰਾ ਭਾਈ ਡਲੂ ਰਿਹਾਣੁ ਭਾਈ ਸੁੰਦਰ ਭਾਈ ਦਾਸ ਵਧਾਵਣੁ, ਸਭੇ ਸਿਖ ਗੁਰੂ ਹਰਿਗੋਬਿੰਦ ਜੀ ਦੀ ਸ਼ਰਣਿ ਆਏ: ਅਸਾਡਾ ਉਧਾਰੁ ਕਰੋ। ਬਚਨੁ ਹੋਇਆ: ਤੁਸਾਂ ਆਪਣੇ ਸ਼ਹਿਰ ਵਿਚ ਧਰਮਸਾਲਾ ਬਣਾਵਣੀ, ਤੇ ਅੰਮ੍ਰਿਤ ਵੇਲੇ ਗੁਰੂ ਕੀ ਬਾਣੀ ਕੀ ਚਰਚਾ ਕਰਣੀ, ਤੇ ਆਰਤੀ ਚਰਨ ਕਵਲ ਪੜ੍ਹਿਕੈ ਭੋਗੁ ਪਾਵਣਾ। ਰਹਿਰਾਸਿ ਪੜ੍ਹਨੀ, ਪ੍ਰਸਾਦਿ ਛਕਿਕੈ ਪਹਰਿ ਰਾਤਿ ਜਾਂਦੀ ਤੀਕਰੁ ਕੀਰਤਨੁ ਕਰਨਾ, ਤੇ ਕੀਰਤਨੁ ਸੋਹਿਲਾ ਪੜ੍ਹਿਕੈ ਰਾਤੀਂ ਜਾਇ ਸਉਣਾ, ਤੇ ਪਿਛਲੀ ਰਾਤ ਇਸਨਾਨੁ ਕਰਕੈ ਕੰਠਿ ਦੀ ਬਾਣੀ ਪੜ੍ਹਨੀ। ਜੋ ਸਿਖੁ ਪ੍ਰਸਾਦੁ ਦਾ ਅਰਥੀ ਹੋਵੈ ਤਿਸਨੂੰ ਪ੍ਰਸਾਦੁ ਛਕਾਵਣਾ, ਜੋ ਬਸਤ੍ਰ ਦਾ ਅਰਥੀ ਹੋਵੈ ਤਿਸਨੂੰ ਬਸਤ੍ਰ ਦੇਵਣਾ। ਹੋਰ ਸੰਗ੍ਰਾਂਦਿ ਉਮਸਿਆ ਗੁਰਪੁਰਬ ਉਤੇ ਦੀਪਮਾਲਾ ਵਿਸਾਖੀ ਉਪਰ ਜਿਸਦੀ ਸ਼ਰਧਾ ਹੋਵੈ ਰੁਪਯਾ ਮੋਹਰ ਪੈਸਾ ਇਕੱਠਾ ਕਰਿਕੈ ਕੜਾਹੁ ਕਰਨਾ, ਜੋੜੁ ਕਰਨਾ; ਤੇ ਮਨ ਨੀਵਾਂ ਰਖਣਾ; ਹਉਮੈ ਨਹੀਂ ਕਰਨੀ। ਕਿਸੇ ਦੇ ਘਰਿ ਵਿਚ ਕੂਪ ਹੈਸੀ, ਤਿਸ ਵਿਚ ਬਿੱਲੀ ਪਈ ਸੀ, ਓਸ ਨੇ ਪੰਡਤ

ਥੀਂ ਪੁੱਛਿਆ: ਜੋ ਕੂਪੁ ਕਿਉਂਕਰ ਪਵਿੱਤ੍ਰ ਹੋਵੈ ? ਤਾਂ ਓਸ ਨੇ ਕਹਿਆ: ਪ੍ਰਿਥਮੇ ਬਿੱਲੀ ਬਾਹਰਿ ਕੱਢਣੀ, ਬਹੁਰੋ ਹਜਾਰੁ ਡੋਲੁ ਜਲ ਦਾ ਕੱਢਣਾ ਕੂਪ ਪਵਿੱਤ੍ਰ ਹੋਵੈਗਾ। ਤਾਂ ਉਸਨੂੰ ਬਿੱਲੀ ਕੱਢਣੀ ਭੁੱਲ ਗਈ ਤੇ ਹਜਾਰੁ ਡੋਲੁ ਕੱਢਿਆ। ਫੇਰ ਪੰਡਤ ਦੇ ਆਇਆ ਤੇ ਕਿਹਾ: ਡੋਲ ਜਲ ਦੇ ਭੀ ਕੱਢੇ ਹੈਨਿ, ਕੂਪ ਪਵਿਤ੍ਰ ਨਹੀਂ ਹੋਇਆ। ਤਾਂ ਪੰਡਤ ਕਹਿਆ ਲਖ ਡੋਲੁ ਕਢੋ। ਤਾਂ ਉਸ ਲਖੁ ਡੋਲੁ ਕੱਢਿਆ ਤਾਂ ਉਸ ਕਹਿਆ: ਹੁਣ ਭੀ ਕੂਪ ਪਵਿਤ੍ਰ ਨਹੀਂ ਹੋਇਆ ਕਿਉਂ ਜੋ ਬਿੱਲੀ ਵਿਚ ਪਈ ਦ੍ਰਿਸ਼ਟਿ ਆਂਵਦੀ ਹੈ। ਤਾਂ ਪੰਡਤ ਕਹਿਆ: ਜੌ ਲਗੁ ਬਿੱਲੀ ਨਾਂ ਕਢੋਗੇ ਤਉ ਲਗ ਪਵਿਤ੍ਰ ਨਹੀਂ ਹੁੰਦਾ। ਤੈਸੇ ਜਉ ਲਗ ਹਉਮੈ ਨਾ ਨਿਵਿਰਤ ਹੋਵੈ ਤਉ ਲਗ ਕੋਈ ਕਰਮੁ ਨਹੀਂ ਫਲ ਦੇਤਾ। ਤੁਸਾਂ ਹਉਮੈ ਨਿਵਿਰਤ ਕਰਨੀ। ਤੁਸਾਡਾ ਕਲਿਆਣੁ ਹੋਵੈਗਾ॥੧੧੦॥

## ਸਾਖੀ ਹੋਰ ਚਲੀ {ਭਾਈ ਭਿਖਾਰੀ ਭਾਬੜਾ}

**ਭਾਈ** ਭੇਖਾਰੀ ਭਾਬੜਾ ਗੁਜਰਾਤ ਵਿਚ ਰਹਿੰਦਾ ਸੀ, ਜਿਥੇ ਜਿਥੇ ਮਹਾਰਾਜ ਦੇ ਭਗਤਿ ਹੋਵਨਿ ਸਿੱਖ ਸਾਧ; ਜਿਨ੍ਹਾਂ ਦਾ ਪਰਮੇਸੁਰ ਆਸਰਾ ਹੈ, ਉਨ੍ਹਾਂ ਦੀ ਪਾਲਨਾ ਪੋਖਨਾ ਕਰੇ, ਤੇ ਗਿਆਨ ਚਰਚਾ ਕਰੇ ਤੇ ਗ੍ਰੰਥ ਜੀ ਦੀ ਬਾਣੀ ਪੜ੍ਹੇ। ਇਕਸ ਦਿਨ ਇਕ ਸਿਖ ਛੇਵੀਂ ਪਾਤਿਸਾਹੀ ਥੀਂ ਪ੍ਰਸ਼ਨ ਕੀਤਾ: ਸਚੇ ਪਾਤਿਸਾਹਿ ਕਿਸੇ ਸਿਖ ਗੁਰਮੁਖਿ ਦਾ ਦਰਸ਼ਨ ਕਰਾਵਹੁ। ਤਾਂ ਬਚਨੁ ਹੋਇਆ: ਤੁਸੀਂ ਗੁਜਰਾਤ ਜਾਵਹੁ। ਤਾਂ ਉਹ ਸਿਖ ਭਾਈ ਭਿਖਾਰੀ ਪਾਸ ਆਇਆ। ਅਗੇ ਭਾਈ ਭਿਖਾਰੀ ਓਸ ਨੂੰ ਘਰ ਲੈ ਗਇਆ, ਤੇ ਵੱਡੀ ਸੇਵਾ ਕੀਤੀ। ਦੇਖੇ ਤਾਂ ਓਸ ਦੇ ਪੁਤ੍ਰ ਦਾ ਵਿਵਾਹੁ ਹੈ। ਭੂਖਣ ਬਣਦੇ ਹੈਨਿ ਤੇ ਬਸਤ੍ਰ ਸੀਵਾਈਦੇ ਹੈਨਿ। ਹੋਰੁ ਨਾਨਾ ਪ੍ਰਕਾਰ ਦੇ ਰੰਗ ਰਾਗ ਹੁੰਦੇ ਹੈਨਿ। ਇਕਸ ਕੋਠੀ ਵਿਚ ਚੰਦਨ ਦੀਆਂ ਕਾਠੀਆਂ ਦਾ ਬਿਬਾਨੁ ਮ੍ਰਿਤਕ ਦਾ ਬਣਿਆ ਪਿਆ ਹੈ। ਤਾਂ ਓਸ ਸਿਖ ਪੁਛਿਆ: ਏਹੁ ਮ੍ਰਿਤਕ ਦਾ ਸਮਿਆਨੁ ਕਿਉਂ ਬਣਾਇਆ ਹੈ ? ਤਾਂ ਬਚਨੁ ਹੋਇਆ: ਭਲਕੇ ਤੁਸਾਨੂੰ ਦੱਸਾਂਗੇ। ਜਦ ਰਾਤਿ ਨੂੰ ਉਸ ਦੇ ਪੁਤ੍ਰ ਦਾ ਵਿਵਾਹੁ ਹੋਇਆ, ਬਹੁਤ ਦਾਨ ਪੁੰਨ ਕੀਤੇ ਤੇ ਬਹੂ ਨੂੰ ਘਰਿ ਲੈ ਆਇਆ ਤਾਂ ਸੂਲ ਨਾਲ ਉਸਦਾ ਪੁਤ੍ਰ ਮ੍ਰਿਤ ਹੋ ਗਿਆ ਤਾਂ ਓਹੋ ਗੌਣ ਗਾਵਨਿ ਵਾਲੇ ਮਾਰੂ ਗਾਵਨਿ ਲਗੇ। ਤੇ ਚੰਦਨ ਦੀਆਂ ਕਾਠੀਆਂ ਤੇ ਉਹੀ ਬਿਬਾਨ ਉਸ ਨੂੰ ਪਾਇ ਕੇ ਚਿਖਾ ਬਣਾ ਕੇ ਸਿਸਕਾਰ ਕੀਤਾ, ਤੇ ਪਰਸੰਨ

ਹੀ ਰਹਿਆ। ਤਾਂ ਓਸ ਸਿਖ ਪੁਛਿਆ: ਜੇ ਤੁਸੀਂ ਜਾਣਦੇ ਸੌ ਜੋ ਅਸਾਡਾ ਪੁਤ੍ਰ ਸਹੀ ਮਰਨਾ ਹੈ ਤਾਂ ਤੁਸਾਂ ਇਸਦਾ ਵਿਵਾਹ ਕਿਉਂ ਕੀਤਾ ? ਤਾਂ ਓਸ ਕਹਿਆ: ਮੇਰਾ ਪੁਤ੍ਰ ਪਿਛਲੇ ਜਨਮ ਰਿਖੀ ਹੈਸੀ, ਤੇ ਇਕ ਦਿਨ ਏਹ ਜੋ ਬਹੂ ਹੈ ਸੋ ਵੇਸਵਾ ਹੈਸੀ, ਏਸ ਨੇ ਪ੍ਰਸਾਦੁ ਆਨਕੇ ਅੱਗੇ ਰਖਿਆ, ਤਾਂ ਰਿਖਿ ਦਾ ਧਿਆਨੁ ਵੇਸਵਾ ਵੱਲ ਆਇਆ, ਤੇ ਵੇਸਵਾ ਦਾ ਧਿਆਨ ਰਿਖਿ ਵਲ ਆਇਆ। ਦੋਨਾਂ ਦਾ ਸਰੀਰੁ ਅੰਤੁ ਹੋਇਆ। ਤਾਂ ਇਸ ਨੇ ਮੇਰੇ ਘਰਿ ਜਨਮੁ ਲੀਤਾ। ਸਾਧ ਸੰਗਤਿ ਕੀਤੀ, ਗਿਆਨ ਨੂੰ ਪ੍ਰਾਪਤਿ ਹੋਇਆ। ਇਹ ਲੜਕੀ ਭੀ ਏਥੇ ਸਿਖਾਂ ਦੀ ਸੇਵਾ ਕਰੇਗੀ, ਸ਼ਬਦੁ ਸੁਣੇਗੀ, ਮੁਕਤ ਨੂੰ ਪ੍ਰਾਪਤ ਹੋਵੈਗੀ। ਤਾਂ ਉਸ ਕਹਿਆ ਜੇ ਤੁਸਾਨੂੰ ਇਤਨੀ ਪਹੁੰਚ ਹੈਸੀ, ਤਾਂ ਗੁਰੂ ਥੀਂ ਪੁਤ ਦੀ ਆਰਜਾ ਵਧਾ ਲੈਂਦੇ। ਤਾਂ ਉਸ ਕਹਿਆ: ਗੁਰੂ ਥੀਂ ਝੂਠੇ ਪਦਾਰਥ ਕਿਆ ਮੰਗਣੇ ਹੈਨਿ; ਗੁਰੂ ਦੀ ਰਜ਼ਾ ਤੇ ਰਾਜ਼ੀ ਰਹਿਣਾ ਸਿੱਖਾਂ ਦਾ ਧਰਮੁ ਹੈ॥੧੧੧॥

## ਪਉੜੀ ਇਕਤੀਸਵੀਂ ਚਲੀ॥੩੧॥

### ਛਟਮ ਗੁਰੂ ਕੇ ਸਿੱਖ

**ਸੁਹੰਡੈ ਮਾਈਆ ਲੰਬ ਹੈ ਸਾਧ ਸੰਗਤਿ ਗਾਵੈ ਗੁਰਬਾਣੀ।**
**ਚੂਹੜ ਚਉਝੜੁ ਲਖਨਊ ਗੁਰਮੁਖਿ ਅਨਦਿਨੁ ਨਾਮ ਵਖਾਣੀ।**
**ਸਨਮੁਖ ਸਿੱਖੁ ਪਿਰਾਗ ਵਿਚ ਭਾਈ ਭਾਨਾ ਵਿਰਤੀ ਹਾਣੀ।**
**ਜਟੂ ਤਪਾ ਸੁ ਜੌਨਪੁਰਿ ਗੁਰਮਤਿ ਨਿਹਚਲ ਸੇਵ ਕਮਾਣੀ।**
**ਪਟਣੈ ਸਭਰਵਾਲ ਹੈ ਨਵਲੁ ਨਿਹਾਲਾ ਸੁਧ ਪਰਾਣੀ।**
**ਜੈਤਾ ਸੇਠ ਵਖਾਣੀਐ ਵਿਣੁ ਗੁਰ ਸੇਵਾ ਹੋਰ ਨ ਜਾਣੀ।**
**ਰਾਜ ਮਹਿਲ ਭਾਨੂ ਬਹਿਲੁ ਭਾਉ ਭਗਤਿ ਗੁਰਮਤਿ ਮਨਿ ਭਾਣੀ।**
**ਸਨਮੁਖੁ ਸੋਢੀ ਬਦਲੀ ਸੇਠਿ ਗੁਪਾਲੈ ਗੁਰਮਤਿ ਜਾਣੀ।**
**ਸੁੰਦਰ ਚੱਢਾ ਆਗਰੈ ਢਾਕੈ ਮੋਹਣਿ ਸੇਵ ਕਮਾਣੀ।**
**ਸਾਧ ਸੰਗਤਿ ਵਿਟਹੁੰ ਕੁਰਬਾਣੀ॥੩੧॥**

### ਸਾਖੀ ਹੋਰ ਚਲੀ {ਮਾਈਆ ਲੰਬ}

**ਮਾਈਆ** ਲੰਬੁ ਸੁਹੰਡੇ ਰਹਿੰਦਾ ਸੀ ਤੇ ਸਦੀਵ ਸਾਧ ਸੰਗਤਿ ਵਿਚ ਦੁਇ ਸਮੇਂ ਤੁਰ ਜਾਵੈ ਤੇ ਗੁਰਾਂ ਕੇ ਸ਼ਬਦਿ ਦਾ ਸਦਾ ਕੀਰਤਨੁ ਕਰੈ। ਤਾਂ ਇਕ ਦਿਨ ਓਸਨੇ ਛਿਵੀਂ ਪਾਤਿਸਾਹੀ ਪਾਸ ਅਰਦਾਸ ਕੀਤੀ: ਸਚੇ ਪਾਤਿਸਾਹ ਜੀ! ਇਕ ਗੁਰੂ ਕੇ ਦਰਬਾਰ ਵਿਚੋਂ ਸਾਧਸੰਗਤਿ ਵਿਚ ਆਪਣੀ ਕਾਮਨਾ ਦੇ ਨਮਿਤ ਗੁਰਬਾਣੀ ਗਾਂਵਦੇ ਹੈਨਿ ਜੋ ਏਥੋਂ ਪਦਾਰਥ ਲੈਕਰਿ ਆਪਣੇ ਅਹਾਰੁ ਵਿਵਹਾਰੁ ਕਰਾਂਗੇ। ਤੇ ਇਕੁ ਆਪਣੀ ਕਿਰਤਿ ਕਰਕੈ ਵੰਡ ਭੀ ਖਾਂਵਦੇ ਹੈਨਿ ਤੇ ਸਾਧ ਸੰਗਤਿ ਵਿਚ ਭੀ ਕੀਰਤਨੁ ਕਰਦੇ ਹੈਨਿ, ਗੁਰੂ ਕੀ ਪਰਸੰਨਤਾ ਵਾਸਤੇ। ਕਿਰਪਾ ਕਰਿਕੇ ਹੁਕਮੁ ਹੋਵੈ ਜੋ ਓਨ੍ਹਾਂ ਨੋ ਕਿਆ ਫਲੁ ਹੈ ਤੇ ਨਿਹਕਾਮੀਆਂ ਨੂੰ ਕੀ ਫਲੁ ਹੈ? ਤਾਂ ਬਚਨੁ ਹੋਇਆ ਜੋ ਸਹਕਰਮ ਹੋਕੈ ਕੀਰਤਨੁ ਕਰਤੇ ਹੈਨਿ ਤਾਂ ਸਰੀਰ ਨੂੰ ਤਿਆਗ ਕੈ ਪ੍ਰਿਥਮੈ ਗੰਧਰਬ ਲੋਕ ਜਾਤੇ ਹੈਨਿ, ਬਹੁੜ ਗੰਧਰਬਾਂ ਦੇ ਸਾਥ ਹੀ ਮੁਕਤ ਨੂੰ ਪ੍ਰਾਪਤਿ ਹੁੰਦੇ ਹੈਨਿ,

ਸੋ ਸੁਖਾਂ ਦੀ ਕਾਮਨਾਂ ਵਾਲੇ ਹੈਨਿ। ਤੇ ਜੋ ਨਿਰਚਾਹ ਹਨ ਤੇ ਗਿਆਨ ਦੁਆਰਾ ਸਭ ਸੁਖ ਝੂਠੇ ਜਾਣਦੇ ਹੈਨਿ ਤੇ ਨਿਸ਼ਕਾਮ ਕੀਰਤਨ ਕਰਦੇ ਹੈਨਿ ਤੇ ਨਿਰਜਾਚਿਆ ਪਦਾਰਥੁ ਲੈਂਦੇ ਹੈਨਿ, ਜੋ ਵਾਹਿਗੁਰੂ ਦਾ ਭੇਜਿਆ ਆਇਆ ਹੈ, ਤੇ ਓਸ ਵਿਚੋਂ ਭੀ ਵੰਡ ਖਾਂਦੇ ਹੈਨਿ। ਤੇ ਜੋ ਕੀਰਤਨੁ ਕਰਦੇ ਹੈਨਿ ਸੋ ਆਪਣੇ ਕਲਿਆਣ ਵਾਸਤੇ ਕਰਦੇ ਹੈਨਿ ਤੇ ਥੋਹੜੇ ਬਹੁਤੇ ਤੇ ਰਾਜੀ ਹੈਨਿ ਸੋ ਭੀ ਨਿਹਕਾਮ ਦੀ ਪਦਵੀ ਨੂੰ ਪ੍ਰਾਪਤਿ ਹੁੰਦੇ ਹੈਨਿ। ਤੇ ਜੇਹੜਾ ਕਾਮਨਾਂ ਥੀਂ, ਲੋਭ ਥੀਂ ਰਹਿਤ ਹੋ ਕੇ ਕਰਦੇ ਹੈਨਿ, ਓਹੁ ਭੀ ਗੰਧ੍ਰਬ ਲੋਕਾਂ ਦਾ ਸੁਖ ਭੋਗ ਕੇ ਫੇਰ ਮਾਨੁਖ ਜਨਮੁ ਪਾਂਵਦੇ ਹੈਨਿ। ਸੋ ਏਸੇ ਲੋਕ ਦੇ ਪਦਾਰਥਾਂ ਨੂੰ ਪ੍ਰਾਪਤਿ ਹੁੰਦੇ ਹੈਨਿ ਤਾਂ ਤੇ ਤੁਸੀਂ ਨਿਹਕਾਮ ਕੀਰਤਨੁ ਕਰਦੇ ਰਹੋ, ਪਰਮੇਸਰ ਨੂੰ ਪ੍ਰਾਪਤ ਹੋਵਹੁਗੇ॥੧੧੨॥

## ਸਾਖੀ ਹੋਰ ਚਲੀ {ਭਾਈ ਚੂਹੜ ਚਉਝੜ}

**ਭਾਈ** ਚੂਹੜ ਚਉਝੜ ਲਖਣਊ ਰਹਿੰਦਾ ਸੀ ਤੇ ਅੱਠੇ ਪਹਿਰ ਟੁਰਦਿਆਂ ਫਿਰਦਿਆਂ ਕੰਮ ਕਰਦਿਆਂ ਵਾਹਿਗੁਰੂ ਦਾ ਨਾਮੁ ਜਪਦਾ ਰਹੇ। ਛਿਵੀਂ ਪਾਤਿਸਾਹੀ ਪਾਸ ਪ੍ਰਸ਼ਨ ਕੀਤਾ: ਸਚੇ ਪਾਤਿਸਾਹਿ! ਸਿੱਖੀ ਦਾ ਮੂਲੁ ਕਿਆ ਹੈ? ਤਾਂ ਬਚਨੁ ਹੋਇਆ: ਮਨ ਨੀਵਾਂ। ਸਿਖੀ ਦੇ ਟਾਸ ਕਉਣ ਹੈਨਿ? ਤਾਂ ਬਚਨੁ ਹੋਇਆ: ਸੇਵਾ ਟਹਿਲ। ਸਿਖੀ ਪਤ੍ਰ ਕੌਣ ਹੈਨਿ? ਤਾਂ ਬਚਨੁ ਹੋਇਆ: ਸਾਧ ਸੰਗਤਿ। ਸਿਖੀ ਦਾ ਫਲੁ ਕੌਣ ਹੈ? ਤਾਂ ਬਚਨੁ ਹੋਇਆ: ਸ਼ਬਦ ਸਮਝਣਾਂ, ਇਹੁ ਸਿਖੀ ਦਾ ਫਲੁ ਹੈ; ਜਿਸ ਨੇ ਜਗਤ ਨੂੰ ਝੂਠਾ ਜਾਤਾ ਹੈ ਤੇ ਆਤਮਾ ਸਤਿ ਜਾਤਾ ਹੈ, ਸੋਈ ਸਿਖੁ ਹੈ॥੧੧੩॥

## ਸਾਖੀ ਹੋਰ ਚਲੀ {ਭਾਈ ਭਾਨਾ}

**ਭਾਈ** ਭਾਨਾ ਸਨਮੁਖਿ ਸਿਖੁ ਪਿਰਾਗ ਵਿਚ ਰਹਿੰਦਾ ਸੀ ਸੋ ਤਿਸ ਨੇ ਛਿਵੀਂ ਪਾਤਿਸਾਹੀ ਦੇ ਪਾਸ ਪ੍ਰਸ਼ਨ ਕੀਤਾ ਜੋ ਮੇਰਾ ਕਲਿਆਣੁ ਕਰੋ। ਤਾਂ ਬਚਨੁ ਹੋਇਆ: ਸਦਾ ਵਾਹਿਗੁਰੂ ਦਾ ਭਜਨ ਕਰਨਾ ਤੇ ਧਰਮ ਦੀ ਕ੍ਰਿਤ ਕਰਨੀ। ਤਾਂ ਓਸ ਕਹਿਆ: ਸਚੇ ਪਾਤਿਸਾਹਿ ਜੀ! ਕਈ ਕਹਿੰਦੇ ਹੈਨਿ ਜੋ ਬਾਰੰਬਰ ਕਿਸੇ ਨੂੰ ਬੁਲਾਂਵਦਾ ਹੈ ਸੋ ਤਾਂ ਉਸ ਪਰ ਖਿਝਦਾ ਹੈ। ਤੁਸੀਂ ਜੋ ਬਾਰੰਬਾਰ ਰਾਮ ਰਾਮ ਨਾਮ ਕਹਿੰਦੇ ਹੋ ਤਾਂ ਤੁਸਾਨੂੰ ਕਿਆ ਫਲੁ ਹੋਵੈਗਾ? ਤਾਂ

ਬਚਨੁ ਹੋਇਆ ਜੈਸੇ ਕੋਈ ਆਜਿਜ਼ ਹੋਵੈ ਤਾਂ ਵੈਰੀ ਉਸ ਨੂੰ ਦੁਖ ਦੇਂਦੇ ਹੈਨਿ, ਤਾਂ ਓਹੁ ਰਾਜੇ ਦਾ ਨਾਮੁ ਲੈ ਕਰਿ ਪੁਕਾਰ ਕਰਦਾ ਹੈ ਤਾਂ ਪ੍ਰਿਥਮੇ ਵੈਰੀ ਆਪ ਹੀ ਭੈ ਕਰਿ ਛੋਡ ਦੇਂਦੇ ਹੈਨਿ, ਨਹੀਂ ਤਾਂ ਹੋਰੁ ਰਾਜੇ ਦਾ ਕੋਈ ਨੌਕਰ ਸੁਣਦਾ ਹੈ ਤਾਂ ਗਰੀਬ ਨੂੰ ਛਡਾਇ ਲੈਂਦਾ ਹੈ, ਜਾਂ ਰਾਜੇ ਪਾਸ ਜਾਂਦੇ ਹੈਨਿ ਤਾਂ ਰਾਜਾ ਉਸ ਨੂੰ ਛਡਾਇ ਲੈਂਦਾ ਹੈ। ਤੈਸੇ ਜੋ ਪੁਰਖ ਕਾਮ ਕ੍ਰੋਧ ਆਦਿਕ ਵੈਰੀਆਂ ਥੀਂ ਭੈਮਾਨ ਹੋ ਕਰਿ ਮਹਾਰਾਜ ਦਾ ਨਾਮੁ ਉਚਾਰਨ ਕਰਦਾ ਹੈ, ਤਾਂ ਪਾਪ ਉਸ ਨੂੰ ਤਿਆਗ ਕਰ ਜਾਂਦੇ ਹੈਨਿ, ਨਹੀਂ ਤਾਂ ਸੰਤਾਂ ਨੂੰ ਮਿਲਦਾ ਹੈ ਓਹੁ ਓਨ੍ਹਾਂ ਨੂੰ ਨਿਹਚਾ ਦੇ ਕੇ ਪਾਪਾਂ ਥੀਂ ਰਹਿਤ ਕਰਦੇ ਹੈਨਿ ਤੇ ਨਾਮ ਦੇ ਨਿਸਚੇ ਕਰਿ ਮਹਾਰਾਜ ਆਪਣੇ ਭਗਤਾਂ ਦਾ ਨਿਸਤਾਰਾ ਕਰਦਾ ਹੈ। ਤੁਸੀਂ ਤਰਕੀਆਂ ਨਿੰਦਕਾਂ ਦੇ ਕਹੇ ਨਾਮ ਦਾ ਤਿਆਗੁ ਨਹੀਂ ਕਰਨਾ, ਜੋ ਫਲੁ ਬ੍ਰਿਛ ਦੇ ਵਿਚੋਂ ਰਸੁ ਸਦਾ ਲੈਂਦੇ ਹੈਨਿ ਸੋ ਪਰਪੱਕ ਹੋ ਕੇ ਸਭ ਮਿਠੇ ਹੁੰਦੇ ਹੈਨਿ ਤੇ ਅੰਧੀ ਕਰ ਫਲੁ ਗਿੜ ਜਾਤਾ ਹੈ ਸੋ ਰੰਦਾ ਹੋ ਜਾਤਾ ਹੈ। ਤੈਸੇ ਜੋ ਸਿਖ ਸਬਦ ਨੂੰ ਤੇ ਨਾਮ ਨੂੰ ਉਚਾਰਨ ਤੇ ਸ਼੍ਰਵਣ ਨਿਤ ਕਰਦੇ ਹੈਨਿ ਸੋ ਗਿਆਨ ਕਰ ਪਰਪੱਕ ਗਿਆਨੀ ਹੋ ਜਾਤੇ ਹੈਂ ਤੇ ਮਿਠੇ ਹੋ ਜਾਂਦੇ ਹੈਨਿ, ਤੇ ਜੋ ਨਿੰਦਕਾਂ ਦੇ ਵਚਨ ਸੁਣ ਕੈ ਸ਼ਬਦ ਤੇ ਨਾਮ ਨੂੰ ਛੋਡਤੇ ਹੈਨਿ ਸੋ ਜਨਮ ਮਰਨ ਨੂੰ ਪ੍ਰਾਪਤ ਹੁੰਦੇ ਹੈਨਿ॥੧੧੪॥

## ਸਾਖੀ ਹੋਰ ਚਲੀ {ਭਾਈ ਜਟਾ ਤਪਾ}

**ਭਾਈ** ਜਟਾ ਤਪਾ ਸਜੌਣਪੁਰ ਵਿਚ ਰਹਿੰਦਾ ਸੀ। ਗੁਰੂ ਹਰਿਗੋਬਿੰਦ ਜੀ ਦੀ ਸ਼ਰਨਿ ਆਇਆ, ਅਰਦਾਸ ਕੀਤੀ: ਮੇਰਾ ਕਲਿਆਣੁ ਕਰੋ। ਤਾਂ ਬਚਨੁ ਹੋਇਆ: ਤੁਸਾਂ ਸਾਂਤਕੀ ਤਪੁ ਕਰਨਾ ਤੇ ਰਾਮ ਨਾਮ ਦਾ ਉਚਾਰੁ ਕਰਨਾ। ਤਾਂ ਓਸ ਨੇ ਅਰਦਾਸ ਕੀਤੀ: ਸਚੇ ਪਾਤਿਸਾਹ ਜੀ ਕਈ ਕਹਿੰਦੇ ਹੈਨਿ ਗਿਆਨ ਬਿਨਾਂ ਗਤਿ ਨਹੀਂ। ਤਾਂ ਬਚਨੁ ਹੋਇਆ: ਇਸ ਵਾਹਿਗੁਰੂ ਦੇ ਨਾਮ ਕਰਿ ਚਾਰ ਦੁਆਰੇ ਵਾਹਿਗੁਰੂ ਜੀ ਕੇ ਪ੍ਰਾਪਤਿ ਹੁੰਦੇ ਹੈਨਿ, ਜੈਸੇ ਹਰਿ ਮੰਦਰਿ ਜੀ ਦੇ ਚਾਰ ਦੁਆਰੇ ਹੈਨਿ। ਜਿਸ ਦੁਆਰੇ ਓਹੁ ਅੰਦਰਿ ਪ੍ਰਵੇਸੁ ਕਰੇ ਸੋਈ ਇਸ ਨੂੰ ਵਿਸੇਖ ਹੈ। ਤੈਸੇ ਪ੍ਰਿਥਮੇ ਨਾਮ ਦੇ ਉਚਾਰਣ ਕਰ ਹੋਰੁ ਚਾਰੇ ਗੁਣ ਆਂਵਦੇ ਹੈਨਿ। ਪ੍ਰਿਥਮੈ ਤਾਂ ਪਾਪਾਂ ਦਾ ਤਿਆਗੁ ਕਰ ਦੇਂਦਾ ਹੈ। ਇਸ ਪ੍ਰਕਾਰ ਤਾਂ ਵੈਰਾਗ ਨੂੰ ਪ੍ਰਾਪਤਿ ਹੁੰਦਾ ਹੈ ਔਰ ਮਨ ਇਕਾਗਰ ਕਰਕੈ ਜਪਦਾ

ਹੈ ਤਾਂ ਜੋਗ ਦੇ ਫਲ ਨੂੰ ਪ੍ਰਾਪਤ ਹੁੰਦਾ ਹੈ। ਗੁਰਦੁਆਰੇ ਟੁਰਦੇ ਜਾਵਨਿ ਕਰਿ ਚਰਣ ਚਰਣ ਵਿਚ ਅਸਮੇਧ ਜਗ ਦਾ ਫਲੁ ਹੁੰਦਾ ਹੈ ਤੇ ਵਚਨਾਂ ਦੇ ਸੁਣਨ ਤੇ ਮਨੁ ਨੀਵਾਂ ਹੁੰਦਾ ਹੈ। ਏਹੁ ਉਪਾਸਨਾ ਪ੍ਰਾਪਤਿ ਹੁੰਦੀ ਹੈ ਤੇ ਪਿਛਲੀ ਰਾਤਿ ਦਾ ਜੋ ਜਾਗ੍ਰਣਿ ਕਰਦਾ ਹੈ ਏਹੁ ਸਾਂਤਕੀ ਤਪੁ ਪ੍ਰਾਪਤਿ ਹੁੰਦਾ ਹੈ। ਤੇ

ਨਾਮ ਦਾ ਜੋ ਗਿਆਨੁ ਸਮਝਦਾ ਹੈ ਕਹਿੰਦਾ ਹੈ ਏਹੁ ਜੋ ਆਪ ਨੂੰ ਮੈਂ ਦੇਹਿ ਮੰਨਿਆ ਸੀ ਸੋ ਮੈਂ ਦੇਹਿ ਤਾਂ ਨਹੀਂ, ਦੇਹਿ ਤਾਂ ਏਥੇ ਹੀ ਛੋਡਣੀ ਹੈ; ਮੈਂ ਗਿਆਨ ਰੂਪ ਹਾਂ, ਜੋ ਦੇਹ ਦੇ ਉਪਜਣ ਨੂੰ ਭੀ ਜਾਣਦਾ ਹਾਂ, ਸਾਥ ਹੀ ਇਸ ਦੇ ਬਿਨਸਣ ਨੂੰ ਭੀ ਜਾਣਦਾ ਹਾਂ। ਤਾਂ ਸਭ ਕਿਛੁ ਵਾਹਿਗੁਰੂ ਦੇ ਨਾਮ ਕਰਿ ਪ੍ਰਾਪਤਿ ਹੁੰਦਾ ਹੈ॥੧੧੫॥

## ਸਾਖੀ ਹੋਰ ਚਲੀ {ਭਾਈ ਨਵਲਾ, ਨਿਹਾਲਾ}

**ਭਾਈ** ਨਵਲਾ ਤੇ ਭਾਈ ਨਿਹਾਲਾ ਪਟਣੇ ਵਿਚ ਰਹਿੰਦੇ ਸਨਿ ਤੇ ਸਚੁ ਹੀ ਬੋਲਣਾ ਤੇ ਸਚੁ ਹੀ ਕਮਾਵਣਾ ਤੇ ਝੂਠ ਕਦੇ ਨਾ ਬੋਲਣਾ; ਤੇ ਜੋ ਸਿਖ ਗੁਰੂ ਕੇ ਭਜਨ ਵਾਲੇ ਹੋਵਨਿ ਓਨ੍ਹਾਂ ਦੀ ਸੇਵਾ ਕਰਨੀ। ਇਕ ਦਿਨ ਓਨ੍ਹਾਂ ਛਿਵੀਂ ਪਾਤਿਸਾਹੀ ਥੀਂ ਪੁਛਿਆ: ਜੀ ਓਹੁ ਕੀ ਕਰਮੁ ਹੈਨਿ ਜਿਨ੍ਹਾ ਕਰਿ ਫੇਰ ਹੋਰ ਕਰਨਾ ਕਛੁ ਨ ਰਹੇ? ਤਾਂ ਬਚਨੁ ਹੋਇਆ: ਨਾਮ ਦੀ ਉਪਾਸਨਾ। ਤਾਂ ਓਨ੍ਹਾਂ ਕਹਿਆ: ਕਈ ਇਕ ਕਹਿੰਦੇ ਹੈਂ ਜੋ ਉਪਾਸਨਾ ਤਾਂ ਦ੍ਵੈਤ ਵਿਚ ਹੁੰਦੀ ਹੈ; ਗਿਆਨੀ ਤਾਂ ਆਪ ਹੀ ਬ੍ਰਹਮ ਹੋ ਰਹੇ ਹੈਨਿ, ਓਹ ਕਿਸ ਦੀ ਭਗਤਿ ਕਰਨਿ? ਤਾਂ ਬਚਨੁ ਹੋਇਆ: ਮਹਾਰਾਜ ਦੇ ਚਾਰ ਪ੍ਰਕਾਰ ਦੇ ਭਗਤਿ ਹੈਨਿ: ਇਕ ਕਾਮੀ ਭਗਤਿ ਹੈਨ ਜੋ ਕਾਮਨਾ ਕਰਕੈ ਮਹਾਰਾਜ ਦਾ ਨਾਮੁ ਜਪਦੇ ਹੈਨਿ ਸੰਤਾਂ ਦੀ ਸੇਵਾ ਕਰਦੇ ਹੈਨਿ, ਓਨ੍ਹਾਂ ਦਾ ਕਾਰਜੁ ਭੀ ਵਾਹਿਗੁਰੂ ਕਰ ਦੇਂਦਾ ਹੈ, ਤੇ ਓਨ੍ਹਾਂ ਨੂੰ ਪ੍ਰੀਤ ਵਾਹਿਗੁਰੂ ਦੇ ਨਾਮ ਨਾਲ ਭੀ ਹੋਇ ਆਂਵਦੀ ਹੈ। ਇਕ ਆਰਤਿ ਭਗਤਿ ਹੈਨਿ, ਜੋ ਕਿਸੇ ਸਰੀਰ ਦੇ ਦੁਖ ਕਰਕੇ, ਵੈਰੀਆਂ ਦੇ ਭੈ ਕਰਿ ਮਹਾਰਾਜ ਦਾ ਨਾਮਿ ਉਚਾਰਨ ਕਰਦੇ ਹੈਨਿ। ਤਾਂ ਓਨ੍ਹਾਂ ਦਾ ਰੋਗੁ ਭੀ ਕਟੀਦਾ ਹੈ ਤੇ ਓਨ੍ਹਾਂ ਦੀ ਸ਼ਰਧਾ ਵਧ ਖੜੀ ਹੁੰਦੀ ਹੈ। ਤੇ ਇਕੁ ਉਪਾਸਨਾ ਵਾਲੇ ਭਗਤਿ ਹੈਨਿ; ਆਪ ਨੂੰ ਸਿਖੁ ਜਾਣਦੇ ਹੈਨਿ, ਵਾਹਿਗੁਰੂ ਨੂੰ ਸੁਆਮੀ ਕਰਤਾ ਜਾਣ ਕੇ ਮਹਾਰਾਜ ਦਾ ਨਾਮੁ ਜਪਦੇ ਹੈਨਿ, ਤਾਂ ਓਨ੍ਹਾਂ ਨੂੰ ਗਿਆਨੁ ਪ੍ਰਾਪਤਿ ਹੁੰਦਾ ਹੈ। ਇਕੁ ਗਿਆਨੀ ਭਗਤਿ ਹੈਨਿ ਜੋ ਸਰਬ ਮੈਂ ਇਕ ਵਾਹਿਗੁਰੂ

ਜਾਣਦੇ ਹੈਨਿ; ਜੈਸੇ ਅਕਾਸੁ ਸਰਬ ਘਟਾਂ ਮਟਾਂ ਵਿਚ ਵਿਰਾਜਿਆ ਹੋਇਆ ਹੈ, ਐਸੇ ਜਾਣ ਕੇ ਬਹੁੜੋ ਵਾਹਿਗੁਰੂ ਜੀ ਦੇ ਨਾਮ ਨੂੰ ਜਪਦੇ ਹੈਨਿ ਤਾਂ ਓਨ੍ਹਾਂ ਦਾ ਗਿਆਨ ਦ੍ਰਿੜ ਹੁੰਦਾ ਹੈ। ਚੌਥੀ ਭੂਮਕਾ ਗਿਆਨ ਨੂੰ ਪ੍ਰਾਪਤਿ ਕਰਦੀ ਹੈ। ਸੋ ਭਗਤਿ ਹੈਨਿ ਜੋ ਨਾਮੁ ਜਪਣਾ ਤੇ ਸੰਤਾਂ ਦੀ ਸੇਵਾ ਕਰਨੀ ਤੇ ਮਨੁ ਨੀਵਾਂ ਰਖਣਾ। ਤੁਸਾਡਾ ਏਸੇ ਕਰਿ ਕਲਿਆਣ ਹੋਵੈਗਾ॥੧੧੬॥

## ਸਾਖੀ ਹੋਰ ਚਲੀ {ਭਾਈ ਜੈਤਾ ਸੇਠ}

**ਭਾਈ** ਜੈਤਾ ਸੇਠ ਗੁਰੂ ਕੇ ਦੁਆਰੇ ਰਹੇ ਤੇ ਗੁਰਾਂ ਦੀ ਸੇਵਾ ਕਰੇ ਤੇ ਸਿਖਾਂ ਸੰਤਾਂ ਦੀ ਸੇਵਾ ਕਰੇ ਤਾਂ ਓਸ ਛਿਵੀਂ ਪਾਤਿਸਾਹੀ ਥੀਂ ਪੁਛਿਆ: ਜੋ ਸਚੇ ਪਾਤਿਸਾਹਿ ਜੀ! ਕਹਿੰਦੇ ਹੈਨਿ ਜੋ ਗਿਆਨੁ ਜਿਸਨੂੰ ਹੋਵੈ ਤਾਂ ਭਗਤਿ ਕਿਆ ਹੈ, ਗਿਆਨ ਹੀ ਇਸਦਾ ਉਧਾਰੁ ਕਰਦਾ ਹੈ ? ਤਾਂ ਬਚਨੁ ਹੋਇਆ: ਗਿਆਨੁ ਭਗਤਿ ਥੀਂ ਬਿਨਾਂ ਸੋਭਾ ਨਹੀਂ ਪਾਂਵਦਾ, ਪਿੰਗੁਲਾ ਹੈ। ਜੈਸੇ ਘ੍ਰਿਤ ਬਾਸਨ ਨੂੰ ਭੀ, ਸਰੀਰ ਨੂੰ ਭੀ ਸਨਿਗਧ ਕਰਦਾ ਹੈ, ਪਰੁ ਜੇ ਨਿਰਾ ਘਿਉ ਪੀਚੇ ਤਾਂ ਪ੍ਰਿਥਮੇ ਤਾਂ ਮੂੰਹ ਫਿਕਾ ਹੁੰਦਾ ਹੈ ਤੇ ਬਹੁੜੋ ਜੇ ਸਰੀਰ ਵਿਚ ਪੇਤੀ ਹੁੰਦੀ ਹੈ ਤਾਂ ਬਹੁਤ ਪੀਵਣ ਕਰ ਉਦਰੁ ਖੁਲ੍ਹ ਜਾਤਾ ਹੈ; ਜੁਲਾਬੁ ਲਗਦਾ ਹੈ। ਤੇ ਜੇ ਕਫ ਹੁੰਦੀ ਹੈ ਤਾਂ ਖਾਂਸੀ ਤੇ ਛਾਤੀ ਪਰ ਬੋਝ ਉਤਪਤਿ ਕਰਦਾ ਹੈ। ਇਹ ਚਾਰ ਔਗੁਣ ਹੁੰਦੇ ਹੈਨਿ ਤੇ ਜੇ ਮਿਸਰੀ ਨਾਲਿ ਮਿਲਾਇਕੇ ਖਾਈਦਾ ਹੈ ਤਾਂ ਮੂੰਹ ਭੀ ਮਿੱਠਾ ਹੁੰਦਾ ਹੈ ਤੇ ਖਾਂਸੀ ਭੀ ਨਹੀਂ ਹੁੰਦੀ ਤੇ ਪੇਟੁ ਭੀ ਨਹੀਂ ਚਲਦਾ ਤੇ ਛਾਤੀ ਤੇ ਬੋਝ ਭੀ ਨਹੀਂ ਹੁੰਦਾ। ਤੈਸੇ ਰੂਖਾ ਗਿਆਨੀ ਕਹਿੰਦਾ ਹੈ ਮੈਂ ਹੀ ਬ੍ਰਹਮ ਹਾਂ; ਤਾਂ ਬਚਨੁ ਸ਼ੋਭਾ ਨਹੀਂ ਪਾਂਵਦਾ ਤੇ ਦੂਸਰਾ ਜਾਣਦਾ ਹੈ ਜੋ ਨਰਕ ਸੁਰਗ ਝੂਠ ਹੈ। ਜੇ ਵਿਖਈ ਹੁੰਦਾ ਹੈ ਤਾਂ ਵਿਖਿਆਂ ਵਿਚ ਨਿਰਭੈ ਹੋਕੇ ਵਰਤਦਾ ਹੈ, ਪਾਪੁ ਕਰਨ ਲਗਦਾ ਹੈ; ਏਹੁ ਉਦਰ ਦਾ ਖੁਲਿ ਜਾਵਣਾ ਹੈ। ਤੇ ਜੇ ਕੱਚਾ ਗਿਆਨੁ ਹੁੰਦਾ ਹੈ ਤਾਂ ਹੋਰਨਾਂ ਸਭਨਾਂ ਕਰਮਾਂ ਨੂੰ ਹਉਮੈਂ ਰੂਪੀ ਖਾਂਸੀ ਕਰਿ ਢਾਹਿ ਦੇਂਦਾ ਹੈ। ਤੇ ਛਾਤੀ ਦਾ ਬੋਝ ਇਹੁ ਹੈ ਜੋ ਆਪਣੇ ਸਮਾਨ ਕਿਸੇ ਨੂੰ ਨਹੀ ਜਾਣਦਾ, ਪਰ ਜੇ ਭਗਤਿ ਰੂਪੀ ਮਿਸਰੀ ਨਾਲ ਮਿਲਿਆ ਹੋਵੈ ਤਾਂ ਸਭੇ ਵਿਘਨ ਨਾਸ਼ ਕਰਦਾ ਹੈ ਤੇ ਨਿਤਾਪ੍ਰਤਿ ਵਧਦਾ ਜਾਤਾ ਹੈ। ਵਾਹਿਗੁਰੂ ਨੂੰ ਜਾਇ ਪ੍ਰਾਪਤਿ ਹੁੰਦਾ ਹੈ॥੧੧੭॥

 www.sikhbookclub.com

## ਸਾਖੀ ਹੋਰ ਚਲੀ {ਭਾਈ ਭਾਨੂੰ ਬਹਿਲ}

**ਭਾਈ** ਭਾਨੂੰ ਬਹਿਲੁ ਰਾਜ ਮਹਿਲ ਵਿਚ ਰਹਿੰਦਾ ਸੀ ਤੇ ਸਿੱਖਾਂ ਦੀ ਭਾਉ ਭਗਤਿ ਕਰੈ ਤੇ ਵਾਹਿਗੁਰੂ ਦਾ ਨਾਮ ਉਚਾਰਣ ਕਰੈ। ਤਾਂ ਸਾਹਿਬ ਛਿਵੇਂ ਪਾਤਿਸਾਹਿ ਪਾਸ ਓਸ ਪ੍ਰਸ਼ਨ ਕੀਤਾ: ਸਚੇ ਪਾਤਿਸਾਹਿ! ਕਿਸੇ ਸ਼ਾਸਤ੍ਰ ਦਾ ਮਤੁ ਹੈ ਜੋ ਤਪ ਤੇ ਤੀਰਥ ਵਿਸ਼ੇਖ ਹੈਨਿ, ਕਿਸੇ ਦਾ ਮਤੁ ਹੈ ਬਰਤ ਤੇ ਨੇਮ ਵਿਸ਼ੇਖ ਹੈਨਿ। ਕਿਸੇ ਨੇ ਗਿਆਨੁ ਧਿਆਨੁ ਵਿਸੇਖ ਕਹਿਆ ਹੈ ਤੇ ਸਾਹਿਬ ਦੇ ਬਚਨਾਂ ਵਿਚ ਨਾਮ ਦੇ ਸਮਾਨ ਹੋਰ ਵਸਤੁ ਕਾਈ ਨਹੀਂ, ਤਾਂਤੇ ਐਸਾ ਕੋਈ ਪ੍ਰਮਾਣ ਹੋਵੈ ਜੋ ਸਭਣਾਂ ਨੂੰ ਪ੍ਰਤੀਤ ਆਵੈ। ਤਾਂ ਬਚਨੁ ਹੋਇਆ: ਇਕ ਸਮੇਂ ਮਹਾਰਾਜ ਸਭ ਜੀਅ ਜੰਤ ਉਤਪਤਿ ਕੀਤੇ ਤੇ ਸਭ ਪਦਾਰਥ ਭੀ ਉਤਪਤਿ ਕੀਤੇ। ਬਚਨੁ ਕੀਤਾ: ਜੋ ਕਿਸੈ ਨੂੰ ਲੋਚਾ ਹੋਵੈ ਸੋ ਤੁਸੀਂ ਲੇਹੋ। ਤਾਂ ਵਿਖਈਆਂ ਨੇ ਰਾਜ ਭੋਗ ਧਨੁ ਲੀਤਾ, ਅਰ ਗਿਆਨੀਆਂ ਨੇ ਗਿਆਨੁ ਲੀਤਾ, ਧਿਆਨੀਆਂ ਨੇ ਧਿਆਨੁ ਲੀਤਾ ਅਰੁ ਯੁਗੀਸਰਾਂ ਨੇ ਸਮਾਧਿ ਲੀਤੀ, ਅਰ ਤਪਸੀਆਂ ਨੇ ਤਪ ਲੀਤਾ, ਅਰ ਤੀਰਥ ਬਾਸੀਆਂ ਨੇ ਤੀਰਥ ਲੀਤੇ ਅਰ ਪੰਡਤਾਂ ਨੇ ਨਿਤ ਨਮਿਤ ਕਰਮ ਲੀਤੇ। ਮਹਾਰਾਜ ਨੇ ਆਪਣਾ ਨਾਮ ਰੂਪੀ ਚਿੰਤਾਮਣਿ ਪੁਰਾਣੇ ਬਸਤ੍ਰ ਨਿੰਮ੍ਰਤਾ ਮੇਂ ਲਪੇਟ ਰਖਿਆ ਸੀ, ਤਾਂ ਮਹਾਰਾਜ ਦੇ ਭਗਤਾਂ ਜੋ ਚਰਨਾਂ ਦਾ ਧਿਆਨ ਕੀਤਾ, ਤਾਂ ਮਹਾਰਾਜ ਦਾ ਨਾਮੁ ਲੀਤਾ। ਤਾਂ ਨਾਮੁ ਬੋਲਿਆ: ਜੇ ਕਹੋ ਤਾਂ ਤੁਸਾਨੂੰ ਸਭ ਪਦਾਰਥ ਪ੍ਰਾਪਤਿ ਕਰਾ ਦੇਵਾਂ। ਤਾਂ ਓਨ੍ਹਾਂ ਕਹਿਆ: ਅਸਾਡਾ ਮਹਾਰਾਜ ਹੋਵੈ, ਤਾਂ ਨਾਮ ਨੇ ਕਹਿਆ: ਜੋ ਗਰੀਬੀ ਰਖਣੀ, ਮਹਾਰਾਜ ਦੇ ਸਰੂਪ ਨੂੰ ਪ੍ਰਾਪਤਿ ਹੋਵੋਗੇ॥੧੧੮॥

## ਸਾਖੀ ਹੋਰ ਚਲੀ {ਬਦਲੀ ਸੋਢੀ, ਸੇਠ ਗੁਪਾਲ}

**ਭਾਈ** ਬਦਲੀ ਸੋਢੀ ਤੇ ਸੇਠ ਗੁਪਾਲ ਗੁਰੂ ਕੇ ਹਜ਼ੂਰ ਛਿਵੀਂ ਪਾਤਿਸਾਹੀ ਦੇ ਸਦਾ ਸੇਵਾ ਕਰਦੇ ਸਨ। ਓਨ੍ਹਾਂ ਨੇ ਪ੍ਰਸ਼ਨੁ ਕੀਤਾ: ਅਸੀਂ ਕੌਨਸਾ ਧਰਮੁ ਅੰਗੀਕਾਰ ਕਰੀਏ? ਬਚਨੁ ਹੋਇਆ: ਸਭਨਾਂ ਦੇ ਅੱਗੇ ਨਿਵ ਚਲਣਾ। ਜਿਤਨਾ ਫੁਹਾਰੇ ਦਾ ਜਲੁ ਨੀਵਾਣ ਨੂੰ ਜਾਂਦਾ ਹੈ, ਤਿਤਨਾ ਹੀ ਉੱਚਾ ਚੜ੍ਹਦਾ ਹੈ। ਪ੍ਰਿਥਮੀ ਜੋ ਸਭ ਥੀਂ ਨੀਵੀਂ ਹੈ ਸੋ ਸਭਨਾ ਦੇ ਉਪਰਿ ਆਂਵਦੀ ਹੈ; ਨਿੱਕੀ ਅੰਗੁਲੀ ਜੋ ਆਪਨੂੰ ਛੋਟਾ ਕਹਾਇਆ ਹੈ, ਤਾਂ ਛੱਲਾ ਛਾਪ ਇਸ ਵਿਚ ਪਾਈਦਾ ਹੈ। ਬਾਵਨ ਚੰਦਨ ਜੋ ਨੀਵਾਂ ਹੈ ਸੋ ਸਭਨਾਂ ਬਿਰਛਾਂ ਨੂੰ ਸੁਗੰਧਿ

ਪ੍ਰਾਪਤਿ ਕਰਦਾ ਹੈ; ਤਾਂ ਤੁਸਾਂ ਨੀਵਾਂ ਹੋ ਰਹਿਣਾ। ਜੋ ਗੁਰੂ ਕੇ ਸਿਖਾਂ ਨੂੰ ਜੀਤਿਆਂ ਚਾਂਹਦਾ ਹੈ, ਸੋ ਹਾਰ ਜਾਂਦਾ ਹੈ ਤੇ ਜੋ ਏਨ੍ਹਾਂ ਦੇ ਅਗੇ ਹਾਰ ਜਾਂਦਾ ਹੈ ਸੋ ਜੀਤਦਾ ਹੈ, ਜੈਸੇ ਫਿਰੰਗ ਦੀਆਂ ਪੌੜੀਆਂ ਹੁੰਦੀਆਂ ਹੈਨਿ। ਜੋ ਜਾਣਦਾ ਹੈ ਊਚਾ ਚੜ੍ਹਿਆ ਜਾਂਦਾ ਹਾਂ, ਸੋ ਨੀਚੇ ਉਤਰਦਾ ਆਂਵਦਾ ਹੈ, ਜੋ ਜਾਣਦਾ ਹੈ ਮੈਂ ਨੀਵਾਂ ਚਲਿਆ ਜਾਂਦਾ ਹਾਂ, ਸੋ ਉਚਾ ਚਲਿਆ ਆਂਵਦਾ ਹੈ। ਜੋ ਜੀਤੇ ਤਿਸੁ ਹਾਰ ਹੈ ਜੋ ਹਾਰੇ ਤਿਸੁ ਜੀਤ ਹੈ ਤੇ ਸਾਧ ਸੰਗਤਿ ਵਿਚ ਨੀਵਾਂ ਹੋ ਚਲਣਾ "ਹਾਰ ਚਲੇ ਗੁਰਮੁਖਿ ਜਗੁ ਜੀਤਾ" ॥੧੧੯॥

## ਸਾਖੀ ਹੋਰ ਚਲੀ {ਭਾਈ ਸੁੰਦਰ ਚੱਢਾ}

**ਭਾਈ** ਸੁੰਦਰ ਚੱਢਾ ਆਗਰੇ ਹੁੰਦਾ ਸੀ ਤੇ ਸਭਨਾਂ ਧਰਮਸਾਲਾਂ ਵਿਚ ਭਜਨੁ ਕਰਨ ਵਾਲਿਆਂ ਸਿਖਾਂ ਦੀ ਸੇਵ, ਹਜ਼ੂਰ ਭੀ ਤੇ ਹੋਰ ਥੇ ਭੀ ਸਭਨਾਂ ਸਿਖਾਂ ਦੀ ਸੇਵਾ ਟਹਿਲ ਕਰੇ। ਇਕ ਸਮੇਂ ਸਾਹਿਬ ਛਿਵੀਂ ਪਾਤਿਸਾਹੀ ਥੀਂ ਭਾਈ ਸੁੰਦਰ ਪੁੱਛਿਆ ਜੋ ਸਤਿਗੁਰ ਕਿਸ ਤਰ੍ਹਾਂ ਸਿਖਾਂ ਦਾ ਉਧਾਰੁ ਕਰਦੇ ਹੈਨਿ? ਤਾਂ ਬਚਨ ਹੋਇਆ: ਚਾਰ ਪ੍ਰਕਾਰ ਦੇ ਸਤਿਗੁਰ ਹੈਨਿ ਪਰੁ ਗੁਰੂ ਨਾਨਕ ਚੌਹਾਂ ਨੂੰ ਸ਼ੋਭਾ ਦੇਵਣ ਵਾਲੇ ਹੈਨਿ। ਇਕ ਭ੍ਰਿੰਗੀ ਦੇ ਸਮਾਨ ਗੁਰੂ ਹੈਨਿ, ਜੋ ਭ੍ਰਿੰਗੀ ਨਿਕੀ ਕੀੜੀ ਨੂੰ ਲਿਆਇਕੇ ਆਪਣੇ ਅਸਥਾਨ ਵਿਚ ਰਖਕੇ ਤੇ ਦੁਆਰੇ ਤੇ ਆਪ ਬੈਠਦੀ ਹੈ, ਓਸ ਦੇ ਧਿਆਨ ਕਰਿ ਕੀੜੀ ਭ੍ਰਿੰਗੀ ਹੋ ਜਾਤੀ ਹੈ, ਪਰੁ ਇਕੁ ਜਾਤ ਦੀ ਕੀੜੀ ਨੂੰ ਭ੍ਰਿੰਗੀ ਕਰਤੀ ਹੈ, ਸਭ ਕੀੜੀਆਂ ਨੂੰ ਨਹੀਂ ਕਰ ਸਕਦੀ। ਇਕ ਪਾਰਸ ਦੇ ਸਮਾਨ ਗੁਰੂ ਹੈਨਿ, ਜੋ ਧਾਤੁ ਨੂੰ ਪਰਸੁ ਕਰਨਿ ਤੇ ਸੁਵਰਨਿ ਕਰ ਦੇਤੇ ਹੈਨਿ, ਪਰੁ ਪਾਰਸ ਕਿਸੇ ਨੂੰ ਪਾਰਸ ਨਹੀਂ ਕਰ ਸਕਦਾ। ਤੇ ਇਕੁ ਬਾਵਨ ਗੁਰੂ ਹੈਨਿ, ਜੋ ਸਭ ਬਿਰਛਾਂ ਨੂੰ ਚੰਦਨ ਕਰਦੇ ਹੈਨਿ, ਪਰੁ ਰੁਤ ਬਿਨਾਂ ਨਹੀਂ ਕਰਦੇ। ਤੇ ਇਕ ਦੀਪਕ ਗੁਰੂ ਹੈਨਿ, ਸਭ ਦੀਪਕ ਆਪ ਸਮਾਨ ਕਰ ਲੈਤੇ ਹੈਨਿ ਪਰੁ ਬੱਟੀ ਤੇਲ ਚਾਹੀਦੀ ਹੈ। ਗੁਰੂ ਨਾਨਕ ਜੀ ਐਸੇ ਸਤਿਗੁਰੂ ਹੈਨਿ: ਕੋਈ ਸਿਖ ਹੋਵੈ ਜੋ ਸਰਧਾ ਕਰਿ ਨਿਤਾਪ੍ਰਤ ਸ਼ਬਦ ਸੁਣੈ ਓਸ ਦਾ ਕਲਿਆਣੁ ਹੁੰਦਾ ਹੈ ਤੇ ਗਿਆਨ ਪ੍ਰਾਪਤ ਹੋਇਕੈ ਆਪ ਭੀ ਨਿਰੰਕਾਰ ਰੂਪ ਹੁੰਦਾ ਹੈ ਤੇ ਹੋਰਨਾਂ ਨੂੰ ਭੀ ਗਿਆਨੁ ਪ੍ਰਾਪਤਿ ਕਰਦਾ ਹੈ ਤੇ ਹੋਰੁ ਕੋਈ ਸਾਧਨਾ ਨਹੀਂ ਚਾਹੀਦੀ। ਇਕੁ ਸਾਧ ਸੰਗਤਿ ਦਾ ਮੇਲੁ ਹੀ ਕਲਿਆਣ ਕਰਦਾ ਹੈ।੧੨੦॥


www.sikhbookclub.com

## ਸਾਖੀ ਹੋਰ ਚਲੀ {ਭਾਈ ਮੋਹਣ}

**ਭਾਈ** ਮੋਹਣ ਢਾਕੇ ਹੁੰਦਾ ਸੀ ਤੇ ਸਾਹਿਬ ਛਿਵੀਂ ਪਾਤਿਸਾਹੀ ਦੇ ਪਾਸ ਆਇਆ; ਦਰਸਨੁ ਕੀਤਾ, ਅਰਦਾਸ ਕੀਤੀ: ਸਚੇ ਪਾਤਿਸਾਹ ਜੀ! ਤੁਸਾਡਾ ਔਤਾਰੁ ਅਸਾਂ ਜੀਆਂ ਦੇ ਉਧਾਰੁ ਵਾਸਤੇ ਹੋਇਆ ਹੈ, ਅਸਾਡਾ ਜਨਮੁ ਮਰਨੁ ਕੱਟੀਐ। ਤਾਂ ਬਚਨੁ ਹੋਇਆ: ਭਾਈ ਮੋਹਣ! ਤੁਸੀਂ ਆਪਣੇ ਸੂੰਹੇ ਹੋ ਕਿ ਨਹੀਂ? ਗ਼ਰੀਬ ਨਿਵਾਜ! ਆਪਣਾ ਸੂੰਹਾ ਤਾਂ ਸਭ ਕੋਈ ਹੈ। ਤਾਂ ਬਚਨੁ ਹੋਇਆ, ਤੁਸਾਂ ਆਪ ਨੂੰ ਕੀਹ ਪਛਾਤਾ ਹੈ? ਸਚੇ ਪਾਤਸ਼ਾਹ ਜੀ! ਤੇਰੇ ਸਿਖ ਹਾਂ। ਤਾਂ ਬਚਨੁ ਹੋਇਆ: ਏਹੁ ਸਰੀਰੁ ਤੁਸਾਡਾ ਜੀ ਪੰਜਾਂ ਤੱਤਾਂ ਦਾ ਹੈ ਤੇ ਗੁਰਾਂ ਦਾ ਸਰੀਰੁ ਭੀ ਪੰਜਾਂ ਤੱਤਾਂ ਦਾ ਹੈ, ਤਾਂ ਸਰੀਰੁ ਤਾਂ ਗੁਰੂ ਤੇ ਸਿਖ ਨਹੀਂ ਬਣਦਾ ਤੇ ਪਰਮਾਤਮਾਂ ਨਾ ਜਨਮਿਆ ਹੈ ਨਾਂ ਮੁਇਆ ਹੈ, ਤਾਂ ਤੇ ਮਨ ਦਾ ਭੇਦ ਹੈ। ਸੁਧੁ ਮਨੁ ਗੁਰਾਂ ਦਾ ਹੈ, ਅਸੁਧ ਮਨੁ ਸਿਖ ਦਾ ਹੈ। ਤਾਂ ਗੁਰਾਂ ਦਾ ਮਨੁ ਸਬਦ ਹੈ ਤੇ ਸਬਦ ਦੁਆਰਾ ਸਿਖ ਦਾ ਮਨੁ ਉਜਲ ਕਰਦਾ ਹੈ ਤਾਂ ਸਿਖ ਨੂੰ ਆਪਣੇ ਸਰੂਪ ਦੀ ਸੋਝੀ ਪੌਂਦੀ ਹੈ। ਤਾਂ ਤੇ ਲੱਖ ਜੀਵ ਦਾ ਤੇ ਈਸਰ ਦਾ ਸਤਿ ਚਿਤ ਆਨੰਦ ਰੂਪ ਹੈ ਪਰ ਵਾਚ ਭਿੰਨ ਹੈ। ਜੀਵ ਦਾ ਵਾਚ ਅਲਪਗੁ ਹੈ ਤੇ ਈਸ਼੍ਵਰ ਦਾ ਵਾਚ ਸਰਬਗੁ ਹੈ। ਜੈਸੇ ਸੁਧ ਤਾਲ ਵਿਖੇ ਸੂਰਜ ਦਾ ਪ੍ਰਤਿਬਿੰਬ ਉੱਜਲ ਭਾਸਤਾ ਹੈ ਤੇ ਮੈਲੇ ਜਲ ਵਿਖੇ ਮੈਲਾ ਭਾਸਦਾ ਹੈ ਤੈਸੇ ਮਾਇਆ ਵਿਖੇ ਜੋ ਬ੍ਰਹਮ ਦਾ ਪ੍ਰਤਿਬਿੰਬ ਹੈ ਸੋਈ ਈਸ਼੍ਵਰ ਹੈ ਤੇ ਅਵਿਦਿਆ ਵਿਖੇ ਜੋ ਪ੍ਰਤਿਬਿੰਬ ਆਇਆ ਹੈ ਸੋਈ ਜੀਵ ਹੈ। ਖਟ ਗੁਣ ਕਰਕੇ ਮਾਇਆ ਕਹੀਤੀ ਹੈ, ਖਟ ਵਿਕਾਰ ਕਰਕੈ ਅਵਿਦ੍ਯਾ ਕਹੀਤੀ ਹੈ। ਸਿਖਾਂ ਨੇ ਪ੍ਰਸ਼ਨ ਕੀਤਾ ਜੋ ਖਟ ਗੁਣ ਕੌਣ ਹੈਨਿ? ਬਚਨੁ ਹੋਇਆ: ਧਰਮੁ ਅਰੁ ਜਸੁ, ਗਿਆਨ ਅਰੁ ਵੈਰਾਗ, ਸ੍ਰਿਆ ਅਰੁ ਸਮਤਾ ਏਹ ਖਟ ਗੁਣ ਹੈਨਿ। ਖੁਧਿਆ ਅਰੁ ਪਿਆਸਾ, ਹਰਖੁ ਅਰੁ ਸੋਗ, ਜਨਮ ਅਰੁ ਮ੍ਰਿਤ ਏਹੁ ਖਟ ਵਿਕਾਰ ਹੈਨਿ। ਅਰੁ ਬ੍ਰਹਮੁ ਸਰਬ ਤੇ ਨਿਰਲੇਪੁ ਹੈ, ਐਸੇ ਨਿਰਲੇਪ ਜਾਣਕੈ ਮੁਕਤ ਹੈ। ਤਾਂ ਸਿਖ ਪ੍ਰਸ਼ਨੁ ਕੀਤਾ: ਤੁਸਾਂ ਤਾਂ ਪਿੱਛੇ ਕਹਿਆ ਹੈ ਏਹੋ ਨਾਮੁ ਹੀ ਸਭ ਤੇ ਸ੍ਰੇਸ਼ਟ ਹੈ, ਮੁਕਤ ਰੂਪ ਹੈ, ਅਬ ਬਚਨੁ ਹੋਇਆ:- ਜੋ ਗਿਆਨ ਕਰਿਕੈ ਗਤਿ ਮੁਕਤਿ ਹੈ। ਬਚਨੁ ਹੋਇਆ: ਜੈਸੇ ਭੁਜਾ ਦੇ ਬਲਿ ਕਰਿਕੈ ਭੀ ਨਦੀ ਥੀਂ ਪਾਰ ਉਤਰਦੇ ਹੈਨਿ ਅਰੁ ਜਹਾਜਾਂ ਕਰਕੇ ਭੀ ਪਾਰ ਉਤਰਦੇ ਹੈਨਿ, ਪਰ ਭੁਜਾ ਦੇ ਬਲਿ ਕਰ ਕੋਈ ਸਮਰਥੁ ਪਾਰ ਉਤਰਦਾ ਹੈ ਪਰੁ ਜਹਾਜ਼ਾਂ ਕਰ ਸਭ ਕੋਈ ਸੁਖ ਨਾਲਿ ਪਾਰ

ਉਤਰਦਾ ਹੈ। ਅਰੁ ਭੁੰਨਾ ਦਾਣਾ ਭੀ ਫੇਰ ਨਹੀਂ ਉਗਵਦਾ, ਪਰ ਜੇ ਉਸ ਦੇ ਉਪਰਿ ਖੰਡ ਦਾ ਗਲੇਫ ਕਰੀਏ ਤਾਂ ਭੀ ਨਹੀਂ ਉਗਵਤਾ ਅਰ ਭੋਗਣ ਕਰਿ ਭੀ ਰਸੀਲਾ ਹੋਤਾ ਹੈ, ਤੈਸੇ ਗਿਆਨ ਭੀ ਮੁਕਤਿ ਕਰਦਾ ਹੈ ਪਰ ਭਗਤਿ ਨਾਲਿ ਮਿਲੀ ਹੋਵੇ ਤਾਂ ਸਭ ਨੂੰ ਰਸੀਲੀ॥੧੨੧॥

## ਟੀਕਾ ਵਾਰ ਯਾਰ੍ਹਵੀਂ ਦੀ ਪੂਰੀ ਹੋਈ।

**ਗੁਰੂ** ਕੇ ਸਿਖਾਂ ਦਾ ਅਨੇਕਾਂ ਦਾ ਕਲਿਆਣ ਹੋਇਆ ਹੈ, ਓਨ੍ਹਾਂ ਦੇ ਨਾਮ ਅਸਾਡੀ ਗਿਣਤੀ ਵਿਚ ਨਹੀਂ ਆਂਵਦੇ, ਪਰ ਜੇਹੜੇ ਸਿਖ ਭਾਈ ਗੁਰਦਾਸ ਗਿਣੇ ਹੈਨਿ ਤਿਨ੍ਹਾਂ ਦੀ ਟੀਕਾ ਜੋ ਅਸਾਡੀ ਬੁਧਿ ਦੇ ਅਨੁਸਾਰ ਹੋ ਸਕਦੀ ਹੈਸੀ ਸੋ ਹੋਈ ਹੈ।

-ਇਤਿ-


www.sikhbookclub.com

# ਸਿਖ ਨਾਮਾਵਲੀ ਸਿਖਾਂ ਦੇ ਨਾਮਾਂ ਦਾ ਤਤਕਰਾ

## ਅੱਖਰ ਕ੍ਰਮ ਅਨੁਸਾਰ


ਉਗਰ ਸੈਣ, ਡੱਲੇ ਵਾਲਾ.......... 54
ਉਗਰੂ–ਡੱਲਾ.......................... 55
ਉਗਵੰਦਾ ਸੇਠ ...................... 101
ਊਦਾ .................................. 69
ਉਮਰਸ਼ਾਹ ਸੰਘਾ .................... 85
ਅਜਬ ਸੰਘਾ .......................... 85
ਅਜਾਇਬ ਸੰਘਾ ...................... 85
ਅਜਿਤਾ ਰੰਧਾਵਾ ..................... 39
ਅਨੰਤਾ................................ 127
ਅਮਰੂ ਡੱਲਾ .......................... 55
ਆਕਲ ਸੁਲਤਾਨਪੁਰੀ ............... 81
ਆਡਿਤ ਸੁਇਨੀ .................. 104
ਆਲਮ ਚੰਦ (ਲਾਹੌਰੀ)............ 88
ਆਲਮ ਚੰਦ ਹਾਂਡਾ............... 119
ਸਹਾਰੀ ਸੋਢੀ (ਤਾਇਆ)........ 106
ਸਹਾਰੂ ਡਲਾ.......................... 55
ਸਹਾਰੂ ਡਲਾ ਛੀਂਬਾ................ 55
ਸਕਤੂ ਮਹਿਤਾ .................... 117
ਸਦੂ ................................... 111
ਸਭਾਗਾ ਸੇਠ ....................... 111
ਸਮੁੰਦਾ ................................ 63
ਸਾਈਂ.................................. 104
ਸਾਈਂ ਦਾਸ........................... 72
ਸਾਈਂ ਦਾਸ ਜੜੀਆ ............. 123
ਸਾਈਂ ਦਿੱਤਾ ਝੰਝੀ................ 107
ਸਾਈਂ ਦਿੱਤਾ ਵਹੁਰਾ................ 81
ਸਾਧੂ ਮਹਿਤਾ (ਬੁੱਧੂ).............. 107
ਸਾਮੀ ਦਾਸ ਵਛੇਰੇ................ 114
ਸੀਹਾਂ .................................. 37
ਸੀਗਾਰੂ .............................. 121
ਸੂਜਾ ਧਾਵਣ .......................... 72
ਸੁੰਦਰ................................. 136
ਸੁੰਦਰ ਚੱਢਾ......................... 145
ਸੁੰਦਰ ਮਾਛੀ.......................... 74
ਸੂਰੀ ਚੌਧਰੀ.......................... 95
ਸੈਸਾਰੂ ................................. 59
ਸੈਸਾਰੂ ਤਲਵਾੜ.................... 119
ਸੈਦੋ ਜੱਟ ............................ 107
ਸੰਮਣੁ ਸਹਬਾਜਪੁਰੀ ................ 87
ਹਮਜ਼ਾ ਜੱਜਾ .......................... 95
ਹਰਿਦਾਸ .............................. 65
ਹਰਿਦਾਸ ਸੁਇਨੀ.................. 133
ਹਰਿਵੰਸ਼ ਤਪਾ...................... 118
ਹਾੜੀ ਕੋਹਲੀ ...................... 108
ਹਾੜੂ ਵਿੱਜ............................ 77
ਹੇਮਾ ਕਪਾਹੀ (ਸੁਲ:) ............. 81

ਹੇਮੂ ਸੁਇਨੀ........................ 104
ਕਟਾਰਾ ਸਰਾਫ..................... 103
ਕਟਾਰੂ ਮਲਕ ...................... 136
ਕਪੂਰ ਦੇਵ ............................ 86
ਕਲਿਆਣ ਸੂਦ..................... 108
ਕਲਿਆਣਾ.......................... 119
ਕਾਲਉ ਕੱਕਾ ....................... 100
ਕਾਲਾ............................... 100
ਕਾਲੂ ਕੋਹਲੀ ....................... 108
ਕਾਲੂ ਖੱਤ੍ਰੀ ............................ 34
ਕਿਸਨਾ ............................. 109
ਕਿਸਨਾ ਝਿੰਗਰਣ.................... 62
ਕਿਸਨਾ ਝੰਝੀ....................... 130
ਕਿਦਾਰਾ ............................... 67
ਕਿਦਾਰੀ ............................... 49
ਕੁੱਕੋ ਵਧਾਵਣ ...................... 127
ਕੁੱਲਾ ਝੰਝੀ............................ 64
ਕੰਦੂ ਸੰਘਰ ............................ 86
ਖਾਨੂ ................................... 52
ਖਾਨੂ ਛੁਰਾ ਡੱਲਾ...................... 55
ਖੇੜਾ ਸੋਇਨੀ......................... 25
ਗਜਣ ................................. 37
ਗੜੀਅਲ.......................... 118
ਗਾਡੂ ਵਿਜ ............................ 77
ਗੁਜਰ ਲੁਹਾਰ ........................ 46
ਗੁਪਾਲ ਸੇਠ ....................... 144
ਗੁਰਦਾਸ ......................... 115
ਗੁਰਦਿਤਾ ......................... 103
ਗੋਇੰਦ ਕੁੱਕ .......................... 93
ਗੋਇੰਦ ਘੇਈ (ਸੁਲ:) ............ 81
ਗੋਖੂ ਮਹਿਤਾ ........................ 66
ਗੋਪੀ ਡੱਲਾ........................... 54
ਗੋਪੀ ਭਾਰਦੁਆਜ.................... 79
ਗੋਪੀ ਮਹਿਤਾ ...................... 114
ਗੋਵਿੰਦ ਭੰਡਾਰੀ...................... 52
ਗੋਲਾ ਕੁੱਕ............................ 93
ਗੀਗਾ ਸਹਗਲ .................... 118
ਗੀਗੂ ਸਹਗਲ......................... 69
ਗੀਗੂ ਡਲਾ ........................... 54
ਚਤਰ ਦਾਸ ਕਪੂਰ .................. 77
ਚਾਉ ਸੁਲਤਾਨਪੁਰੀ ................. 81
ਚੂਹੜ.............................. 104
ਚੂਹੜ ਚਉਝੜ..................... 140
ਚੂਹੜ ਚੌਧਰੀ......................... 61
ਚੰਗਾ ................................. 78
ਚੰਡੀਆ............................... 65
ਚੰਦੂ ਚਉਝੜ......................... 72
ਛਜੂ ਭੱਲਾ (ਸੁਲਤਾਨ:) ........... 81
ਛੁਰਾ ਭਗਤ........................ 136
ਜਗਸੀ ............................. 114
ਜਗਨਾ ਸੁਹੜ ..................... 120
ਜਗਾ ਧਰਣੀ........................... 51
ਜਟਾ ਤਪਾ......................... 141
ਜਟੂ ਚੱਡਾ............................ 75
ਜਟੂ ਭੀਵਾ............................ 76
ਜਟੂ ਭੰਡਾਰੀ ...................... 104

ਜਟੂ ਵੇਤਾ ............................ 70
ਜਮਾਲ ਮੀਆਂ ........................ 126
ਜਲੋ ਮਸੰਦ ............................ 88
ਜਾਪਾ ਖੁੱਲਰ ............................ 60
ਜਾਪੂ ....................................... 71
ਜਾਪੂ ਵੰਸੀ ਖੱਤ੍ਰੀ ...................... 36
ਜਾਮੂ ਧੁੱਟਾ ............................ 93
ਜਿਤਾ ਰੰਧਾਵਾ ........................ 39
ਜੀਵਾ .................................... 45
ਜੀਵੰਦਾ ................................ 51
ਜੇਠਾ ............................ 59, 78
ਜੇਠਾ ਸੇਠੀ ............................ 102
ਜੈਤਾ .......................... 121, 122
ਜੈਤਾ ਸੇਠ ............................ 143
ਜੈਰਾਮ .................................. 30
ਜੋਧ ...................................... 45
ਜੋਧ ਸੰਗਰ ............................ 90
ਜੋਧ ਰਸੋਈਆ ........................ 53
ਜੋਧਾ ਧੁੱਟਾ ............................ 93
ਜੋਧਾ ਮਸੰਦ .......................... 88
ਝਾਝੂ .................................... 69
ਝੰਡਾ ਡੱਲਾ ............................ 55
ਟੋਡਾ ਭਟ ............................ 81
ਟੋਡਾ ਮਹਿਤਾ ........................ 66
ਡਲਾ .................................... 71
ਡਲੂ ਰਿਹਾਣ ...................... 136
ਡੁਗਰ ਦਾਸ ਤਕਿਆਰ ............ 59
ਢਿੱਲੀ ਮੰਡਲ ...................... 114
ਢੇਸੀ ਸੰਗਰ .......................... 90
ਤਖਤੂ ਧੀਰ .......................... 128
ਤਾਰੂ .................................. 58
ਤਾਰੂ ਡੱਲਾ .......................... 54
ਤਾਰੂ ਪੋਪਟ .......................... 23
ਤ੍ਰਿਲੋਕਾ ਸੁਹੜ ...................... 63
ਤਿਲੋਕਾ ਸੇਠ ...................... 103
ਤਿਲੋਕਾ ਪਾਰਕਾ .................. 123
ਤੀਰਥ ...................... 110, 114
ਤੀਰਥ ਉਪਲ ...................... 128
ਤੀਰਥਾ ................................ 59
ਤੀਰਥ ਸਭਰਵਾਲ .................. 57
ਤੀਰਥਾ ਚੱਢਾ ........................ 75
ਤੀਰਥਾ ਲਸ਼ਕਰੀ .................. 132
ਤੁਲਸਾ ਭੱਲਾ ........................ 54
ਤੁਲਸਾ ਵਹੁਰਾ ...................... 60
ਤੁਲਸਾ ਵਹੁਰਾ (ਸੁਲ:) .......... 81
ਤੁਲਸੀਆ ਬੀਰ ...................... 65
ਤੁਲਸੀਆ ਭਾਰਦੁਆਜ ............ 79
ਤੋਤਾ .................................. 66
ਤੋਤਾ ਮਹਿਤਾ ...................... 123
ਦਮੋਦਰ ਸੁਲਤਾਨਪੁਰੀ ............ 81
ਦਰਗਹ ਭੰਡਾਰੀ .................. 125
ਦਰਗਹ ਤੁੱਲੀ ...................... 128
ਦਾਸ ਵਧਾਵਣ .................... 136
ਦੀਪਾ ................................ 59
ਦੀਪਾ ਕਾਸਰਾ ...................... 84
ਦੀਪਾ ਡੱਲੇ ਵਾਲਾ ................ 54

ਦੀਪਾ ਦੇਉ ........ 50
ਦੁਰਗਾ ........ 51, 62
ਦੌਲਤ ਖਾਂ ਲੋਧੀ ........ 30
ਧਰਮ ਦਾਸ ਖੋਟੜਾ ........ 59
ਧਰਮਾ ........ 69
ਧਾਰੋ ਸੂਰਮਾ (ਸੁਲ:) ........ 81
ਧਿੰਗੜ ਤਖਾਣ ........ 131
ਧਿੰਙ ਨਾਈ ........ 46
ਧੀਰੋ ਉਜੈਨੀ ........ 137
ਨਈਆ ਖੁੱਲਰ ........ 60
ਨਗਉਰੀ ਡੱਲਾ ........ 45
ਨੱਥਾ ........ 114
ਨਰਾਇਣ ਦਾਸ ........ 50
ਨਵਲਾ ........ 142
ਨਾਊ ਸਹਗਲ ........ 69
ਨਾਊ ਸੇਖੜ ........ 76
ਨਾਨੂ ਕੋਹਲੀ ........ 108
ਨਾਨੋ ........ 119
ਨਾਨੋ ਓਹਰੀ ........ 95
ਨਿਹਾਲਾ ........ 142
ਨਿਹਾਲੂ ........ 104, 127
ਨਿਹਾਲੂ ਸੁਨਿਆਰਾ ........ 110
ਨਿਹਾਲੂ ਚਢਾ ........ 75, 117
ਨਿਹਾਲੂ ਪਰਬਤੀ ........ 100
ਨਿਹਾਲੂ ਬੀਰ ........ 65
ਨਿਹਾਲੂ ਭੱਲਾ (ਸੁਲ:) ........ 81
ਨਿਵਲਾ ........ 71, 127
ਨੰਦਾ ........ 122
ਨੰਦਾ ਸੁਹੜ ........ 120
ਨੰਦਾ ਵਿੱਠੜ ........ 114
ਨੰਦੂ ਸੂਦਨ ਡੱਲਾ ........ 54
ਪਦਾਰਥ ........ 58
ਪਰਸ ਰਾਮ ਵੈਦ ........ 131
ਪਰਤਾਪੂ ਸੂਰਮਾ ........ 113
ਪਾਰੋ ਜੁਲਕਾ (ਪਰਮਹੰਸ) ........ 47
ਪਿਆਰਾ ........ 65
ਪਿਰਾਗਾ ........ 122
ਪ੍ਰਿਥਾ ਸੋਇਨੀ ........ 25
ਪ੍ਰਿਥੀ ਮਲ ਸਹਗਲ ........ 29
ਪ੍ਰਿਥੀ ਮਲ ਜਰਾਂਦੀ ........ 136
ਪ੍ਰਿਥੀ ਮਲ ਭੱਲਾ ........ 54
ਪੀਰਾਣਾ ........ 93
ਪੁਨੂੰ ........ 93
ਪੁਰੀਆ ਚੌਧਰੀ ........ 61
ਪੂਰੋ ........ 57
ਪੂਰੋ ਡੱਲਾ ........ 54
ਪੈੜਾ ........ 62
ਪੈੜਾ ਕੋਹਲੀ ........ 124
ਪੈੜਾ ਚੰਡਾਲੀਆ ........ 102
ਪੈੜਾ ਛਜਲ ........ 86
ਪੰਮੂ ਪੁਰੀ ........ 130
ਫਿਰਣਾ ਸੂਦ ........ 70
ਫਿਰਣਾ ਖਹਿਰਾ ........ 45
ਫਿਰਣਾ ਬਹਿਲ ........ 78
ਬਦਲੀ ਸੋਢੀ ........ 144
ਬਨਵਾਲੀ ਵੈਦ ........ 131

ਬਾਲਾ.................................... 72
ਬਾਲਾ ਝਿੰਗਰਣ ...................... 62
ਬਾਲਾ ਮਰਵਾਹਾ...................... 95
ਬਾਲੂ ਵਿੱਜ ............................ 65
ਬਿਸਨੂ ਬੀਬੜਾ ...................... 74
ਬਿਧੀ ਚੰਦ ............................ 59
ਬੁਧੂ ਕੁਮ੍ਹਿਆਰ ...................... 107
ਬੁਧੂ ਛੀਂਬਾ (ਸੁਲ:)................. 81
ਬੂਲਾ.......................50, 59, 65
ਬੂਲਾ ਪਾਂਧਾ ਡੱਲਾ ................... 54
ਬੂੜਾ ਬੁੱਢਾ ........................... 44
ਬੋਦਲਾ ਮਲਕ...................... 136
ਬੰਮੀ ਸੁਲਤਾਨ ਪੁਰੀ................ 81
ਭਗਤਾ ਓਹਰੀ....................... 36
ਭਗੀਰਥ ............................... 71
ਭਗੀਰਥ ਸੁਇਨੀ.................... 64
ਭਗੀਰਥ ਚੌਧਰੀ ਮੈਲਸੀਹਾਂ ....... 38
ਭਗਵਾਨ ਦਾਸ ..................... 136
ਭਗਵਾਨਾ ........................... 103
ਭਟੂ ਤਿਵਾੜੀ......................... 70
ਭਟੂ ਵੇਤਾ ............................ 70
ਭਾਊ ਮੋਕਲ ........................ 114
ਭਾਗੂ ਡੱਲਾ ........................... 54
ਭਾਨਾ ਸਨਮੁਖ...................... 140
ਭਾਨਾ ਸੁਹੜ......................... 120
ਭਾਨਾ ਮੱਲਣ ....................... 111
ਭਾਨੂ ਚੱਢਾ............................ 75
ਭਾਨੂ ਬਹਿਲ ....................... 144
ਭਾਨੂ ਭਗਤ ........................ 109
ਭਾਰੂ ................................... 58
ਭਿੱਖਾ ਭੱਟ (ਸੁਲ:)................ 81
ਭਿਖਾਰੀ ਭਾਬੜਾ .................. 137
ਭੀਅੜਾ................................ 79
ਭੀਵਾ (ਸਰਹਿੰਦੀ) ................ 112
ਭੁੱਲਾ ਝੰਝੀ............................ 64
ਭੁੱਲੂ ਸੇਖੜ ............................ 76
ਭੋਲੂ ਤਿਵਾੜੀ ........................ 70
ਮਈਆ ਖੁੱਲਰ ....................... 60
ਮਹਾਂ ਨੰਦ ............................ 59
ਮਹਿਤਾ ਸਕਤੂ .................... 117
ਮਹਿਤਾ ਡੱਲਾ ....................... 55
ਮਥਰਾ ਦਾਸ........................ 118
ਮਦੂ..................................... 66
ਮਦੂ ਤਿਖਾਣ ....................... 131
ਮਨਸਾ ਧਾਰ ....................... 128
ਮਰਦਾਨਾ ............................. 26
ਮਲਣ ਡੱਲੇ ਵਾਲਾ.................. 54
ਮਲੀਆ ਡੱਲਾ ਛੀਂਬਾ............... 55
ਮਲੂ ਸ਼ਾਹੀ ............................ 38
ਮਾਹੀਆ............................... 52
ਮਾਈਆ ਲੰਬ...................... 139
ਮਾਂਗਾ ................................. 33
ਮਾਣਕ ਚੰਦ ......................... 57
ਮਾਧੋ ਸੋਢੀ ......................... 112
ਮਾਲੋ.................................. 33
ਮੁਕੰਦਾ .........................67, 110

ਮੁਰਾਰੀ ਅਣਦ .................... 118
ਮੁਰਾਰੀ ਧੌਣ .................... 103
ਮੂਲਾ ਸੁਲਤਾਨਪੁਰੀ .................... 81
ਮੂਲਾ ਕਪੂਰ .................... 70
ਮੂਲਾ ਕੀੜ .................... 24
ਮੂਲਾ ਧਾਵਣ .................... 72
ਮੂਲਾ ਬੇਰੀਂ .................... 110
ਮੂਲਾ ਮਹਾਂਪੁਰਖ .................... 76
ਮੇਹਰਾ .................... 100
ਮੋਹਣ (ਲਾਹੌਰ ਦਾ) .................... 88
ਮੋਹਣਕੁੱਕ .................... 88
ਮੋਹਣ (ਢਾਕੇ ਵਾਲਾ) .................... 146
ਮੰਗੀਣਾ ਸੇਠ .................... 112
ਮੰਢ .................... 93
ਰਾਮਦਾਸ .................... 111
ਰਾਮਦਾਸ ਭੰਡਾਰੀ .................... 72
ਰਾਮਾ .................... 69
ਰਾਮਾ ਝੰਝੀ .................... 104
ਰਾਮਾ ਡਿੱਡੀ .................... 29
ਰਾਮੂ ਕੋਹਲੀ (ਸੁਲ:) .................... 81
ਰਾਮੂ ਡੱਲੇ ਵਾਲਾ .................... 54, 55
ਰੂਪ ਚੰਦ (ਸਰਹੰਦੀ) .................... 112
ਰੇਖ ਰਾਉ .................... 111
ਲਖੂ ਪਟੋਲ੍ਹੀਆ .................... 107
ਲਟਕਣ ਘੂਰਾ .................... 103
ਲਟਕਣ ਬਿੰਦਰਾਉ .................... 119
ਲਧਾ ਪਰਉਪਕਾਰੀ .................... 107
ਲਾਲਾ ਸੇਠੀ .................... 104
ਲਾਲਾ ਢਿਲੋਂ ਚੌਧਰੀ ਪੱਟੀ .................... 84
ਲਾਲੂ ਬੁਧਵਾਰ .................... 91
ਲਾਲੂ ਵਿੱਜ .................... 65
ਲੰਗਾਹ ਢਿਲੋਂ ਚੌ: ਪੱਟੀ .................... 84
ਵਿਸ਼ਨ ਦਾਸ .................... 57
ਵੇਸਾ ਭਾਰਦੁਆਜ .................... 79
ਵੇਗਾ ਪਾਸੀ ਡੱਲਾ .................... 55


www.sikhbookclub.com